# ਵਰਿਆਮ

੩੫ਵਾਂ ਸਾਲ

ਅਪ੍ਰੈਲ ੨੦੧੦



ਵੈਸਾਖੁ ਭਲਾ ਸਾਖਾ ਵੇਸ ਕਰੇ ॥

Namdhari Elibrary NamdhariElibrary@gmail.com



ਸੰਤ ਗੁਰਦੇਵ ਸਿੰਘ ਮਾਂਗਟ ਨਮਿਤ ਸ੍ਰੀ ਭੈਣੀ ਸਾਹਿਬ ਵਿਚ ਮੇਲੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਤ ਗੁਰਦੇਵ ਸਿੰਘ ਬਾਰੇ ਪੁਸਤਕ ਭੇਟ ਕਰਦੇ ਹੋਏ ਲੇਖਕ ਸ. ਸੰਤ ਸਿੰਘ, ਸੰਤ ਰਣਜੀਤ ਸਿੰਘ ਬਾਜਵਾ ਕਨੇਡਾ ਅਤੇ ਸੰਤ ਰਛਪਾਲ ਆਦਿ।

ਥਲੇ ਹਜ਼ੂਰੀ ਰਾਗੀ ਕੀਰਤਨ ਕਰਦੇ ਹੋਏ।




NamdhariElibrary@gmail.com

# ਵਰਿਆਮ

ਅਪ੍ਰੈਲ-੨੦੧੦
ਜਿਲਦ-੩੫
ਅੰਕ- ੬



ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |



## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।


## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ —*ਜਗਦੀਸ਼ ਸਿੰਘ ਵਰਿਆਮ* .................. ੨
ਮਾਂ ਬੋਲੀ—*ਸਾਧੂ ਸਿੰਘ ਕਿਸਾਨ* ...................... ੪
ਸੂਬਾ ਰਾਜਾ ਸਿੰਘ ਤਰਾਂਬੀ
—*ਸੁਵਰਨ ਸਿੰਘ ਵਿਰਕ* .................. ੫
ਸੁਤੰਤਰਤਾ ਪ੍ਰਾਪਤੀ ਪਿਛੋਂ ਨਾਮਧਾਰੀ ਸਿੱਖਾਂ ਦੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਦੇਣ
—*ਤਾਰਾ ਸਿੰਘ ਅਨਜਾਣ* ..................੧੩
ਬੇਅੰਤ ਸਤਿਗੁਰੂ —*ਸੰਤ ਸਿੰਘ* ........................੧੯
ਦੋ ਗੀਤ —*ਨਿਰਵੈਰ ਸਿੰਘ ਅਰਸ਼ੀ* ..................੨੪
ਗ਼ਜ਼ਲ —*ਨਿਰਮਲ ਸਿੰਘ ਭੰਡਾਲ* ......................੨੫
ਗ਼ਜ਼ਲ —*ਕਸ਼ਮੀਰ ਨੀਰ* ..............................੨੫
ਗ਼ਜ਼ਲ —*ਸਿਰੀ ਰਾਮ ਅਰਸ਼* ..........................੨੫
ਗ਼ਜ਼ਲ —*ਮਹਿਮਾ ਸਿੰਘ ਤੂਰ* .........................੨੫
"ਕੁਝ ਚੁਮਿਸਰੇ ਬੈਂਤ ਦੇ" —*ਡੀ. ਆਰ. ਧਵਨ* .....੨੬
ਉੱਚ ਸ਼ਖਸੀਅਤ ਦੇ ਮਾਲਕ—ਮਾਸਟਰ ਨਿਹਾਲ ਸਿੰਘ
—*ਸੁਲੱਖਣ ਸਿੰਘ ਭਿੰਡਰ* ..............੨੮
ਕੂਕਾ ਲਹਿਰ ਦਾ ਪੰਜਾਬੀ ਸਾਹਿਤ
—*ਪਿਆਰਾ ਸਿੰਘ ਭੋਗਲ* ...............੩੦
ਸੰਤ, ਸੰਤੋਖ ਸਿੰਘ ਬਾਹੋਵਾਲ ਬਾਰੇ ਨਵੀਂ ਖੋਜ
—*ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)* ............੩੧
ਨਾਂਅ ਛੋਟਾ ਕੰਮ ਵੱਡੇ : ਸੀ. ਆਰ. ਮੁਦਗਿਲ
—*ਸਾਧੂ ਸਿੰਘ ਕਿਸਾਨ* ....................੩੬
ਆਧੁਨਿਕ ਯੁੱਗ ਦੀ ਦੇਣ
—*ਮਹਿੰਦਰ ਸਿੰਘ ਮਠਾੜੂ (ਚਿਤਾਰ)* .......੩੮
੧੨ਵੇਂ ਵਿਸ਼ਵ ਕੱਪ ਹਾਕੀ ਦਾ ਮੇਜ਼ਬਾਨ ਭਾਰਤ
ਤਮਗਾ ਵਿਹੂਣਾ —*ਕੁਲਦੀਪ ਸਿੰਘ ਪੱਟੀ* ............੪੦
ਖਬਰਨਾਮਾ ........................................੪੨
ਪ੍ਰਤੀਕਿਰਿਆ .......................................੪੭





Namdhari Elibrary NamdhariElibrary@gmail.com

# ਸ਼ਹੀਦਾਂ ਦਾ ਸਨਮਾਨ

ਸ੍ਰੀ ਭੈਣੀ ਸਾਹਿਬ ਵਿਚ ਇਸ ਹੋਲੇ ਮਹੱਲੇ ਦੇ ਅਵਸਰ ਤੇ ਨਾਮਧਾਰੀ ਦਰਬਾਰ ਦੀ ਜਨਰਲ ਮੀਟਿੰਗ ੨ ਮਾਰਚ ੨੦੧੦ ਨੂੰ ਹੋਈ। ਇਸ ਵਿਚ ਹੋਰ ਵਿਚਾਰਾਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਮੱਤਿਆਂ ਦੇ ਰੂਪ ਵਿਚ ਤਿੰਨ ਗੱਲਾਂ ਕਹੀਆਂ ਗਈਆਂ। ਇਕ ਤਾਂ ਧਾਰਮਕ ਮੱਤਾ ਸੀ ਜਿਸ ਵਿਚ ਸਵਾ ਲੱਖ ਚੰਡੀ ਦੀ ਵਾਰ ਦੇ ਪਾਠਾਂ ਦੇ ਆਯੋਜਨ ਅਤੇ ਸਫਲਤਾ ਲਈ ਪਰਬੰਧਕਾਂ, ਆਯੋਜਕਾਂ ਅਤੇ ਕਾਰਜ ਕਰਤਿਆਂ ਦੀ ਭਾਰੀ ਪਰਸੰਸਾ ਕਰਦਿਆਂ ਵਧਾਈ ਦਿੱਤੀ ਗਈ। ਦੂਸਰੇ ਮੱਤੇ ਵਿਚ ਹੁੱਡਾ ਸਰਕਾਰ ਵੱਲੋਂ ਹਰਿਆਣੇ ਵਿਚ ਪੰਜਾਬੀ ਭਾਸ਼ਾ ਨੂੰ ਦੂਜਾ ਸਥਾਨ ਦੇਣ ਲਈ ਪਰਸੰਸਾ ਅਤੇ ਵਧਾਈ ਭੇਜੀ ਗਈ। ਤੀਸਰਾ ਅਹਿਮ ਮਤਾ ਸੀ ਜਿਸ ਵਿਚ ਇਸ ਗੱਲ ਦੀ ਫਿਕਰਮੰਦੀ ਪਰਗਟਾਈ ਗਈ ਕਿ ਨਾਮਧਾਰੀ ਅੰਦੋਲਨ ਨੂੰ ਅਜੇ ਵੀ ਕਈ ਲੀਡਰ ਲੋਕ ਮਾਨਤਾ ਨਹੀਂ ਦਿੰਦੇ ਭਾਵੇਂ ਇਸ ਸਬੰਧੀ ਸੂਬਾਈ ਅਤੇ ਕੇਂਦਰੀ ਸਰਕਾਰੀ ਪੱਧਰ ਤੇ ਸਮਾਗਮ ਵੀ ਹੋਏ ਹਨ ਅਤੇ ਲੋੜੀਂਦਾ ਸਾਹਿਤ ਵੀ ਛੱਪਿਆ ਹੈ। ਗੋਸ਼ਟੀਆਂ ਸਮਾਗਮਾਂ ਦਾ ਇਕ ਸਿਲਸਲਾ ਵੀ ਚਲਿਆ, ਅਸੰਬਲੀਆਂ ਪਾਰਲੀਮੈਂਟ ਵਿਚ ਸਤਿਗੁਰੂ ਰਾਮ ਸਿੰਘ ਜੀ ਦੀਆਂ ਤਸਵੀਰਾਂ ਵੀ ਲੱਗੀਆਂ ਜਿਥੇ ਪ੍ਰਧਾਨ ਮੰਤਰੀ ਸਪੀਕਰ, ਉਪ ਰਾਸ਼ਟਰਪਤੀ ਜਿਹੇ ਲੀਡਰ ਵੀ ਆਏ। ਸੁਣ ਕੇ ਬਹੁਤ ਦੁੱਖ ਵੀ ਹੋਇਆ ਪਰ ਮਹਿਸੂਸ ਹੋਇਆ ਕਿ ਨਾਮਧਾਰੀ ਦਰਬਾਰ ਅਤੇ ਸੰਗਤ ਨੂੰ ਅਜੇ ਹੋਰ ਉਦਮ ਕਰਨਾ ਹੀ ਕਰਨਾ ਹੈ।

ਇਸ ਸਬੰਧ ਵਿਚ ਭਾਰਤ ਦੀ ਰਾਜ ਸਭਾ ਵਿਚ ਇਕ ਹੈਰਾਨੀਜਨਕ ਗੱਲ ਹੋਈ ਹੈ ਜੋ ਫਿਕਰਮੰਦੀ ਵਾਲੀ ਹੈ। ੧੦ ਮਾਰਚ ਨੂੰ ਰਾਜ ਸਭਾ ਵਿਚ ਮੈਂਬਰ ਸ. ਤਰਲੋਚਨ ਸਿੰਘ ਨੇ ਹੋਮ ਮਨਿਸਟਰ ਪੀ. ਚਿਦੰਬਰਮ ਸਾਹਿਬ ਨੂੰ ਇਕ ਵਿਸ਼ੇਸ਼ ਸਵਾਲ ਪੁਛਿਆ ਕਿ ਇਥੇ ਭਾਰਤ ਵਿਚ ਇਕ ਕੂਕਾ ਨਾਮਧਾਰੀ ਅੰਦੋਲਨ ਹੋਇਆ ਸੀ। ਇਹ ਇਕੋ ਇਕ ਐਸੀ ਘਟਨਾ ਸੀ ਜਦੋਂ ਲੋਕਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ ਅਤੇ ਭਾਰਤ ਦੀ ਸਰਕਾਰ ਨੇ ਉਹਨਾਂ ਨੂੰ ਆਜ਼ਾਦੀ ਸੰਗਰਮੀਆਂ ਵਜੋਂ ਮਾਨਤਾ ਨਹੀਂ ਸੀ ਦਿੱਤੀ। ਮੈਂ ਆਨਰੇਬਲ ਗ੍ਰਹਿ ਮੰਤਰੀ ਜੀ ਪਾਸੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਮੂਵਮੈਂਟ ਹੁਣ ਅਜ਼ਾਦੀ ਘੁਲਾਟੀਆਂ ਵਜੋਂ ਮੰਨ ਲਈ ਗਈ ਹੈ? ..... ਸ੍ਰੀ ਚਿੰਦਬਰਮ ਦਾ ਉਤਰ ਸੀ... ਇਹ ਕਿਹੜਾ ਅੰਦੋਲਨ ਹੈ ? ਇਸ ਤੇ ਸਾਰੇ ਮੈਂਬਰ ਖੜੇ ਹੋ ਗਏ ਕਿ ਤੁਹਾਨੂੰ ਕੂਕਾ ਮੂਵਮੈਂਟ ਦਾ ਪਤਾ ਨਹੀਂ ? .... ਚਿੰਦਬਰਮ ਸਾਹਿਬ ਨੇ ਚੇਅਰਮੈਨ ਸਾਹਿਬ ਅਗੇ ਮੰਨਿਆ ਕਿ ਮੇਰੇ ਕੋਲ ਸੂਚਨਾ ਨਹੀਂ ਹੈ ਜੋ ਮੈਂਬਰ (ਸ. ਤਰਲੋਚਨ ਸਿੰਘ) ਸਾਹਿਬ ਕਹਿ ਰਹੇ ਹਨ ਪਰ ਮੈਂ ਨਿਸਚਿਤ ਤੌਰ ਤੇ ਪਤਾ ਕਰ ਲਾਂਗਾ। ਇਸ ਗੱਲ ਤੇ ਫਿਰ ਰੌਲਾ ਪਿਆ ਕਿ ਤੁਹਾਨੂੰ ਕੂਕਾ ਅੰਦੋਲਨ ਦਾ ਪਤਾ ਹੀ ਨਹੀਂ... ?

੨੩ ਮਾਰਚ ਨੂੰ ਸ. ਭਗਤ ਸਿੰਘ, ਰਾਜ ਗੁਰੂ, ਸੁਖਦੇਵ ਦਾ ਸ਼ਹੀਦੀ ਦਿਵਸ ਹੁੰਦਾ ਹੈ। ਜਿਸ ਵੀ ਸ਼ਹੀਦ ਦਾ ਦਿਨ ਹੁੰਦਾ ਹੈ ਉਸ ਦੇ ਬੁੱਤ ਜਾਂ ਤਸਵੀਰ ਉਤੇ ਫੁਲਾਂ ਦੇ ਹਾਰ ਅਰਪਿਤ ਕਰ ਕੇ ਨਮਸਕਾਰ ਕੀਤੀ ਜਾਂਦੀ ਹੈ ਜਿਵੇਂ ੩੦ ਜਨਵਰੀ ਨੂੰ ਮਹਾਤਮਾ ਗਾਂਧੀ ਜੀ ਦੇ ਬੁੱਤਾਂ ਉਤੇ ਵੱਡੇ ਵੱਡੇ ਹਾਰ ਅਰਪਿਤ ਕੀਤੇ ਜਾਂਦੇ ਹਨ। ਇਹ ਇਕ ਦਸਤੂਰ ਹੈ। ਪਰ ਇਸ ਵਾਰ ਪਾਰਲੀਮੈਂਟ ਵਿਚ ਸ. ਭਗਤ ਸਿੰਘ ਦੇ ਬੁੱਤ ਤੇ ਸਿਵਾਏ ਖੇਡ ਮੰਤਰੀ ਸ. ਮਨੋਹਰ ਸਿੰਘ ਗਿੱਲ ਦੇ ਹੋਰ ਕਈ ਵੀ ਹਾਰ ਪਾਉਣ ਨਹੀਂ ਗਿਆ। ਪ੍ਰਧਾਨ ਮੰਤਰੀ ਸਮੇਤ ਸਾਰੇ ਲੀਡਰ ਸੈਂਟਰਲ ਹਾਲ ਵਿਚ ਡਾ ਲੋਹੀਆ ਨੂੰ ਯਾਦ ਕਰ ਕੇ ਆ ਗਏ।

ਜਿਹੜਾ ਦੇਸ਼ ਸ਼ਹੀਦਾਂ ਨੂੰ ਵਿਸਾਰ ਦੇਵੇ ਉਸ ਦਾ ਹਾਲ ਬਹੁਤ ਮਾੜਾ ਹੋ ਜਾਂਦਾ ਹੈ। ਅਤੇ ਇਹ ਹੀ ਭਾਰਤ ਵਿਚ ਹੋ ਰਿਹਾ ਹੈ। ਵਿਸ਼ੇਸ਼ ਕਰ ਕੇ ਲੀਡਰਾਂ ਨੂੰ ਇਸ ਅਣਗਹਿਲੀ ਬਾਰੇ ਸੋਚਨਾ ਚਾਹੀਦਾ ਹੈ।

# ਸੰਸਾਰ ਹਾਕੀ ਕੱਪ ਤੇ ਕ੍ਰਿਕਟ ਆਈ. ਪੀ. ਐਲ.

ਭਾਰਤ ਵਿਚ ਇਸ ਵਾਰ ਸੰਸਾਰ ਹਾਕੀ ਕੱਪ ਦਾ ਆਯੋਜਨ ਹੋਇਆ ਹੈ ਜਿਸਦਾ ਸਿੱਧਾ ਪਰਸਾਰਨ ਟੈਲੀਵੀਜਨ ਤੇ ਹੋਇਆ ਹੈ। ਭਾਰਤ ਵਾਲੇ ਮੈਚ ਹੀ ਦੂਰਦਰਸ਼ਨ ਤੇ ਆਏ ਹਨ ਜਾਂ ਫੇਰ ਸੈਮੀਫਾਈਨਲ ਅਤੇ ਫਾਈਨਲ ਮੈਚ...। ਖੈਰ ਇਹ ਤਾਂ ਮਸਲਾ ਵੱਡਾ ਹੈ ਤੇ ਵਿਸਥਾਰ ਦੀ ਮੰਗ ਕਰਦਾ ਹੈ ਪਰ ਭਾਰਤੀ ਖਿਡਾਰੀਆਂ ਨਾਲ ਇਨਸਾਫ ਕਰਦੇ ਹੋਏ ਅਸੀਂ ਕਹਿਣਾ



Namdhari Elibrary NamdhariElibrary@gmail.com

ਚਾਹੁੰਦੇ ਹਾਂ ਕਿ ਭਾਰਤ ਦੀ ਖੇਡ ਨੂੰ ਮਾੜੀ ਨਹੀਂ ਕਿਹਾ ਜਾ ਸਕਦਾ ਭਾਵੇਂ ਇਹ ੧੨ ਟੀਮਾਂ ਚੋ ਅਠਵੇਂ ਅਸਥਾਨ ਤੇ ਆਏ ਹਨ। ਸਵਾਏ ਗੋਲ ਕਰਨ ਦੇ ਬਾਕੀ ਖੇਡ ਵਿਚ ਭਾਰਤੀ ਟੀਮ ਪਿਛੇ ਨਹੀਂ ਸੀ। ਇਸ ਕਮੀ ਨੂੰ ਦੂਰ ਕਰਨ ਲਈ ਖੇਡ ਲੀਡਰਾਂ ਨੂੰ ਸੋਚਨਾ ਹੋਵੇਗਾ। ਅੱਜ ਕਲ ਐਸਟਰੋਟਰਫਾਂ ਦੀ ਖੇਡ ਅਤੇ ਕੰਪਿਊਟਰੀ ਜੰਤਰਾਂ ਨਾਲ ਖੇਡ ਦੀ ਸਟੱਡੀ ਦਾ ਜ਼ਮਾਨਾ ਹੈ ਜਿਸ ਨਾਲ ਖੇਡ ਦੀਆਂ ਬਾਰੀਕੀਆਂ ਘੋਖੀਆਂ ਜਾਂਦੀਆਂ ਹਨ। ਹੁਣ ਪੁਰਾਣੇ ਜ਼ਮਾਨੇ ਗਏ ਜਦੋਂ ਮਿਟੀ ਘਾਹ ਵਾਲੇ ਮੈਦਾਨਾਂ ਵਿਚ ਭਾਰਤੀ-ਪਾਕਿਸਤਾਨੀ ਡਰਿਬਲਿੰਗ ਦੇ ਜ਼ੋਰ ਨਾਲ ਹੀ ਅੱਗੇ ਆ ਜਾਂਦੇ ਸਨ। ਜ਼ਮਾਨੇ ਬਦਲ ਗਏ, ਤਕਨੀਕਾਂ ਬਦਲ ਗਈਆਂ ਅਤੇ ਨਾਲ ਹੀ ਤਕਦੀਰਾਂ। ਇਸ ਹਾਕੀ ਕੱਪ ਵਿਚ ਫਿਕਰਮੰਦੀ ਵਾਲੀ ਗੱਲ ਇਹ ਹੈ ਕਿ ਸਮੁਚੇ ਏਸ਼ੀਆ ਦੇ ਮੁਲਕ ਹੀ ਫਾਡੀ ਰਹਿ ਗਏ ਹਨ। ਏਸ਼ੀਆਈ ਮੁਲਕਾਂ ਨੂੰ ਮਿਲ ਬੈਠ ਕੇ ਵੀਚਾਰ ਕਰਨੀ ਪਵੇਗੀ।

ਅੱਜ ਕੱਲ ਕ੍ਰਿਕਟ ਆਈ.ਪੀ. ਐਲ. ਮੁਕਬਾਲੇ ਚਲੇ ਰਹੇ ਹਨ। ਇਹ ਸੁਧੇ ਵਪਾਰਕ ਮੁਕਾਬਲੇ ਹਨ। ਖਿਡਾਰੀਆਂ ਦੀਆਂ ਲੱਖਾਂ ਦੀਆਂ ਬੋਲੀਆਂ ਲਗੀਆਂ ਹਨ। ਕੋਈ ਕਿਸੇ ਮੁਲਕ ਦਾ ਕੋਈ ਕਿਸੇ ਪ੍ਰਾਂਤ ਦਾ ਹੋਰ ਹੋਰ ਟੀਮਾਂ ਨੇ ਖਰੀਦ ਕੇ ਆਪਣੇ ਵੱਲ ਕੀਤੇ ਹੋਏ ਹਨ। ਲੰਮੇ ਸਮੇਂ ਤੱਕ ਲੋਕ ਮੈਚ ਵੇਖ ਵੇਖ ਕੇ ਫਾਵੇ ਹੋ ਰਹੇ ਹਨ। ਭਾਰੀ ਭੀੜਾਂ ਅਤੇ ਭਾਰੀ ਟੀ.ਵੀ. ਇਸ਼ਤਿਹਾਰ ਮਦਦ ਤੇ ਹਨ। ਕੋਈ ਜਿੱਤੇ ਕੋਈ ਹਾਰੇ ਸਭ ਦਾ ਘਰ ਪੂਰਾ। ਸਾਰੀ ਦੁਨੀਆਂ ਚੋਂ ਸਭ ਤੋਂ ਵੱਧ ਅਮੀਰ ਭਾਰਤ ਦਾ ਕ੍ਰਿਕਿਟ ਬੋਰਡ ਹੈ। ਕ੍ਰਿਕਟ ਬੇ-ਹਿਸਾਬ ਮੁਨਾਫੇ  ਦਾ ਖੇਲ ਹੈ। ਬਹੁਤ ਸਮਾਂ ਤੇ ਧਨ ਲਗਾ ਹੈ। ਕ੍ਰਿਕਿਟ ਨੇ ਬਾਕੀ ਸਭ ਖੇਡਾਂ ਤੇ ਅਥਲੈਟਿਕਸ, ਨੂੰ ਦੱਬ ਛੱਡਿਆ ਹੈ। ਫੇਰ ਕਿਹਾ ਜਾਂਦਾ ਹੈ ਭਾਰਤ ਨੂੰ ਸੰਸਾਰ ਮੁਕਾਬਲਿਆਂ ਵਿਚ ਸੋਨ ਤਮਗੇ ਨਹੀਂ ਮਿਲਦੇ।

# ਡਾ. ਸੁਰਜੀਤ ਪਾਤਰ ਨੂੰ ਸਰਸਵਤੀ ਸਨਮਾਨ

ਡਾ. ਸੁਰਜੀਤ ਪਾਤਰ ਨੂੰ ਇਸਵਾਰ (ਸਾਲ ੨੦੦੯ ਲਈ) ਬਹੁਤ ਉੱਚੇ ਸਨਮਾਨ ਸਰਸਵਤੀ ਸਨਮਾਨ ਲਈ ਚੁਣਿਆ ਗਿਆ ਹੈ। ਇਹ ਸਨਮਾਨ ਭਾਰਤ ਦਾ ਬਹੁਤ ਵੱਕਾਰੀ ਸਨਮਾਨ ਹੈ। ਸਾਲ ੧੯੯੧ ਤੋਂ ਸ਼ੁਰੂ ਹੋਇਆ ਇਹ ਉਚਤਮ ਸਨਮਾਨ ਸਾਰੇ ਭਾਰਤ ਚੋਂ ਇਕ ਭਾਸ਼ਾ ਦੇ ਇਕ ਵਿਦਵਾਨ ਨੂੰ ਹੀ ਦਿੱਤਾ ਜਾਂਦਾ ਹੈ। ਇਸ ਵਿਚ ਪੰਜ ਲੱਖ ਰੁਪਏ ਦਾ ਨਕਦ ਇਨਾਮ ਅਤੇ ਹੋਰ ਪਰਸੰਸਾ ਅਤੇ ਸਨਮਾਨ ਮਈ ਸੌਗਾਤਾਂ ਸ਼ਾਮਲ ਹੁੰਦੀਆਂ ਹਨ। ਸਾਰੇ ਭਾਰਤ ਵਿਚ ਵਿਦਵਾਨਾਂ ਨੂੰ ਪੱਤਰ ਅਤੇ ਫਾਰਮ ਭੇਜ ਕੇ ਉਹਨਾਂ ਦੀ ਰਾਏ ਲਈ ਜਾਂਦੀ ਹੈ ਜਿਸ ਦੇ ਆਧਾਰ ਤੇ ਸਨਮਾਨ ਦਾ ਫੈਸਲਾ ਹੁੰਦਾ ਹੈ। ਹੁਣ ਤਕ ਭਾਰਤੀ ਸਾਹਿਤ ਦੇ ਅਠਾਰਾਂ ਸਾਹਿਤਕਾਰਾਂ ਨੂੰ ਇਹ ਸਨਮਾਨ ਪ੍ਰਾਪਤ ਹੋਇਆ ਹੈ। ਇਹ ਅਠਾਰਾਂ ਹੀ ਸਿਖਰ ਦੇ ਸਾਹਿਤਕਾਰ ਹਨ। ਇਹਨਾਂ ਵਿਚ ਹਰਿਵੰਸ਼ ਰਾਏ ਬਚਨ, ਵਿਜੇ ਤੇਂਦੂਲਕਰ ਜਿਹੀਆਂ ਸ਼ਖਸੀਅਤਾਂ ਸ਼ਾਮਲ ਹਨ। ਪੰਜਾਬੀ ਵਿਚ ਹੁਣ ਤੱਕ ਕੇਵਲ ਤਿੰਨ ਸਾਹਿਤਕਾਰ ਹੀ ਹਨ ਜਿਨ੍ਹਾਂ ਨੂੰ ਇਸ ਸਨਮਾਨ ਨਾਲ ਨਿਵਾਜਿਆ ਗਿਆ ਹੈ। ਇਹ ਹਨ ਸਵਰਗੀ ਡਾਕਟਰ ਹਰਿਭਜਨ ਸਿੰਘ ਜੀ, ਡਾਕਟਰ ਦਲੀਪ ਕੌਰ ਟਿਵਾਣਾ ਜੀ ਅਤੇ ਹੁਣ ਡਾ. ਸੁਰਜੀਤ ਪਾਤਰ ਜੀ। ਇਸ ਸਨਮਾਨ ਦਾ ਪ੍ਰਬੰਧ ਕੇ.ਕੇ. ਬਿਰਲਾ ਫਾਊਂਡੇਸ਼ਨ ਕਰਦੀ ਹੈ ਜੋ ਬਹੁਤ ਉਚੇ ਪੱਧਰ ਦੀ ਸੰਸਥਾ ਹੈ। ਡਾ. ਸੁਰਜੀਤ ਪਾਤਰ ਛੋਟੇ ਕੱਦ ਦੇ ਵਡੀਆਂ ਪ੍ਰਾਪਤੀਆਂ ਵਾਲੀ ਬਹੁਤ ਮਿਲਣਸਾਰ, ਮਿਠਬੋਲੜੀ ਅਤੇ ਪ੍ਰੇਮੀ ਸ਼ਖਸੀਅਤ ਹਨ। ਉਹਨਾਂ ਨੂੰ ਮਿਲੇ ਸਾਹਿਤਕ ਮਾਨ ਸਨਮਾਨਾਂ ਦੀ ਇਕ ਬਹੁਤ ਵੱਡੀ ਸੂਚੀ ਹੈ ਪਰ ਸਭ ਤੋਂ ਵਡਾ ਸਨਮਾਨ ਲੋਕਾਂ ਵੱਲੋਂ ਮਿਲਿਆ ਪਿਆਰ ਹੈ। ਉਹਨਾਂ ਦੀ ਹਰਮਨਪਿਆਰਤਾ ਦਾ ਕੁਝ ਕੁ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ ਹਰ ਲਿਖਣ ਜਾਂ ਬੋਲਣ ਵਾਲਾ ਭਾਵੇਂ ਉਹ ਕਿਸੇ ਵੀ ਧਿਰ ਨਾਲ ਸਬੰਧ ਰੱਖਦਾ ਹੋਵੇ ਪਾਤਰ ਦੇ ਸ਼ਿਅਰਾਂ ਦੀਆਂ ਟੂਕਾਂ ਜ਼ਰੂਰ ਦੇਣ ਦਾ ਜਤਨ ਕਰਦਾ ਹੈ। ਸਾਨੂੰ ਇਸ ਗੱਲ ਦਾ ਅਹਿਸਾਸ ਵੀ ਹੈ ਅਤੇ ਮਾਣ ਵੀ ਕਿ ਆਪਣੇ ਪਿਆਰਿਆਂ ਦੀ ਸੂਚੀ ਵਿਚ ਪਾਤਰ ਹੋਰਾਂ ਸਾਡਾ ਨਾਂਅ ਵੀ ਰੱਖਿਆ ਹੋਇਆ ਹੈ। ਪਾਤਰ ਸਾਹਿਬ ਜਿਥੇ ਕਵਿਤਾ ਦੇ ਧਨੀ ਹਨ ਉਥੇ ਉਹਨਾਂ ਦੀ ਵਾਰਤਕ ਵੀ ਬੜੀ ਰਸਦਾਇਕ ਹੈ। ਉਹਨਾਂ ਆਪਣਾ ਸਾਰਾ ਜੀਵਨ ਮਾਂ ਬੋਲੀ ਪੰਜਾਬੀ ਨੂੰ ਵੱਖ-ਵੱਖ ਰੂਪਾਂ ਵਿਚ ਸਮਰਪਿਤ ਕੀਤਾ ਹੈ ਅਤੇ ਪੰਜਾਬੀ ਬੋਲੀ ਨੇ ਵੀ ਉਹਨਾਂ ਨੂੰ ਸਿਖਰ ਦੇ ਸਨਮਾਨ ਦਿੱਤੇ ਹਨ। ਪੰਜਾਬੀ ਜਗਤ ਵਾਸਤੇ ਸਰਸਵਤੀ ਸਨਮਾਨ ਕਿਸੇ ਪੰਜਾਬੀ ਨੂੰ ਮਿਲਣਾ, ਬਹੁਤ ਫਖ਼ਰ ਵਾਲੀ ਗੱਲ ਹੈ। ਸਤਿਕਾਰਯੋਗ ਪਾਤਰ ਜੀ ਉਹਨਾਂ ਦੇ ਪਰਿਵਾਰ, ਮਿਤਰ ਮੰਡਲ ਅਤੇ ਪੰਜਾਬੀ ਪਿਆਰਿਆਂ ਨੂੰ ਵਰਿਆਮ ਪਰਿਵਾਰ ਵੱਲੋਂ ਬਹੁਤ-ਬਹੁਤ ਵਧਾਈਆਂ।



Namdhari Elibrary NamdhariElibrary@gmail.com

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ

ਪਹਿਲਾਂ ਇਹ ਖਬਰ ਆਈ ਸੀ ਕਿ ਇਸ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਲਈ ਸਮਝੌਤਾ ਹੋ ਗਿਅਆ ਹੈ। ਹਰ ਦੋ ਸਾਲ ਬਾਦ ਇਸ ਚੋਣ ਮੇਲੇ ਵਿਚ ਬਹੁਤ ਰੌਣਕਾਂ ਲਗਦੀਆਂ ਹਨ। ਖਬਰ ਸੀ ਕਿ ਪਿਛਲੇ ਪ੍ਰਧਾਨ ਪ੍ਰ. ਅਨੂਪ ਸਿੰਘ ਵਿਰਕ ਨਿਰਵਰੋਧ ਹੀ ਪ੍ਰਧਾਨ ਚੁਣ ਲਏ ਗਏ ਹਨ। ਨਾਲ ਹੀ ਕਰਨੈਲ ਸਿੰਘ ਨਿੱਝਰ ਸੀਨੀਅਰ ਮੀਤ ਪ੍ਰਧਾਨ, ਗੁਰਚਰਨ ਕੌਰ ਕੋਚਰ ਮੀਤ ਪ੍ਰਧਾਨ ਅਤੇ ਰਜਿੰਦਰ ਕੌਰ ਚੋਹਕਾ ਸਕੱਤਰ ਚੁਣ ਲਏ ਗਏ ਹਨ। ਪਰ ਇਹ ਸਰਬ ਸੰਮਤੀ ਸਾਰਿਆਂ ਅਹੁਦਿਆਂ ਲਈ ਨਾ ਬਣ ਸਕੀ। ਫਲ ਸਰੂਪ ੧੪ ਮਾਰਚ ੨੦੧੦ ਨੂੰ ਚੋਣ ਲਈ ਬੜੇ ਸਾਲਾਂ ਤੋਂ ਪੱਕੀ ਹੋ ਚੁੱਕੀ ਥਾਂ ਪੰਜਾਬੀ ਭਵਨ (ਪੰਜਾਬੀ ਸਾਹਿਤ ਅਕਾਦਮੀ ਦਾ ਕੇਂਦਰ) ਲੁਧਿਆਣਾ ਵਿਚ ਫਿਰ ਭਰਪੂਰ ਮੇਲਾ ਲੱਗਿਆ ਅਤੇ ਗੁਪਤ ਵੋਟਿੰਗ ਰਾਹੀਂ ਇਹ ਚੋਣ ਸਮਰਥ ਚੋਣ ਅਧਿਕਾਰੀ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਦੀ ਦੇਖ ਰੇਖ ਵਿਚ ਸਿਰੇ ਚੜ੍ਹੀ। ਜਨਰਲ ਸਕੱਤਰ ਦੇ ਵੱਕਾਰੀ ਅਹੁਦੇ ਲਈ ਡਾ. ਰਜਨੀਸ਼ ਬਹਾਦਰ ਸਿੰਘ ਉਘੇ ਆਲੋਚਕ ਭਾਰੀ ਬਹੁ-ਸੰਮਤੀ ਨਾਲ ਚੁਣੇ ਗਏ। ਸਕੱਤਰ ਦੇ ਅਹੁਦੇ ਵਾਸਤੇ ਮਦਨ ਵੀਰਾ, ਕਰਮ ਸਿੰਘ ਵਕੀਲ ਤੇ ਤਰਲੋਚਨ ਝਾਂਡੇ ਚੁਣੇ ਗਏ। ਮੀਤ ਪ੍ਰਧਾਨਾਂ ਵਿਚ ਡਾ. ਸੁਰਜੀਤ ਬਰਾੜ, ਡਾ. ਗੁਲਜ਼ਾਰ ਪੰਧੇਰ, ਤਲਵਿੰਦਰ ਸਿੰਘ, ਸੁਲੱਖਣ ਸਰਹੱਦੀ ਚੋਣ ਝੰਡੀ ਜਿਤ ਗਏ।

ਸਾਡੀ ਰੀਝ ਤਾਂ ਸੀ ਕਿ ਇਹ ਚੋਣ ਸਰਬ ਸੰਮਤੀ ਨਾਲ ਹੋ ਜਾਇਆ ਕਰੇ ਪਰ ਫਿਰ ਵੀ ਇਸ ਚੋਣ ਬਹਾਨੇ ਲੇਖਕ ਇਕ ਦੂਜੇ ਨੂੰ ਮਿਲ ਤਾਂ ਲੈਂਦੇ ਹਨ। ਇਹ ਵਖਰੀ ਗੱਲ ਹੈ ਕਿ ਹੁਣ ਵੱਡੇ ਨਾਵਾਂ ਵਾਲੇ ਲੇਖਕ ਇਸ ਸਭਾ ਵਿਚ ਜ਼ਿਆਦਾ ਸਰਗਰਮ ਨਹੀਂ । ਉਝ ਕੇਂਦਰੀ ਸਭਾਵਾਂ ਵੀ ਦੋ ਹਨ। ਖੈਰ ਨਵੀਂ ਟੀਮ ਨੂੰ ਅਸੀਂ ਜੀਅ ਆਇਆਂ ਕਹਿੰਦੇ ਹਾਂ ਤੇ ਆਸ ਰਖਦੇ ਹਾਂ ਕਿ ਪੰਜਾਬੀ ਦੇ ਮਸਲੇ ਤੇ ਅਵੇਸਲੇ ਹੋਣ ਦ ਸਮਾਂ ਨਹੀਂ ਭਾਵੇਂ ਬਹੁਤ ਚੰਗੇ ਐਲਾਨ ਹੋ ਰਹੇ ਹਨ। ਪੰਜਾਬੀ ਲੇਖਕ ਸਭਾ ਦੇ ਲੰਬੇ ਸੰਘਰਸ਼ ਦੇ ਸਿਟਿਆਂ ਨੂੰ ਬੂਰ ਪੈਣਾ ਸ਼ੁਰੂ ਹੋਇਆ ਹੈ ਅਤੇ ਇਹ ਜਾਗਦੇ ਰਹਿਣ ਦਾ ਵੇਲਾ ਹੈ। ਅਸੀਂ ਨਾਮਧਾਰੀ ਦਰਬਾਰ ਦੇ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਇਕੱਠ ਸਮੇਂ ਬਹੁਤ ਸ਼ਾਨਦਾਰ ਅਤੇ ਸਵੱਛ ਲੰਗਰ ਲਾ ਕੇ ਲੇਖਕਾਂ ਦੀ ਸੇਵਾ ਦਾ ਜੱਸ ਖੱਟਿਆ।

*—ਜਗਦੀਸ਼ ਸਿੰਘ ਵਰਿਆਮ*

ਵਿਚਾਰ ਆਪੋ ਆਪਣਾ

## ਮਾਂ ਬੋਲੀ

ਹੁੱਡਾ ਸਰਕਾਰ ਨੇ ਭਾਵੇਂ ਦੇਰ ਨਾਲ ਹੀ ਸਹੀ, ਪੰਜਾਬੀ ਨੂੰ, ਦੂਸਰੀ ਬੋਲੀ ਦਾ ਦਰਜਾ ਦੇ ਦਿੱਤਾ ਹੈ। ਨੇਤਾ ਲੋਗ- ਪੰਜਾਬੀ ਦੇ ਲਿਖਾਰੀ, ਬੜੀਆਂ ਟਾਹਰਾਂ ਮਾਰਦੇ ਹਨ ਕਿ ਅਸੀਂ ਮਾਂ ਬੋਲੀ ਬਾਰੇ ਐਹ ਕਰਾਂਗੇ ਔਹ ਕਰਾਂਗੇ। ਪਰ ਇਹਨਾਂ ਨੇਤਿਆਂ ਲਿਖਾਰੀਆਂ ਦੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ। ਇਹਨਾਂ ਦੇ ਘਰਾਂ, ਦੁਕਾਨਾਂ ਅਗੇ ਨਾਂਮ ਅੰਗਰੇਜ਼ੀ ਵਿਚ ਲਿਖੇ ਹੁੰਦੇ ਹਨ। ਜੇ ਤੁਸੀਂ ਬਾਜ਼ਾਰ ਵਿਚ ਜਾਓ, ਹਰ ਦੁਕਾਨ ਤੇ ਬੋਰਡ ਅੰਗਰੇਜ਼ੀ ਵਿਚ ਹੀ ਲਿਖਿਆ ਹੋਇਗਾ। ਸਿਰਫ਼ ਇਕ ਦੁਕਾਨ ਤੇ ਬੋਰਡ, ਪੰਜਾਬੀ ਵਿਚ ਲਿਖਿਆ ਮਿਲੇਗਾ। ਇਸ ਦੁਕਾਨ ਵਾਲੇ ਬੜੇ ਧੜੱਲੇ ਨਾਲ ਪੰਜਾਬੀ ਦੀ ਵਰਤੋਂ ਕਰਦੇ ਹਨ। ਨਾਂ ਹਿੰਦੀ- ਨਾਂ ਅੰਗਰੇਜ਼ੀ ਸਿਰਫ਼ ਪੰਜਾਬੀ। ਪ੍ਰਾਂਤ ਭਾਵੇਂ ਪੰਜਾਬ ਹੋਵੇ, ਭਾਵੇਂ ਹਰਿਆਣਾ, ਭਾਵੇਂ ਭਾਰਤ ਦੀ ਰਾਜਧਾਨੀ ਦਿੱਲੀ ਹੋਵੇ।

ਇਹਨਾਂ ਦਾ ਬੋਰਡ ਸਭ ਤੋਂ ਚਮਕੀਲਾ ਅਤੇ ਬੜੇ ਸ਼ੁੱਧ ਸਪੱਸ਼ਟ ਅੱਖਰਾਂ ਵਿਚ ਲਿਖਿਆ ਹੋਇਆ। ਜਿਸ ਨੂੰ ਅਨਪੜ੍ਹ ਵੀ ਪੜ੍ਹ ਲਏਗਾ। ਮੈਂ ਤਾਂ ਇਹਨਾਂ ਹੀ ਸਭ ਤੋਂ ਵੱਧ ਪੰਜਾਬੀ ਦਾ ਪ੍ਰਚਾਰਕ ਸਮਝਦਾ ਹਾਂ। ਏਹ ਥੋੜ੍ਹੇ ਅੱਖਰਾਂ 'ਚ ਬੜਾ ਕੁਝ ਦੱਸ ਦੇਂਦੇ ਹਨ।

'ਦੇਸੀ ਸ਼ਰਾਬ ਦਾ ਠੇਕਾ' ਹੁਣ ਤੁਸੀਂ ਵੀ ਸਮਝ ਗਏ ਹੋਵੋਗੇ।

*—ਸਾਧੂ ਸਿੰਘ ਕਿਸਾਨ*

## ਵਰਿਆਮ ਦੀ ਮਲਕੀਅਤ ਤੇ ਹੋਰ ਵੇਰਵੇ ਸਬੰਧੀ ਬਿਆਨ

| | | |
|---|---|---|
| ੧. | ਪ੍ਰਕਾਸ਼ਨ ਸਥਾਨ | ਜਲੰਧਰ |
| ੨. | ਪ੍ਰਕਾਸ਼ਨ ਕਾਲ | ਮਾਸਕ |
| ੩. | ਛਾਪਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੪. | ਪ੍ਰਕਾਸ਼ਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੫. | ਸੰਪਾਦਕ ਦਾ ਨਾਮ | ਜਗਦੀਸ਼ ਸਿੰਘ |
| | ਨਾਗਰਿਕਤਾ | ਭਾਰਤੀ |
| ੬. | ਉਹਨਾਂ ਵਿਅਕਤੀਆਂ ਦੇ ਨਾਮ ਤੇ ਪਤੇ ਜੋ ਸਮਾਚਾਰ ਪੱਤਰ ਦੇ ਮਾਲਕ ਹੋਣ ਅਤੇ ਸਾਰੀ ਪੂੰਜੀ ਦੇ ਇਕ ਪ੍ਰਤੀਸ਼ਤ ਤੋਂ ਵੱਧ ਦੇ ਭਾਈਵਾਲ ਜਾਂ ਹਿੱਸੇਦਾਰ ਹੋਣ | ਜਗਦੀਸ਼ ਸਿੰਘ |

ਮੈਂ ਜਗਦੀਸ਼ ਸਿੰਘ ਐਲਾਨ ਕਰਦਾ ਹਾਂ ਕਿ ਮੇਰੀ ਵੱਧ ਤੋਂ ਵੱਧ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਉੱਪਰ ਦਿੱਤੇ ਗਏ ਵੇਰਵੇ ਸੱਚ ਹਨ।

*ਸਹੀ*

*ਮਿਤੀ ੨੮-੨-੨੦੧੦* *ਜਗਦੀਸ਼ ਸਿੰਘ*

*(ਪ੍ਰਕਾਸ਼ਕ ਦੇ ਦਸਤਖਤ)*



Namdhari Elibrary NamdhariElibrary@gmail.com

# ਕੇਂਦਰੀ ਤੇ ਪੱਛਮੀ ਪੰਜਾਬ ਦਾ ਸੂਬਾ—ਸੂਬਾ ਰਾਜਾ ਸਿੰਘ ਤਰਾਂਡੀ

—ਸੁਵਰਨ ਸਿੰਘ ਵਿਰਕ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਨਾਮਧਾਰੀ ਸੰਤ ਖਾਲਸਾ, ਜਿੱਥੇ ਸਿੱਖ ਪੁਨਰ ਜਾਗਰਣ ਦਾ ਵੱਡਾ ਉਪਰਾਲਾ ਸੀ ਉੱਥੇ ਇਹ ਕੌਮੀ ਮੁਕਤੀ ਅੰਦੋਲਨ ਦਾ ਵੀ ਇਕ ਮਹੱਤਵਪੂਰਨ ਬਾਬ ਹੋ ਨਿਬੜਿਆ। ਸਿੱਖੀ ਰਹੁ ਰੀਤਾਂ ਨੂੰ ਤਿਲਾਂਜਲੀ ਦੇਣ ਸਦਕਾ, ਸਿੱਖ ਜੀਵਨ ਮੁੱਲਾਂ ਦਾ ਹਰਾਸ ਹੋਣ ਕਾਰਨ, ਦਰਬਾਰੀ ਖਾਲਸਾ ਹਉਮੈਂ, ਖੁਦਗਰਜ਼ੀ, ਈਰਖਾ, ਦੰਭ, ਲੋਭ ਅਤੇ ਅੰਧ-ਸੱਤਾ ਮੋਹ ਵਿਚ ਗਲਤਾਨ ਹੋ ਕੇ, ਜੀਵਨ ਦੇ ਅਸਲ ਮਨੋਰਥ ਨੂੰ ਭੁੱਲ ਬੈਠਾ ਸੀ। ਅਜੇਹਾ ਇਸ ਲਈ ਵਾਪਰਿਆ ਕਿ ਗੁਰੂ ਕੀ ਬਾਣੀ ਨੂੰ ਭੁੱਲ ਗਏ। ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਪਰਚਾਰ ਦੌਰੇ ਸ਼ੁਰੂ ਕੀਤੇ ਤਾਂ ਪਿੰਡਾਂ ਵਿਚ ਧਰਮਸ਼ਾਲਾਵਾਂ ਜਾਂ ਗੁਰਦੁਆਰੇ ਤਾਂ ਸਨ ਪਰ ਉਹਨਾਂ ਵਿਚ ਗੁਰੂ ਕੀ ਬਾਣੀ ਦਾ ਪਰਕਾਸ਼ ਨਹੀਂ ਸੀ ਹੁੰਦਾ ਸਗੋਂ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਸੰਤੋਖ ਕੇ ਅਲਮਾਰੀਆਂ/ਆਲਿਆਂ ਵਿਚ ਰੱਖ ਦਿੱਤੀਆਂ ਸਨ। ਕੋਈ ਹੀ ਭਾਗਾਂ ਵਾਲਾ ਨਗਰ ਖੇੜਾ ਅਜੇਹਾ ਹੁੰਦਾ ਹੋਏਗਾ, ਸੈਆਂ ਵਿਚ ਕੋਈ ਇਕ, ਜਿੱਥੇ ਗੁਰਬਾਣੀ ਦਾ ਪਠਨ ਪਾਠਨ ਹੁੰਦਾ ਸੀ ਨਹੀਂ ਤਾਂ ਰੁਮਾਲਿਆਂ ਵਿਚ ਵਲ੍ਹੇਟੀਆਂ ਪਵਿੱਤਰ ਬੀੜਾਂ ਤੇ ਚੂਹੇ ਕੁੱਦ ਰਹੇ ਸਨ। ਇਸ ਗੱਲ ਦੀ ਸ਼ਾਹਦੀ, ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਆਪਣੀ ਰਚਨਾ ਵਿਚ ਇਉਂ ਭਰਦੇ ਹਨ-

"ਜਾਗ ਜਿਨ ਕੇ ਬਡੇਰੇ ਬਾਣੀ ਪਢਤੇ ਸਵੇਰੇ,  
ਗੁਰੂ ਗ੍ੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।  
ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਥਿਖਿਆਤੀ,  
ਪਾਇ ਹੈਂ ਨ ਝਾਤੀ ਮੂਸ ਖਾਤ ਗ੍ੰਥ ਜੇ ਪਰੈਂ।  
ਜਪੁਜੀ ਨ ਰਹੁ ਰਾਸ ਪਢੈ ਸੁਨੈ ਕਬੀ ਖਾਸ,  
ਔਰ ਜੋ ਪਢਤ ਪਾਸ ਹਾਸ ਤਿਨ ਯੌ ਕਰੈਂ।  
ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੇ ਜੇ ਤੂੰ,  
ਸਹਿਰਾ ਮੈਂ ਜਾਇ ਲੁਕਮੈਂ ਰਿਝਾਇ ਲੈ ਤਰੈਂ।"[੧]

ਸਤਿਗੁਰੂ ਜੀ ਪਹਿਲਾ ਕੰਮ, ਜਿਸ ਨਗਰ ਵਿਚ ਜਾਂਦੇ, ਧਰਮਸ਼ਾਲਾ ਵਿਚ ਆਦਿ ਗੁਰੂ ਗਰੰਥ ਸਾਹਿਬ ਦੀ ਬੀੜ ਦਾ ਪਰਕਾਸ਼ ਕਰਵਾਉਂਦੇ। ਇਕ ਗਰੰਥੀ ਸਿੰਘ ਪੱਕਾ ਥਾਪਦੇ। ਇਉਂ ਕੂਕਾ ਜਥੇਬੰਦੀ ਦੀ ਮੁੱਢਲੀ ਇਕਾਈ ਕਾਇਮ ਹੋ ਜਾਂਦੀ। ਸਿੰਘ ਸੁਬਹਾ ਸ਼ਾਮ, ਦੋ ਦਫਾ, ਗੁਰੂਘਰ ਵਿਚ ਇਕੱਠੇ ਹੁੰਦੇ। ਨਾਮ ਬਾਣੀ ਕਥਾ ਕੀਰਤਨ ਦਾ ਪ੍ਰਵਾਹ ਚੱਲਦਾ। ਪਿੰਡਾਂ ਦੀ ਸੰਗਤ ਦੇ ਮੁਖੀ ਆਮ ਤੌਰ ਤੇ ਗ੍ੰਥੀ ਸਿੰਘ ਨੂੰ ਹੀ ਥਾਪਿਆ ਜਾਂਦਾ। ਫਿਰ ਪਿੰਡਾਂ ਦੇ ਉਤੇ ਤਪਿਆਂ ਦੇ ਜਥੇਦਾਰ ਨੀਅਤ ਕੀਤੇ ਜਾਂਦੇ। ਕਈ ਤਪਿਆਂ ਜਾਂ ਜ਼ਿਲ੍ਹਿਆਂ ਵਾਸਤੇ ਸੂਬੇ ਬਣਾਏ ਜਾਂਦੇ ਸਨ। ਸੂਬਿਆਂ ਦੀ ਸ੍ਰੀ ਭੈਣੀ ਸਾਹਿਬ ਵਿਚ ਕੇਂਦਰੀ ਪੰਚਾਇਤ ਸੀ। ਸਰਵਉਚ ਸਥਾਨ ਸਤਿਗੁਰੂ ਜੀ ਦਾ ਸੀ। ਇਉਂ ਦੇਸ਼ ਦੀ ਸਵਾਧੀਨਤਾ ਲਈ ਵਿੱਢੀ ਲੜਾਈ ਨੂੰ ਧਿਆਨ ਵਿਚ ਰੱਖਦਿਆਂ, ਬਦੇਸ਼ੀ ਸਰਕਾਰ ਨਾਲ ਹਰ ਤਰ੍ਹਾਂ ਦਾ ਨਾਤਾ ਤੋੜ ਕੇ, ਆਪਣੀ ਸਮਾਨੰਤਰ ਸਰਕਾਰ ਬਣਾ ਲਈ ਗਈ। ਇਸ ਸਮਾਨੰਤਰ ਸਰਕਾਰ ਦੇ ਥੰਮ੍ਹ ਸਨ, ਸਤਿਗੁਰੂ ਦੁਆਰਾ ਥਾਪੇ ਗਏ ਸੂਬੇ। ਸੂਬੇ ਥਾਪਣ ਦਾ ਕਾਰਜ ੧੮੬੪-੬੫ ਈ. ਵਿਚ ਸਤਿਗੁਰੂ ਜੀ ਦੀ ਭੈਣੀ ਸਾਹਿਬ ਵਿਚ ਨਜ਼ਰਬੰਦੀ ਤੋਂ ਤੁਰੰਤ ਬਾਦ ਸ਼ੁਰੂ ਹੋ ਗਿਆ ਸੀ। ਪਹਿਲਾਂ ਪੰਜ ਸੂਬੇ ਥਾਪੇ ਫਿਰ ਜਦੋਂ ਉਹਨਾਂ ਤੇ ਰੋਕ ਲੱਗੀ ਤਾਂ ਸਤਾਰਾਂ ਹੋਰ ਥਾਪੇ ਗਏ। ਗਿਆਨੀ ਗਿਆਨ ਸਿੰਘ ਜੀ ਅਕਬਰ ਬਾਦਸ਼ਾਹ ਦੀ ਤਰਜ਼ ਤੇ ਬਾਈ ਸੂਬੇ ਥਾਪੇ ਜਾਣ ਦੀ ਗੱਲ ਕਰਦੇ ਹਨ, ਜਿਹਨਾਂ ਦੀ ਬੋਲਬਾਣੀ ਸਤਿਗੁਰੂ ਜੀ ਜਿਤਨੀ ਹੀ ਪ੍ਰਭਾਵਸ਼ਾਲੀ ਹੋਣ ਦਾ ਆਪ ਸੰਕੇਤ ਕਰਦੇ ਹਨ। ਸੂਬਿਆਂ ਦਾ ਕੰਮ ਦੋਹਰਾ ਹੈ ਧਰਮ ਪਰਚਾਰ ਨੂੰ ਤਿੱਖਾ ਕਰ ਕੇ, ਰਾਜਨੀਤਕ ਚੇਤਨਾ ਨੂੰ ਪਰਚੰਡ ਕਰ ਕੇ ਬਦੇਸ਼ੀ ਹਕੂਮਤ ਵਿਰੁੱਧ ਜਨ ਰੋਸ ਉਭਾਰ ਕੇ, ਆਪਣੇ ਲੋਕਾਂ ਦਾ ਰਾਜ ਵੀ ਕਾਇਮ ਕਰਨਾ ਅਤੇ ਇਕ ਸਮਤਾ ਮੂਲਕ, ਸ਼ੋਸ਼ਣ ਮੁਕਤ ਭਾਈਚਾਰੇ ਦੀ ਸਥਾਪਨਾ ਲਈ, ਨਵਾਂ ਸਮਾਜਿਕ ਆਰਥਿਕ ਪਰਬੰਧ ਸਿਰਜਣਾ।

ਇਹਨਾਂ ਸੂਬਿਆਂ ਦੀ ਗਿਣਤੀ ਬਾਈ ਹੀ ਹੋਵੇ ਇਹ ਸਾਡੀ ਰਵਾਇਤ ਹੈ, ਪਰ ਇਤਿਹਾਸਕ ਤੱਥ ਇਸ ਤੋਂ ਭਿੰਨ ਵੀ ਹੋ ਸਕਦੇ ਹਨ। ਸਤਾਰਾਂ ਸੂਬੇ ਸਾਹਿਬਾਨ ਅਜੇਹੇ ਹਨ ਜਿਹਨਾਂ ਨੂੰ ਸਾਡੀ ਰਵਾਇਤ ਅਤੇ ਤਦੋਂਕੇ ਅੰਗਰੇਜ਼ ਹਾਕਮਾਂ ਦੇ ਦਸਤਾਵੇਜ਼ੀ ਸਬੂਤ ਬਰਾਬਰ ਦੀ ਮਾਨਤਾ ਦਿੰਦੇ ਹਨ। ਬਾਕੀ ਪੰਜਾਂ ਜਾਂ ਇਸ ਤੋਂ ਵੱਧ ਸੂਬਿਆਂ ਬਾਰੇ ਰਵਾਇਤ ਅਤੇ ਦਸਤਾਵੇਜ਼ਾਂ ਵਿਚ ਅੰਤਰ ਵਿਆਪਤ ਹੈ। ਰਵਾਇਤ ਅਤੇ ਦਸਤਾਵੇਜ਼ਾਂ ਬਾਰੇ ਅੰਤਰ ਦੀ ਗੱਲ ਵਿਸਥਾਰ ਸਹਿਤ ਕਦੇ ਫਿਰ ਸਹੀ। ਹਾਲ ਦੀ ਘੜੀ ਆਪਣੀ ਰਵਾਇਤ ਦਾ ਸਤਿਕਾਰ ਕਰਦਿਆਂ ਸੂਬਾ ਰਾਜਾ ਸਿੰਘ ਹੋਰਾਂ ਬਾਰੇ ਚਰਚਾ ਕਰਾਂਗੇ। ਕਿਉਂ ਜੁ ਸਰਕਾਰੀ ਰੀਕਾਰਡ ਵਿਚ ੧੮੬੭ ਈ. ਦੀ ਸ੍ਰੀ ਅੰਮ੍ਰਿਤਸਰ ਦੀ ਦੀਪਮਾਲਾ ਅਤੇ ਇਸੇ ਵਰ੍ਹੇ ਦੇ ਸ੍ਰੀ ਅਨੰਦਪੁਰ ਸਾਹਿਬ ਦੇ ਪਹਿਲੇ ਹੋਲੇ ਮਹੱਲੇ ਸਮੇਂ ਜਿਹਨਾਂ ਸੂਬਾ ਸਾਹਿਬਾਨ



Namdhari Elibrary NamdhariElibrary@gmail.com

ਦੀ ਹਾਜ਼ਰੀ, ਸਰਕਾਰੀ ਕਾਗਜ਼ਾਂ ਵਿਚ ਮਿਲਦੀ ਹੈ ਉਸ ਵਿਚ ਸੂਬਾ ਜੀ ਸ਼ਾਮਲ ਨਹੀਂ ਹਨ। ਪ੍ਰੰਤੂ ਅੰਮ੍ਰਿਤਸਰ ਦਾ ਬੁੱਚੜ ਬੱਧ ਸਾਕਾ (ਜੂਨ ੧੮੭੧) ਵਾਪਰਨ ਬਾਦ ਸ਼ੱਕ ਦੀ ਸੂਈ ਉਹਨਾਂ ਵੱਲ ਵੀ ਜਾਂਦੀ ਹੈ। ਉਂਜ ਜਦੋਂ ਜਲਾਵਤਨ ਸੂਬਿਆਂ ਦੇ ਖਿਲਾਫ ਮਿਸਲਾਂ ਦਾ ਪੇਟ ਭਰਿਆ ਜਾ ਰਿਹਾ ਸੀ ਤਾਂ ਸਰਕਾਰੀ ਰੀਕਾਰਡ ਵਿਚ ਸਿਆਲਕੋਟ ਜ਼ਿਲ੍ਹੇ ਵਿਚ ਜਿਹਨਾਂ ਚਾਰ ਨਾਮਧਾਰੀ ਸੂਬਿਆਂ ਦਾ ਜ਼ਿਕਰ ਆਉਂਦਾ ਹੈ ਉਹਨਾਂ ਵਿਚ ਸੂਬਾ ਰਾਜਾ ਸੰਘ ਤਰਾਂਡੀ, ਥਾਣਾ ਮਿਆਣੀ ਦਾ ਜ਼ਿਕਰ ਵੀ ਮਿਲਦਾ ਹੈ।[੧] ਇਉਂ ਇਹ ਸੂਬਾ ਜੀ ਰਵਾਇਤ ਅਤੇ ਦਸਤਾਵੇਜ਼ ਦੋਹਾਂ ਵਿਚ ਸ਼ਾਮਲ ਹੋ ਜਾਂਦੇ ਹਨ। ਸੂਬਾ ਰਾਜਾ ਸਿੰਘ ਹੋਰਾਂ ਦਾ ਖੇਤਰ ਵੀ ਸੂਬਾ ਬ੍ਰਹਮਾ ਸਿੰਘ, ਜਮੀਅਤ ਸਿੰਘ ਅਤੇ ਜੋਤਾ ਸਿੰਘ ਜਿਉਂ ਸਿਆਲਕੋਟ, ਗੁਜਰਾਂਵਾਲਾ (ਹੁਣ ਦੇ ਸ਼ੇਖੂਪੁਰਾ ਸਮੇਤ), ਲਾਹੌਰ ਅਤੇ ਅੰਮ੍ਰਿਤਸਰ ਸੀ। ਮੋਟੇ ਤੌਰ ਤੇ ਕਿਹਾ ਜਾ ਸੱਕਦਾ ਹੈ ਕਿ ਉਹ ਕੇਂਦਰੀ ਅਤੇ ਪੱਛਮੀ ਪੰਜਾਬ ਵਿਚ ਕੂਕਾ ਸਰਗਰਮੀ ਲਈ ਜ਼ਿੰਮੇਵਾਰ ਸਨ।

ਜਲਾਵਤਨ ਸੂਬਿਆਂ ਦੇ ਸਾਰੇ ਮੁਆਮਲੇ ਤੇ ਪੂਰਾ ਗੌਰ ਕਰਨ ਬਾਦ, ਭਾਰਤ ਸਰਕਾਰ ਦਾ ਸਕੱਤਰ ਈ. ਸੀ. ਬੇਲੀ, ਗਵਰਨਰ ਜਨਰਲ ਨੂੰ ਭੇਜੀ, ਬੜੀ ਸਾਰ ਗ੍ਰਭਿਤ ਰੀਪੋਰਟ ਵਿਚ ਨੋਟ ਕਰਦਾ ਹੈ-

"ਜੇ ਇਸ ਨੂੰ ਮੰਨ ਵੀ ਲਈਏ ਜਿਹਾ ਕਿ ਇਹ ਹੈ ਵੀ, ਕਿ ਕੂਕਾ ਮੱਤ (ਗੁਰੂ) ਬਾਲਕ ਸਿੰਘ ਦੇ ਤਹਿਤ ਅਤੇ ਪਹਿਲਾਂ ਪਹਿਲ (ਸਤਿਗੁਰੂ) ਰਾਮ ਸਿੰਘ ਦੀ ਅਗਵਾਈ ਹੇਠਾਂ ਨਿਰੋਲ ਧਾਰਮਿਕ ਫਿਰਕਾ ਸੀ, ਪ੍ਰੰਤੂ ਹੁਣ ਇਹ ਸਾਫ ਹੋ ਚੁੱਕਾ ਹੈ ਕਿ ਲੰਮੇ ਸਮੇਂ ਤੋਂ ਇਸਨੇ ਸਿਆਸੀ ਸੁਭਾਉ ਗ੍ਰਹਿਣ ਕਰ ਲਿਆ ਹੈ। ਇਹ ਗੱਲ ਅਜੇ ਸਾਫ ਨਹੀਂ ਹੋਈ ਕਿ ਧਾਰਮਿਕ ਅੰਦੋਲਨ ਦੀ ਸਿਆਸੀ ਅੰਦੋਲਨ ਵਿਚ ਤਬਦੀਲੀ ਕਦੋਂ ਵਾਪਰੀ? ਹੋ ਸੱਕਦਾ ਹੈ ਇਹ ਤਬਦੀਲੀ ਧੀਮੀ ਗਤੀ ਨਾਲ ਵਾਪਰੀ ਹੋਵੇ ਤੇ ਹੋ ਸੱਕਦਾ ਹੈ ਕਿ ਇਸ ਤਬਦੀਲੀ ਲਈ (ਗੁਰੂ) ਰਾਮ ਸਿੰਘ ਨੂੰ ਮਜਬੂਰ ਕੀਤਾ ਗਿਆ ਹੋਵੇ ਕਿਉਂਕਿ ਉਸਦੇ ਚੇਲੇ ਜੋ ਸਿੱਖ ਵਿਸ਼ਵਾਸਾਂ ਦੀ ਪਵਿਤਰਤਾ ਦੀ ਪੁਨਰਬਹਾਲੀ ਲਈ ਬੜੇ ਉਤਸੁਕ ਸਨ, ਹੁਣ ਸਿਆਸੀ ਸਰਵਉੱਚਤਾ ਮੁੜ ਹਾਸਲ ਕਰਨ ਲਈ ਵੀ ਤਾਂਘਣ ਲੱਗ ਪਏ ਹੋਣ।...

"(ਗੁਰੂ) ਰਾਮ ਸਿੰਘ ਦੀਆਂ ਪਰਾਭੌਤਿਕ ਸ਼ਕਤੀਆਂ ਵਿਚ ਉਹਨਾਂ ਦਾ ਭਰੋਸਾ ਪਰਪੱਕ ਹੋਣ ਕਾਰਨ ਅਤੇ ਲਹਿਰ ਦਾ ਸਿਆਸੀ ਨਿਸ਼ਾਨਾ ਤਹਿ ਹੋਣ ਕਾਰਨ, ਆਪਣੀਆਂ ਨਿਜੀ ਉਮੰਗਾਂ ਦੀ ਪੂਰਤੀ ਲਈ "ਆਪਣਾ ਰਾਜ ਹਾਸਲ ਕਰਨ ਲਈ", ਪੈਰੋਕਾਰਾਂ ਨੂੰ ਹੋਰ ਦੇਰ ਕਰਨੀ ਜਚੀ ਨਹੀਂ।....

"ਪੱਤਰ ਵਿਹਾਰ ਵਿਚ ਵਰਣਿਤ ਕੀਤੇ ਗਏ ਕਈ ਵਿਅਕਤੀਆਂ ਬਾਰੇ ਮੈਂ ਵੇਖ ਰਿਹਾ ਹਾਂ ਕਿ ਉਹ ਬਾਗੀਆਨਾ ਪਰਚਾਰ ਵਿਚ ਬੜੇ ਸਰਗਰਮ ਹਨ। ਪਤਾ ਨਹੀਂ ਕਿਉਂ ਪੰਜਾਬ ਸਰਕਾਰ ਉਹਨਾਂ ਦੀ ਗਿਰਫਤਾਰੀ ਬਾਰੇ ਨਹੀਂ ਸੋਚਦੀ, ਇਕ ਦੋ ਜਣੇ ਜਿਹਾ ਕਿ ਜੋਤਾ ਸਿੰਘ ਢਪਈ, ਸਿਆਲਕੋਟ ਜ਼ਿਲ੍ਹੇ ਦਾ ਬਰਹਮਾ ਸਿੰਘ ਦਾ ਡਿਪਟੀ (ਛੋਟਾ ਸਹਿਯੋਗੀ) ਬਹੁਤ ਦੂਰ ਤਕ ਜਾ ਚੁੱਕੇ ਹਨ। ਮੇਰੀ ਸੰਭਾਵਨਾ ਹੈ ਕਿ ਪੰਜਾਬ ਸਰਕਾਰ ਉਹਨਾਂ ਤੇ ਨਜ਼ਰ ਰੱਖ ਰਹੀ ਹੈ।"[੨]

ਨਿਰਸੰਦੇਹ ਇਹ ਦੂਜਾ ਵਿਅਕਤੀ ਜੋ ਪੰਜਾਬ ਸਰਕਾਰ ਦੀ ਘੋਖਵੀਂ ਨਿਗ੍ਹਾ ਹੇਠ ਹੈ ਸੂਬਾ ਜੋਤਾ ਸਿੰਘ ਹੋਰਾਂ ਤੋਂ ਬਾਅਦ, ਉਸੇ ਖਿੱਤੇ ਨਾਲ ਸਬੰਧਿਤ ਉਹ ਸੂਬਾ ਰਾਜਾ ਸਿੰਘ ਹੀ ਹੈ। ਅੰਮ੍ਰਿਤਸਰ ਦੇ ਸਾਕੇ ਨੇ ਸਰਕਾਰੀ ਨਜ਼ਰਾਂ ਵਿਚ ਉਸਨੂੰ ਕੁਖਿਆਤ ਬਣਾ ਦਿੱਤਾ ਹੈ ਅਤੇ ਸੰਗਰਾਮੀਆਂ ਦੀਆਂ ਨਜ਼ਰਾਂ ਵਿਚ ਉਹ ਵਿਖਿਆਤ ਹੋ ਚੁੱਕੇ ਹਨ। ਸੂਬਾ ਜਮੀਅਤ ਸਿੰਘ ਹੋਰਾਂ ਨੂੰ ਸਰਕਾਰ ਬਹੁਤ ਵੱਡਾ ਕੌਮੀ ਪਰਚਾਰਕ ਨਹੀਂ ਮੰਨ ਰਹੀ, ਸਿਰਫ ਭਜਨ ਬਾਣੀ ਵਾਲਾ ਸੂਬਾ ਹੀ ਸਮਝਦੇ ਹਨ। ਇਸ ਲਈ ਬਾਬਾ ਰਾਜਾ ਸਿੰਘ ਤਰਾਂਡੀ, ਇਕ ਸਰਗਰਮ ਸਿਆਸੀ ਵਿਅਕਤੀਤਵ ਬਣ ਕੇ ਵੀ ਉੱਭਰਦੇ ਹਨ ਅਤੇ ਸਿੱਖੀ ਰਹੁ ਰੀਤਾਂ ਦੇ ਸੰਰਕਸ਼ਕ ਬਣ ਕੇ ਵੀ।

ਪੰਜਾਬ ਸਰਕਾਰ ਦੀ ੧੮੮੧ ਈ. ਵਾਲੀ ਮਹੱਤਵਪੂਰਨ ਕੂਕਿਆਂ ਦੀ ਗੁਪਤ ਰੀਪੋਰਟ ਮੁਤਾਬਿਕ, ਸੂਬਾ ਰਾਜਾ ਸਿੰਘ ਜੀ ਦੇ ਪਿਤਾ ਦਾ ਨਾਂ ਜੱਸਾ ਸਿੰਘ, ਪੇਸ਼ਾ ਤਰਖਾਣਾ ਅਤੇ ਵਾਹੀਵਾਨੀ, ਪਿੰਡ ਤਰਾਂਡੀ ਥਾਣਾ ਮਿਆਣੀ, ਜ਼ਿਲ੍ਹਾ ਸਿਆਲਕੋਟ ਲਿਖਿਆ ਹੈ। ਸਰੀਰਕ ਪਹਿਚਾਨ ਵਾਲੇ ਖਾਨੇ ਵਿਚ ਲਿਖਿਆ ਹੈ ਕਿ ਉਹਨਾਂ ਦਾ ਨੱਕ ਵੱਡਾ, ਭਰਵੱਟੇ ਜੁੜੇ ਹੋਏ, ਕੱਦ ੫ ਫੁੱਟ ੬ ਇੰਚ, ਮਜ਼ਬੂਤ ਜੁੱਸਾ ਅਤੇ ਉਮਰ ੪੬ ਵਰ੍ਹੇ ਹੈ। ਖਾਨਾ ਨੰਬਰ ੯, ਜਿਸ ਵਿਚ ਸੁਭਾਉ, ਚਾਲ ਚਲਣ ਤੇ ਹੋਰ ਆਦਤਾਂ ਦਾ ਜ਼ਿਕਰ ਹੁੰਦਾ ਵਿਚ ਲਿਖਿਆ ਹੈ ਕਿ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਮਸੈਕੇਵਾਲੀ ਵਿਚ ਇਕ ਵਰ੍ਹਾ ਬਿਤਾਉਣ ਬਾਦ, ਇਹ ਵਿਅਕਤੀ ੨੦ ਮਈ ੧੮੭੯ ਨੂੰ ਆਪਣੇ ਪਿੰਡ ਵਾਪਸ ਮੁੜਿਆ ਸੀ। ਅਤੇ ਫਿਰ ਉਸੇ ਜੂਨ (੧੮੭੯) ਦੇ ਮਹੀਨੇ ਵਿਚ ਵਾਪਸ ਮੁਸੈਕੇ ਵਾਲੀ ਚਲਾ ਗਿਆ ਅਤੇ ਅਜੇ ਤੱਕ (ਭਾਵ ੧੮੮੧ ਈ.) ਉੱਥੇ ਹੀ ਹੈ।[੩]

ਸਰਕਾਰੀ ਸੂਚੀ ਵਿਚ ਦਿੱਤੀ ਉਮਰ ਦੇ ਸਬੰਧ ਵਿਚ ਤਾਂ ਪੁਲੀਸ ਦੇ ਸੂਹੀਏ ਜਾਂ ਟਪਲਾ ਖਾ ਗਏ ਹਨ ਜਾਂ ਫਿਰ ਸੂਬਾ ਤਰਾਂਡੀ ਆਪਣੀ ਉਮਰ ਲੁਕਾਉਂਦੇ ਹਨ ਭਾਵ ਵਿਅਕਤੀ ਹੁੰਦਾ ਵਡੇਰੀ ਉਮਰ ਦਾ ਹੈ, ਪਰ ਆਮ ਨਿਗ੍ਹਾ ਨਾਲ ਵੇਖਣ ਵਾਲੇ ਨੂੰ ਆਯੂ ਘੱਟ ਮਲੂਮ ਹੁੰਦੀ ਹੈ। ਜਿਹੜੇ ਸੂਬਾ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਸੈਨਿਕ ਜੀਵਨ ਦੇ ਸਾਥੀ ਹਨ,


Namdhari Elibrary NamdhariElibrary@gmail.com

ਲਹੌਰ ਦਰਬਾਰ ਵਿਚ, ਉਹਨਾਂ ਵਾਲੀ ਰੈਜੀਮੈਂਟ ਵਿਚ ਹੀ ਭਰਤੀ ਹੋਏ ਹਨ, ਉਹ ੧੮੮੧ ਈ. ਵਿਚ ਜਦੋਂ ਸਤਿਗੁਰੂ ਜੀ ਦੀ ਆਰਜਾ ੬੫ ਸਾਲ ਹੋ ਚੁੱਕੀ ਹੈ, ਉਹਨਾਂ ਤੋਂ ੧੯ ਸਾਲ ਛੋਟੇ ਕਿਵੇਂ ਹੋ ਸੱਕਦੇ ਹਨ? ਇਸ ਹਿਸਾਬ ਤਾਂ ਸੂਬਾ ਜੀ ਦੇ ਬਾਲਗ ਹੋਣ ਤੋਂ ਪਹਿਲਾਂ ਹੀ ਸਿੱਖ ਸੈਨਾ ਤੋੜ ਦਿੱਤੀ ਗਈ ਤੇ ਉਹ ਇਸ ਵਿਚ ਭਰਤੀ ਕਿਵੇਂ ਹੋ ਸੱਕਦੇ ਹਨ। ਇਸ ਲਈ ਉਮਰ ਬਾਰੇ ਇਹੋ ਕਿਹਾ ਜਾਏਗਾ ਕਿ ਆਪ ਸਤਿਗੁਰੂ ਜੀ ਦੇ ਹਾਣੀ ਸਨ, ਇਕ ਦੋ ਸਾਲਾਂ ਦਾ ਵਾਧਾ ਘਾਟਾ ਹੋ ਸੱਕਦਾ ਹੈ। ਸੋ ਆਪ ਦਾ ਜਨਮ ਵਰ੍ਹਾ ੧੮੧੪ ਤੋਂ ੧੭ ਦੇ ਵਿਚਾਲੇ ਹੀ ਬਣੇਗਾ। ਸੈਨਿਕ ਜੀਵਨ ਵਿਚ, ਸਤਿਗੁਰੂ ਜੀ ਦੀ ਅਨੋਖੀ ਲਾਮਿਸਾਲ ਪ੍ਰਤਿਭਾ ਤੋਂ ਕਾਇਲ ਹੋਣ ਵਾਲੇ, ਸੈਨਿਕਾਂ ਵਿਚੋਂ, ਆਪ ਵੀ ਇਕ ਹਨ। ਇਸ ਸਬੰਧ ਵਿਚ ਬਾਹੋਵਾਲ ਜੀ ਇਕ ਤੋਂ ਵਧੇਰੇ ਥਾਂਵਾਂ ਤੇ ਇਹ ਹਵਾਲੇ ਦਿੰਦੇ ਹਨ-

"ਸ੍ਰੀ ਸਤਿਗੁਰੂ ਜੀ ਰਾਤ ਕੋ ਭੀ ਨਾ ਸੇ ਬਰਾਜਦੇ। ਰਾਤ ਦਿਨੇ ਇਕ ਰਸ ਰਸਨਾ ਕਾ ਜਾਪ ਕਰਦੇ ਹੈਂ। ਜਾਂ ਕੋਈ ਸਿੰਘ ਦੇਖੇ ਸਤਿਗੁਰੂ ਜੀ ਵੰਨੇ ਤਾਂ ਭਜਨ ਈ ਕਰਦੇ ਦਿਸਣ। ਇਸ਼ਨਾਨ ਅੰਮ੍ਰਿਤ ਵੇਲੇ ਜ਼ਰੂਰ ਕਰਨਾ ਅਰ ਫੌਜ ਮੇਂ ਭੀ ਬਚਨ ਕਰਨਾ ਉਠੋ ਇਸ਼ਨਾਨ ਕਰਕੇ ਭਜਨ ਕਰੋ। ਸੁੱਤੇ ਕਿਉਂ ਪਏ ਹੋ? ਭਜਨੀਆਂ ਨੇ ਤਾਂ ਕਈਆਂ ਨੇ ਉਠਣਾ ਵੀ, ਇਸ਼ਨਾਨ ਭੀ ਕਰਨਾ, ਭਜਨ ਕਰਨਾ ਤੇ ਜੇੜ੍ਹਾ ਮਲੇਛ ਖਾਲਸਾ ਸੀ ਸੋ ਸੁੱਤਾ ਪਿਆ ਈ ਆਖ ਛੱਡੇ ਕਿ ਸਾਰੀ ਰਾਤ ਸੌਣ ਨਹੀਂ ਦਿੰਦਾ ਹੈ। ਏਨੂੰ ਨੀਂਦ ਨਹੀਂ ਔਂਦੀ ਹੈ।"

"ਬੜੇ ਮਸਤਾਨੇ ਹੋਇ ਗਏ। ਕੋਈ ਸਾਹਮਣੇ ਬੋਲ ਨਾ ਸੀ ਸੱਕਦਾ। ਜੰਗਲ ਮੇਂ ਜਾਇਕੇ ਪਦਮ ਆਸਣ ਲਗਾਇ ਕੇ ਸਮਾਧੀ ਲਾਇ ਕੇ ਭਜਨ ਕਰਨਾ। ਕੂਕਰਾਂ ਕੋ ਭੀ ਪ੍ਰਸਾਦਾ ਪਾਵਣਾ। ਜੇ ਬਿਸਤਰੇ ਉਤੇ ਨਹੀਂ ਹੈਂ ਤਾਂ ਨਹੀਂ ਹੈਂ। ਬੇਪਰਵਾਹ ਰੂਪ ਹੋਇ ਗਏ ਹੈਂ। ਖਾਣ ਪੀਣ ਦੀ ਖਵਰ ਨਾ ਰੱਖਦੇ ਹੈ। ਏਤਨੇ ਕੁ ਸਿੰਘਾਂ ਨੂੰ ਭਰੋਸਾ ਹੋਇਆ ਜੋ ਇਹੋ ਪੂਰਨ ਪੁਰਖ ਹੈ। ਕਾਹਨ ਸਿੰਘ ਚੱਕ ਦਾ ਜਮੀਤ ਸਿੰਘ ਗਿੱਲਾਂ ਕਾ, ਧਿਆਨ ਸਿੰਘ ਮਾਲਵੇ ਕਾ, ਦੂਲਾ ਸਿੰਘ ਰਾਜੇ ਆਣੇ ਕਾ, ਜੀਤ ਸਿੰਘ ਠਰੂ ਕਾ, ਰਾਜਾ ਸਿੰਘ ਤਰਾਂਡੀ ਕਾ। ਜੋ ਬੋਲਾ ਕਰਦੇ ਹੈਂ ਸ੍ਰੀ ਸਤਿਗੁਰੂ ਜੀ ਤਾਂ ਇਹੋ ਸਿੰਘ ਕੁਛ ਕੁ ਸਮਝਦੇ ਹੈਂ। ਏਤਨੇ ਕੁ ਸਿੰਘ ਸ਼ਰਧਾ ਰੱਖਦੇ ਸੇ। ਪਰਸ਼ਾਦ ਭੀ ਇਹੋ ਛਕਾਉਂਦੇ ਸੇ। ਜਦ ਪਰਸ਼ਾਦ ਬਣੇ ਤਾਂ ਜਿਥੇ ਸ੍ਰੀ ਸਤਿਗੁਰੂ ਜੀ ਹੋਣ ਉਥੋਂ ਸੱਦਕੇ ਪਰਸ਼ਾਦ ਛਕਾਉਣਾ। ਸਿੰਘਾਂ ਸਮਝਣਾ ਬਹੁਤ ਬੰਦਗੀ ਕਰਨੇ ਸੇ ਸਰੀਰ ਕੀ ਸੁੱਧ ਵੀ ਨਹੀਂ ਰੱਖਦੇ ਹੈਂ।.."[5]

ਫਿਰ ਭਾਈ ਬਾਹੋਵਾਲ ਹਜਰੋ ਸਾਹਿਬ ਵਿਖੇ ਗੁਰੂ ਬਾਲਕ ਸਿੰਘ ਜੀ ਅਤੇ ਸਤਿਗੁਰੂ ਬਾਲਕ ਸਿੰਘ ਜੀ ਦੇ ਮਿਲਾਪ ੧੮੪੧ ਈ. ਦਾ ਜ਼ਿਕਰ ਕਰਦੇ ਹੋਏ, ਸਤਿਗੁਰੂ ਜੀ ਦੇ ਨਾਮਬਾਣੀ ਦੇ ਸੁਭਾਉ ਵਿਚ ਰੰਗੇ ਹੋਣ ਦਾ ਵੇਰਵਾ ਦੇ ਕੇ, ਨਿਕਟਵਰਤੀ ਉਪਰਲੇ ਛੇ ਸਿੰਘਾਂ ਵਿਚੋਂ ਤਿੰਨ ਨਾਮ ਹੀ ਲਿਖਦੇ ਹਨ, ਅਤੇ ਬਾਬਾ ਤਰਾਂਡੀ ਇਹਨਾਂ ਤਿੰਨਾਂ ਵਿਚੋਂ ਇਕ ਹੋਣ ਦਾ ਮਾਨ ਹਾਸਲ ਕਰਦਾ ਹੈ-

"ਫੌਜ ਮੇਂ ਭਜਨ ਕਰਦੇ ਸ੍ਰੀ ਸਤਿਗੁਰੂ ਜੀ ਮਸਤਾਨੇ ਭੀ ਹੋ ਜਾਂਦੇ ਹੈਂ। ਕਈ ਸਿੰਘ ਕਹਿਣ ਸੂਤਰ ਹੋਇਆ ਹੈ। ਭਜਨ ਕਾ ਰਟਨ ਪੈ ਗਿਆ ਮਾਨੋ ਨਾਮ ਕਾ ਦਰਵਾਜ਼ਾ ਖੋਲਿਆ ਹੈ। ਕਾਹਨ ਸਿੰਘ ਚੱਕ ਦਾ, ਜੀਤ ਸਿੰਘ ਠਰੂ ਕਾ, ਰਾਜਾ ਸਿੰਘ ਤਰਾਂਡੀ ਕਾ ਏਹੋ ਸਿੰਘ ਦੇਖਦੇ ਸੇ।"[6]

ਆਪਣੇ ਉਪਰੋਕਤ ਸੰਗੀਆਂ ਤੇ ਹੋਰ ਸੈਨਿਕ ਸਿੰਘਾਂ ਨੂੰ ਪਰੇਰ ਕੇ, ਸਤਿਗੁਰੂ ਜੀ ਨੇ ਇਹਨਾਂ ਤੋਂ ਉਗਰਾਹੀ ਇਕੱਠੀ ਕਰਕੇ, ਫੌਜ ਵਿਚ ਵੀ ਆਪਣਾ ਲੰਗਰ ਜਾਰੀ ਕਰ ਦਿੱਤਾ ਜਿਸ ਕਰਕੇ ਹਰ ਅਭਿਆਗਤ ਦੀ ਲੋੜ ਵੀ ਪੂਰੀ ਹੁੰਦੀ, ਉਦਰ ਪੂਰਤੀ ਦੀ ਅਤੇ ਗੁਰਸਿੱਖੀ ਦੇ ਬੁਨਿਆਦੀ ਅਸੂਲਾਂ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੀ ਵਿੱਸਰ ਚੁੱਕੀ ਮਰਿਆਦਾ ਵੀ ਦ੍ਰਿੜ ਹੋ ਗਈ। ਬਾਹੋਵਾਲ ਜੀ ਦਾ ਵਰਣਨ ਢੰਗ ਬੜਾ ਸ਼ਾਨਦਾਰ ਹੈ -"ਅਗਲੇ ਦਿਨ ਤਿੰਨਾਂ ਸਿੰਘਾਂ ਬੀਂ ਭੀ ਕੁਝ ਗੱਫਾ ਪਵਾਇਕੇ ਇਕੱਠੇ ਕਰਕੇ ਦਾਣੇ ਲਿਆਇਕੇ ਕੋਠੀ ਮੈ ਪਾਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਪੁੰਨ ਖਾਤਾ ਵਰਤਨਾ ਹੋਵੇ ਤਾਂ ਏਸੇ ਵਿਚੋਂ ਵਰਤੀ ਜਾਓ। ਧਰਮ ਰੀਤੀ ਦੇਗ ਕੀ ਉਸੀ ਦਿਨ ਸੇ ਨੀਹ ਧਰੀ ਹੈ। ਗੁਰੂ ਜੀ ਕੇ ਪੁੰਨ ਪ੍ਰਤਾਪ ਸੇ 'ਭਗਤਾਂ ਕੀ ਫੌਜ' ਸੱਦੀ ਦੀ ਸੀ। ਨਾਲੇ ਨਾਮ ਜਪਦੇ ਹੈਂ ਨਾਲੇ ਆਏ ਭੁੱਖੇ ਕੋ ਪਰਸ਼ਾਦਾ ਛਕਾਉਂਦੇ ਹੈ...। ਆਗੇ ਗੁਪਤ ਸੇ, ਉਸੀ ਦਿਨ ਸੇ ਪਰਗਟ ਹੋਣ ਲਗੇ ਹੈਂ।"...[7]

ਇਉਂ ਸੂਬਾ ਰਾਜਾ ਸਿੰਘ ਜੀ ਦਾ ਮੁੱਢਲਾ ਜੀਵਨ ਵੀ, ਸ੍ਰੀ ਸਤਿਗੁਰੂ ਜੀ ਦੇ ਅੰਗ ਸੰਗ ਬੀਤਦਾ ਹੈ ਅਤੇ ਭਾਵੀ ਜੀਵਨ ਵੀ, ਗੁਰਮਤਿ ਗਾਡੀ ਰਾਹ ਵਾਲੀ, ਇਸ ਟਕਸਾਲ ਵਿਚੋਂ ਘੜਿਆ ਜਾ ਰਿਹਾ ਹੈ। ੧੮੪੯ ਈ. ਵਿਚ ਫਰੰਗੀਆਂ ਦੇ ਪੰਜਾਬ ਤੇ ਕਬਜ਼ੇ ਬਾਅਦ ਉਹ ਆਪਣੇ ਪਿੰਡ ਤਰਾਂਡੀ ਆ ਕੇ ਆਪਣੇ ਪਰਿਵਾਰ ਦੀ ਦੇਖਭਾਲ ਅਤੇ ਦੋਹਾਂ ਤਰ੍ਹਾਂ ਦੇ ਵਿਹਾਰ ਕਾਰ ਵਿਚ ਰੁੱਝ ਜਾਂਦੇ ਹਨ। ਪਿਤਾ ਪੁਰਖੀ ਲੋਹਾਰਾ ਤਰਖਾਣਾ ਕੰਮ ਵੀ ਕਰਦੇ ਹਨ ਅਤੇ ਆਪਣੀ ਜਾਂ ਬਟਾਈ ਤੇ ਲਈ ਭੂਮੀ ਤੇ ਖੇਤੀਬਾੜੀ ਵੀ ਕਰਦੇ ਹਨ। ਪੰਜਾਬ ਦੇ ਜੱਟਾਂ ਅਤੇ ਰਾਮਗੜ੍ਹੀਆਂ ਦੀਆਂ ਬਹੁਤ ਸਾਰੀਆਂ ਗੋਤਾਂ ਸਾਂਝੀਆਂ ਹਨ ਜਿਸ ਤੋਂ ਪਤਾ ਚੱਲਦਾ ਹੈ ਕਿ ਖੇਤੀ ਅਤੇ ਦਸਤਕਾਰੀ, ਇਕ ਦੂਜੇ ਦੇ ਸਹਾਇਕ ਧੰਦੇ ਹੋਣ ਕਾਰਨ, ਇਹ ਦੋਵੇਂ ਕੰਮ



Namdhari Elibrary NamdhariElibrary@gmail.com

ਕਈ ਵੇਰ ਨਾਲੋਂ ਨਾਲ ਵੀ ਕੀਤੇ ਜਾ ਸੱਕਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਸੈਨਿਕ ਜੀਵਨ ਬਾਅਦ, ਭੈਣੀ ਸਾਹਿਬ ਵਿਚ ਕੁਝ ਵਰ੍ਹੇ ਖੇਤੀਬਾੜੀ ਕਰਨ ਮਗਰੋਂ, ਫ਼ੀਰੋਜ਼ਪੁਰ ਛਾਉਣੀ ਵਿਚ, ੧੮੫੦ ਈ. ਤੋਂ ੧੮੫੫ ਈ. ਤੱਕ, ਨਵੀਆਂ ਉਸਾਰੀਆਂ, ਜੋ ਅੰਗਰੇਜ਼ ਸਰਕਾਰ ਕਰਵਾ ਰਹੀ ਸੀ, ਵਿਚ ਰਾਜਗੀਰੀ ਕਰਦੇ ਰਹੇ। ਇਥੇ ਵੀ ਆਪ ਨੇ ਆਪਣੀ ਸੰਗਤ ਤਿਆਰ ਕਰ ਲਈ। ਨਾਮ-ਬਾਣੀ, ਕਥਾ-ਕੀਰਤਨ, ਲੰਗਰ ਦੀ ਮਰਯਾਦਾ ਇਕਰਸ ਚੱਲਦੀ ਰਹੀ। ਇਸ ਲਈ ਬਾਬਾ ਰਾਜਾ ਸਿੰਘ ਤਰਾਂਡੀ ਆਦਿਕ ਫੌਜੀ ਜੀਵਨ ਸਮੇਂ ਦੇ ਸੰਗੀ, ਦਰਸ਼ਨ ਦੀਦਾਰਿਆਂ ਲਈ ਇਥੇ ਵੀ ਪੁੱਜਦੇ ਰਹੇ-

"ਜੇਹੜੇ ਅਗਲੇ ਭਜਨੀ ਸਿੰਘ ਸੇ ਨੌਕਰੀ ਦੇ ਵੇਲੇ ਦੇ ਸੋ ਭੀ ਫੀਰੋਜ਼ਪੁਰ ਆਇਕੇ ਦਰਸ਼ਨ ਕਰਦੇ ਹੈਂ। ਦਰਸ਼ਨ ਕਰਕੇ ਸਭ ਕਹਿੰਦੇ ਹੈਂ ਪਰਮੇਸ਼ਰ ਜੀ ਕਲਾ ਧਾਰੀ ਹੈ।"[੮]

੧੮੫੭ ਈ. ਵਿਚ ਸੰਤ ਖਾਲਸਾ ਸਾਜਣਾ ਤੋਂ ਬਾਅਦ ਵੀ ਪੁਰਾਣੇ ਸੈਨਿਕ ਗਾਹੇ ਬਗਾਹੇ ਸ੍ਰੀ ਭੈਣੀ ਸਾਹਿਬ ਪੁੱਜਣ ਲੱਗ ਗਏ ਕਿਉਂ ਜੁ ਉਹ ਇਸ ਤਰ੍ਹਾਂ ਦੀਆਂ ਕਨਸੋਆਂ ਸੁਣਦੇ ਰਹਿੰਦੇ ਸਨ ਕਿ ਭਾਈ ਭਗਤਾਂ ਦੀ ਫੌਜ ਵਾਲੇ ਮਸਤਾਨੇ ਨੇ ਆਪਣਾ ਨਵਾਂ ਪੰਥ (ਨਾਮਧਾਰੀ ਸੰਤ ਖਾਲਸਾ) ਸਾਜ ਦਿੱਤਾ ਹੈ। ਇਉਂ ਬਾਬਾ ਤਰਾਂਡੀ ਵੀ ਸ੍ਰੀ ਭੈਣੀ ਸਾਹਿਬ ਪੁੱਜ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰਮਰਿਆਦਾ ਵਿਚ ਪਰਪੱਕ ਹੋ ਗਏ। ਰਹਿੰਦੇ ਉਹ ਆਪਣੇ ਪਿੰਡ ਵਿਚ ਹੀ ਅਤੇ ਵਿਹਾਰ ਕਾਰ ਵਿਚੋਂ ਬਚਦਾ ਵਕਤ ਆਲੇ ਦੁਆਲੇ ਦੇ ਨਗਰਾਂ ਵਿਚ ਸਿੱਖੀ ਪਰਚਾਰ ਦੇ ਲੇਖੇ ਲਾਉਂਦੇ। ਇਸੇ ਲਈ ਜਦੋਂ ਸ੍ਰੀ ਸਤਿਗੁਰੂ ਜੀ ਨੇ ੧੮੬੫-੬੭ ਈ. ਵਿਚ ਸੂਬਿਆਂ ਦੀ ਦੂਜੀ ਖੇਪ ਜਾਂ ਤੀਜੀ ਖੇਪ ਜਾਰੀ ਕੀਤੀ ਤਾਂ ਆਪ ਨੂੰ ਵੀ ਇਹ ਮਹੱਤਵਪੂਰਨ ਪਦਵੀ ਸਉਂਪ ਦਿੱਤੀ ਗਈ। ਇਹ ਜ਼ਿੰਮੇਵਾਰੀ ੧੮੬੭ ਈ. ਦੇ ਅਖੀਰ ਵਿਚ ਦਿੱਤੀ ਹੀ ਮਲੂਮ ਹੁੰਦੀ ਹੈ ਇਸੇ ਲਈ ੧੮੬੭ ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦੀਪਾਵਲੀ ਸਮੇਂ ਸਰਕਾਰੀ ਰੀਪੋਰਟਾਂ ਵਿਚ ਵਰਣਿਤ ਸੂਬਾ ਸਾਹਿਬਾਨ ਵਿਚ ਆਪ ਦਾ ਨਾਮ ਨਹੀਂ ਆਉਂਦਾ।

ਅੰਗਰੇਜ਼ ਸਰਕਾਰ ਕੂਕਾ ਜਥੇਬੰਦੀ ਨੂੰ, ਆਪਣੇ ਲਈ ਭੈਅ ਦਾ ਕਾਰਨ ਸਮਝਦੀ ਸੀ। ਇਸ ਲਈ ਉਹ ਗਾਹੇ ਬਗਾਹੇ, ਸਤਿਗੁਰੂ ਜੀ ਤੋਂ ਉਹਨਾਂ ਦੇ ਸੂਬਿਆਂ ਬਾਰੇ ਜਾਣਕਾਰੀ, ਉਹਨਾਂ ਦੇ ਜ਼ੁਬਾਨੀ ਲੈਣੀ ਚਾਹੁੰਦੀ ਸੀ। ਪ੍ਰੰਤੂ ਨੀਤੀ ਨਿਪੁੰਨ ਸਤਿਗੁਰੂ ਜੀ, ਆਪਣੇ ਭਾਵੀ ਮਨੋਰਥਾਂ ਤੋਂ ਹਕੂਮਤ ਨੂੰ ਅਨਜਾਣ ਰੱਖਣ ਲਈ, ਆਪਣੇ ਸੂਬਿਆਂ ਦੇ, ਸਿਰਫ ਅਧਿਆਤਮਕ ਖੇਤਰ ਵਿਚ ਹੀ ਸਰਗਰਮ ਹੋਣ ਦੀ, ਚਰਚਾ ਕਰ ਕੇ ਗੱਲ ਟਾਲ ਦਿੰਦੇ ਸਨ-

"ਏਕ ਸਮੇਂ ਤਸੀਲਦਾਰ ਤੇ ਫਰੰਗੀ ਦੋਨੋਂ ਗੁਰੂ ਜੀ ਸੇ ਪੁਛਣੇ ਲਗੇ ਤੁਮਾਰੇ ਸੂਬਿਆਂ ਦਾ ਕੀ ਨਾਮ ਹੈ ਤੇ ਵਜੀਰ ਦਾ ਕੀ ਨਾਉ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਡੇ ਸੂਬੇ ਰਾਜਿਆਂ ਵਾਂਗੂੰ ਨਹੀਂ ਹੈਂ। ਸਾਡੇ ਕੋਲ ਕੋਈ ਰਾਜ ਨਹੀਂ ਹੈ। ਏਹ ਸੂਬੇ ਨਾਮ ਕੇ ਸੁਨਾਉਣੇ ਵਾਲੇ ਹਨ। ਨਾਮ ਦਾ ਹੀ ਰਾਜ ਹੈ। ਹੋਰ ਰਾਜੇ ਝੂਠੇ ਹੈ। ਨਾਮ ਕਾ ਰਾਜ ਸੱਚਾ ਹੈ।"[੯]

ਗਾਹੇ ਬਗਾਹੇ ਤਰਾਂਡੀ ਜੀ, ਸ੍ਰੀ ਭੈਣੀ ਸਾਹਿਬ ਆ ਕੇ ਦਰਸ਼ਨ ਦੀਦਾਰੇ ਵੀ ਕਰਦੇ ਅਤੇ ਸੇਵਾ ਕਰਕੇ ਜਨਮ ਸਫਲ ਵੀ ਕਰਦੇ। ਇਸ ਪ੍ਰਥਾਇ ਵੀ ਆਪ ਦੀ ਇਕ ਅਜੇਹੀ ਭੈਣੀ ਸਾਹਿਬ ਯਾਤਰਾ ਦਾ ਬਿਰਤਾਂਤ ਬਾਹੋਵਾਲ ਜੀ ਨੇ ਕਾਨੀਬੰਦ ਕੀਤਾ ਹੈ ਜਿਸ ਦਾ ਸਾਰਤੱਤ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ, ਭੁੱਖ ਦੇ ਭੂਤ ਤੋਂ ਵੀ ਦੇਸ਼ ਵਾਸੀਆਂ ਦਾ ਖਹਿੜਾ ਛੁਡਾਉਣਾ ਸੀ। ਭੁੱਖ ਅੱਜ ਵੀ ਮੁਲਕ ਦੀ ਬਹੁਸੰਖਿਆ ਨੂੰ ਪਰੇਸ਼ਾਨ ਕਰ ਰਹੀ ਹੈ। ਇਸੇ ਲਈ ਬਾਬਾ ਸੋਹਣ ਸਿੰਘ ਭਕਨਾ ਅਕਸਰ ਕਿਹਾ ਕਰਦੇ ਸਨ, "ਜਿਹੜੀ ਆਜ਼ਾਦੀ ਸਤਿਗੁਰੂ ਰਾਮ ਸਿੰਘ ਜੀ ਨੇ ਦੁਆਉਣ ਦਾ ਸੰਕਲਪ ਕੀਤਾ ਸੀ, ਸਾਡੀ ਆਜ਼ਾਦੀ ਉਸ ਤੋਂ ਬੜੀ ਉਰਾਂਹ ਹੈ।" ਫ਼ੇਰ, ਤਰਾਂਡੀ ਜੀ ਵਾਲੀ ਸਾਖੀ ਇਉਂ ਹੈ-

"ਏਕ ਸਮੇਂ ਰਾਜਾ ਸਿੰਘ ਤਰਾਂਡੀ ਕਾ ਰਾਮਦਾਸਪੁਰੇ ਸਾਹਿਬ (ਭੈਣੀ ਸਾਹਿਬ) ਆਇਆ। ਪਰਸ਼ਾਦੇ ਵਰਤਾਵਣ ਲਾਇਆ। ਏਕ ਸਿੰਘ ਸੱਤ ਪੰਗਤਾਂ ਨਾਲ ਛਕਦਾ ਰਿਹਾ। ਬਰਤਾਵੇ ਨੇ ਕਿਹਾ ਕਿ ਮੈਂ ਅਰਜ ਕਰ ਕੇ ਉਠਾਲ ਦਿੰਦਾ ਹਾਂ। ਅਰਜ਼ ਕਰਨ ਆਇਆ। ਅੰਤਰਜਾਮੀ ਜੀ ਉਸਨੂੰ ਆਉਂਦੇ ਨੂੰ ਦੇਖ ਕੇ ਬਚਨ ਕੀਤਾ ਕੇਹੋ ਜੇਹੇ ਐਂਦੇ ਹਨ ਸੱਤਾਂ ਜਨਮਾਂ ਦੇ ਭੁੱਖੇ। ਸੱਤ ਸੱਤ ਪੰਗਤਾਂ ਛਕਦੇ ਹੈਂ। ਗੁਰੂ ਜੀ ਦੇ ਘਰ ਭੁੱਖ ਲਹਿੰਦੀਂ ਹੈ। ਸੁਣਦੇ ਸਾਰ ਜਾ ਕੇ ਪਰਸਾਦੇ ਬਰਤਾਵਣ ਲੱਗਾ। ਕਹੇ ਹੇ ਪਰਮੇਸ਼ਰ ਤੇਰੀਆਂ ਤੂੰ ਹੀ ਜਾਣੇ।"[੧੦]

ਸੂਬਾ ਰਾਜਾ ਸਿੰਘ ਤਰਾਂਡੀ ਵਾਲੇ ਬਿਹੰਗਮ ਸਾਧੂ ਨਹੀਂ ਸਨ ਸਗੋਂ ਉਹ ਗ੍ਰਹਿਸਤੀ ਸਨ। ਜਿਸ ਦਾ ਸਬੂਤ ਸਰਕਾਰੀ ਰੀਕਾਰਡ ਵਿਚੋਂ ਮਿਲਦਾ ਹੈ। ਸ਼ਹਿਰ ਲਹੌਰ ਵਿਚ ਕੂਕਿਆਂ ਦੇ ਪ੍ਰਸਿੱਧ ਆਗੂਆਂ ਵਿਚ ਬਾਬਾ ਦੇਵਾ ਸਿੰਘ, ਪੰਜ ਗਰਾਈਆਂ ਵਾਲਾ, ਮਹੰਤ ਹਰਨਾਮ ਸਿੰਘ, ਮੱਖਣ ਸਿੰਘ ਮਹੰਤ ਅਤੇ ਸੂਬਾ ਰਾਜਾ ਸਿੰਘ ਦਾ ਦਾਮਾਦ-ਇੰਦਰ ਸਿੰਘ ਮਸ਼ੀਨਾਂ ਵਾਲਾ ਸ਼ਾਮਲ ਸੀ।[੧੧]

ਸੂਬਾ ਰਾਜਾ ਸਿੰਘ ਤਰਾਂਡੀ ਰਾਜਨੈਤਿਕ ਜੋੜ ਤੋੜ ਵਿਚ ਵੀ ਮਾਹਰ ਵਿਅਕਤੀ ਸੀ। ਆਪਣੇ ਅੰਦੋਲਨ ਨੂੰ ਸੈਨਿਕ ਰੂਪ ਦੇਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਕਸ਼ਮੀਰ ਵਿਚ ਕੂਕਾ ਰੈਜੀਮੈਂਟ ਖੜ੍ਹੀ ਕਰਵਾਈ ਸੀ ਜਿਸਦਾ ਆਗੂ ਹੀਰਾ ਸਿੰਘ



Namdhari Elibrary NamdhariElibrary@gmail.com

ਲੰਮੂ ਸਢੌਰੇ ਵਾਲਾ ਅਤੇ ਤਾਰਾ ਸਿੰਘ ਮਿਸਰੀ ਮਿਆਣੀ ਆਦਿ ਸੁਲਝੇ ਹੋਏ ਕੂਕੇ ਸਿੰਘ ਸਨ। ਸਰਕਾਰੀ ਰੀਪੋਰਟਾਂ ਮੁਤਾਬਿਕ ਇਹਨਾਂ ਵਿਚ ੩੦੦ ਤੱਕ ਨਾਮਧਾਰੀ ਸਿੰਘ ਕਸ਼ਮੀਰ ਦੀ ਫੌਜ ਵਿਚ ਭਰਤੀ ਹੋ ਕੇ ਫੌਜੀ ਸਿਖਿਆ ਲੈਂਦੇ ਰਹੇ। ਇਸ ਕਾਰਜ ਵਿਚ ਵੀ ਸੂਬਾ ਤਰਾਂਡੀ ਹੀ ਸਹਾਇਕ ਸਿੱਧ ਹੋਏ। ਕਸ਼ਮੀਰ ਦਰਬਾਰ ਵਿਚ ਦੋ ਧੜੇ ਸਨ, ਇਕ ਵੱਡੇ ਵਜ਼ੀਰ ਦੀਵਾਨ ਕਿਰਪਾ ਰਾਮ ਏਮਨਾਬਾਦੀ ਦਾ ਸੀ ਜੋ ਅੰਗਰੇਜ਼ਾਂ ਨਾਲ ਬਣਾ ਕੇ ਰੱਖਣ ਦੇ ਹੱਕ ਵਿਚ ਸੀ। ਦੂਜਾ ਧੜਾ ਮਹਾਰਾਜ ਗੁਲਾਬ ਸਿੰਘ ਦੇ ਗੁਰੂ ਵੇਦਾਂਤੀ ਜੀ ਦਾ ਸੀ। ਉਹ ਗੁਲਾਬ ਸਿੰਘ ਦੇ ਸਮੇਂ ਤੋਂ ਇਕ ਵਿਦਿਆਲਾ ਵੀ ਇੱਥੇ ਚਲਾਉਂਦਾ ਸੀ। ਕਸ਼ਮੀਰ ਦਾ ਨਵਾਂ ਰਾਜਾ ਰਣਬੀਰ ਸਿੰਘ ਅਹਿਦਨਾਮੇ ਦੀਆਂ ਸ਼ਰਤਾਂ ਤੋਂ ਵਧ ਅੰਗਰੇਜ਼ੀ ਦਖਲ ਨੂੰ ਰਿਆਸਤ ਵਿਚ ਪਸੰਦ ਨਹੀਂ ਸੀ ਕਰਦਾ। ਵੇਦਾਂਤੀ ਜੀ ਵਾਲਾ ਧੜਾ ਕਸ਼ਮੀਰ ਨੂੰ ਅੰਗਰੇਜ਼ਾਂ ਦੇ ਅਸਰ ਰਸੂਖ ਤੋਂ ਬਚਾ ਕੇ ਇਸ ਨੂੰ ਨੀਮ ਸੁਤੰਤਰ ਹਿੰਦੂ ਰਾਜ ਰੱਖਣਾ ਚਾਹੁੰਦਾ ਸੀ। ਗੁਜਰਾਂਵਾਲਾ ਅਤੇ ਸਿਆਲਕੋਟ ਦੇ ਜ਼ਿਲ੍ਹਿਆਂ ਦੇ ਬਹੁਤ ਸਾਰੇ ਨਾਮਧਾਰੀ ਵੇਦਾਂਤੀ ਜੀ ਦੇ ਮਿੱਤਰ ਸਨ ਅਤੇ ਇਹਨਾਂ ਪਾਸ ਆਉਂਦੇ ਜਾਂਦੇ ਰਹਿੰਦੇ ਸਨ। ਕਿਸ਼ਨ ਸਿੰਘ ਦੂਸਰਾ ਨਾਮ ਹਰੀ ਸਿੰਘ, ਪਿੰਡ ਗੜ੍ਹ ਜ਼ਿਲ੍ਹਾ ਅੰਮ੍ਰਿਤਸਰ ਅਤੇ ਸੂਬਾ ਰਾਜਾ ਸਿੰਘ ਤਰਾਂਡੀ ਵਾਲਾ ਵੇਦਾਂਤੀ ਜੀ ਨੂੰ ਬਹੁਤ ਵਾਰੀ ਮਿਲਦੇ ਰਹਿੰਦੇ ਸਨ।[੧੨]

ਕਸ਼ਮੀਰ ਵਿਚ ਕੂਕਾ ਸੈਨਿਕ ਸਰਗਰਮੀ ੧੮੬੯ ਈ. ਵਿਚ ਸ਼ੁਰੂ ਹੋ ਗਈ ਸੀ ਅਤੇ ਅਗਲੇ ਵਰ੍ਹੇ ਸਤਿਗੁਰੂ ਜੀ ਅਤੇ ਪ੍ਰਮੁੱਖ ਸੂਬਿਆਂ ਨੇ ਦੂਜੀ ਗੁਆਂਢੀ ਰਿਆਸਤ ਜੋ ਪ੍ਰਭੂ ਸੱਤਾ ਸੰਪੰਨ ਰਾਜ ਨੇਪਾਲ ਸੀ, ਵਿਖੇ ਆਪਣੇ ਮਕਸਦ ਲਈ ਤਾਲਮੇਲ ਸ਼ੁਰੂ ਕੀਤਾ। ਇੱਥੇ ਵੀ ਪਰਮੁਖ ਭੂਮਿਕਾ ਨਿਭਾਹੁਣ ਵਾਲਾ ਵੇਦਾਂਤੀ ਜੀ ਅਤੇ ਤਰਾਂਡੀ ਜੀ ਦਾ ਸਾਂਝਾ ਮਿੱਤਰ ਭਾਈ ਕਿਸ਼ਨ ਸਿੰਘ ਗਰੰਥ ਗੜ੍ਹ ਬਣਿਆ। ਜਿਸ ਕਾਰਨ ਕੂਕਿਆਂ ਦੇ ਕੂਟਨੀਤਕ ਸਬੰਧ ਨੇਪਾਲ ਰਾਜ ਨਾਲ ਸਥਾਪਿਤ ਹੋਣੇ ਸ਼ੁਰੂ ਹੋ ਗਏ ਸਨ ਪਰ ਅੰਗਰੇਜ਼ ਸਰਕਾਰ ਨੇ ਕਾਸ਼ੀ ਨਰੇਸ਼ ਸ਼ਿਵਰਾਜ ਸਿੰਘ ਨੂੰ, ਆਪਣੇ ਦੂਤ ਵਜੋਂ ਨੇਪਾਲ ਦੇ ਰਾਣੇ ਜੰਗਬਹਾਦਰ ਪਾਸ, ਇਸ ਆਸ਼ੇ ਨਾਲ ਭੇਜਿਆ ਕਿ ਸਰਕਾਰ ਅੰਗਰੇਜ਼ੀ ਦੀਆਂ ਨਜ਼ਰਾਂ ਵਿਚ ਸ਼ੱਕੀ ਕੂਕਿਆਂ ਨਾਲ ਕੂਟਨੀਤਕ ਸਬੰਧ ਜਾਂ ਉਹਨਾਂ ਨੂੰ ਫੌਜੀ ਸਿਖਲਾਈ ਦੇਣੀ, ਉਸ ਦੇ ਰਾਜ ਦੇ ਹਿੱਤ ਵਿਚ ਨਹੀਂ ਹੋਏਗੀ। ਸੂਬਾ ਕਾਹਨ ਸਿੰਘ ਤੇ ਸਾਹਿਬ ਸਿੰਘ ਦੇ ਨੇਪਾਲ ਮਿਸ਼ਨ ਤੋਂ ਕੁਝ ਮਹੀਨੇ ਬਾਦ ਹੀ ਅੰਮ੍ਰਿਤਸਰ ਤੇ ਰਾਇਕੋਟ ਬੁਚੜਬੱਧ ਦੇ ਸਾਕੇ ਵਾਪਰ ਗਏ ਜਿਸ ਕਾਰਨ ਕੂਕਿਆਂ ਦੀਆਂ ਫਾਂਸੀਆਂ ਤੋਂ ਕੂਕਾ ਰੈਜੀਮੈਂਟ ਕਸ਼ਮੀਰ ਅਤੇ ਨੇਪਾਲ ਨਾਲ ਸਬੰਧਾਂ ਦਾ ਅੱਗੇ ਵਧਣਾ ਵਿਚ ਵਿਚਾਲੇ ਹੀ ਰਹਿ ਗਿਆ। ਸੋ ਇਹਨਾਂ ਦੋਹਾਂ ਇਤਿਹਾਸਕ ਕਾਰਨਾਮਿਆਂ ਨਾਲ ਵੀ ਸੂਬਾ ਤਰਾਂਡੀ ਜੀ ਦੀ ਵਿਲੱਖਣ ਪ੍ਰਤਿਭਾ ਅਤੇ ਬਰੀਕ ਬੀਨੀ ਵਾਲੀ ਸੋਚ, ਕਿਸੇ ਨਾ ਕਿਸੇ ਢੰਗ ਨਾਲ ਜੁੜੀ ਮਾਲੂਮ ਹੁੰਦੀ ਹੈ।

ਪੰਜਾਬ ਤੇ ਅੰਗਰੇਜ਼ੀ ਕਬਜ਼ਾ ਹੋਣ ਸਮੇਂ ਅੰਮ੍ਰਿਤਸਰ ਵਿਚ ਇਕ ਪੱਤਰੇ ਤੇ ਉੱਕਰ ਕੇ ਟੰਗਿਆ ਗਿਆ ਸੀ ਕਿ ਅੰਮ੍ਰਿਤਸਰ ਵਿਚ ਗਊ ਬੱਧ ਨਹੀਂ ਹੋਵੇਗਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਜਦੋਂ ਕਦੇ ਅੰਗਰੇਜ਼ਾਂ ਦੀਆਂ ਫੌਜਾਂ ਅਫਗਾਨਿਸਤਾਨ ਵੱਲ ਜਾਣ ਲਈ ਪੰਜਾਬ ਵਿਚੋਂ ਲੰਘਦੀਆਂ ਤਾਂ ਅਹਿਦਨਾਮੇ ਦੀਆਂ ਸ਼ਰਤਾਂ ਮੁਤਾਬਿਕ ਉਹ ਗਊ ਬੱਧ ਨਹੀਂ ਸਨ ਕਰ ਸੱਕਦੇ। ਪ੍ਰੰਤੂ ਮਾਰਚ ੧੮੪੯ ਈ. ਵਿਚ, ਪੰਜਾਬ ਦੇ ਅੰਗਰੇਜ਼ੀ ਰਾਜ ਵਿਚ ਮੁਕੰਮਲ ਰਲੇਵੇਂ ਬਾਦ, ਛੇਤੀ ਹੀ ਅੰਮ੍ਰਿਤਸਰ ਵਿਚ ਗਊ ਬੱਧ ਸ਼ੁਰੂ ਹੋ ਗਿਆ। ਹੁਣ ਜਦੋਂ ਰੈਜ਼ੀਡੈਂਟ ਦੇ ਉੱਕਰੇ ਆਦੇਸ਼ ਵਲ ਹਾਕਮਾਂ ਦਾ ਧਿਆਨ ਦੁਆਇਆ ਗਿਆ ਤਾਂ ਜੁਆਬ ਮਿਲਿਆ ਕਿ ਉਹ ਤਾਂ ਸਾਡੇ ਵਲੋਂ ਪੰਜਾਬ ਦੇ ਆਖਰੀ ਸਿੱਖ ਹੁਕਮਰਾਨ (ਭਾਵ ਨਾਬਾਲਿਗ ਮਹਾਰਾਜਾ ਦਲੀਪ ਸਿੰਘ) ਨੂੰ ਇਕ ਰਿਆਇਤ ਦਿੱਤੀ ਗਈ ਸੀ ਅਤੇ ਹੁਣ ਕਿਉਂਕਿ ਰਾਜ ਸਾਡਾ ਹੈ, ਇਹ ਰਿਆਇਤ ਨਹੀਂ ਦਿੱਤੀ ਜਾ ਸੱਕਦੀ ਅਤੇ ਕੋਈ ਵੀ ਆਦਮੀ, ਜੋ ਗੁਆਂਢੀ ਦੀਆਂ ਰਹੁ ਰੀਤਾਂ, ਖਾਣ ਪਾਣ ਬਾਰੇ ਖਾਹ ਮਖਾਹ ਦਖਲ ਅੰਦਾਜ਼ੀ ਕਰੇਗਾ ਤਾਂ ਉਸ ਨੂੰ ਸਜ਼ਾ ਦੇਣ ਲਈ ਅੰਗਰੇਜ਼ ਸਰਕਾਰ ਕਠੋਰ ਕਾਨੂੰਨਾਂ ਦੀ ਵਰਤੋਂ ਕਰੇਗੀ। ਇਉਂ ਮੁਸਲਿਮ ਭਾਈਚਾਰਾ, ਜੋ ਕੋਈ ਪੌਣੀ ਸਦੀ ਤੋਂ, ਗਊ ਮਾਸ ਖਾਣ ਦੀ ਆਦਤ ਤੋਂ, ਪੰਜਾਬ ਵਿਚ ਖਹਿੜਾ ਛੁਡਾ ਚੁੱਕਾ ਸੀ, ਉਹਨਾਂ ਨੂੰ ਇਸ ਪਾਸੇ ਮੁੜ ਪਰੇਰਨ ਲਈ ਅੰਗਰੇਜ਼ੀ ਸਰਕਾਰ ਨੇ ਬੁੱਚੜਖਾਨੇ ਖੁਲਵਾ ਦਿੱਤੇ, ਜਿੱਥੇ ਸ਼ਰ੍ਹੇ-ਆਮ ਗਊ ਘਾਤ ਹੁੰਦਾ ਸੀ ਅਤੇ ਸਿਤਮ ਜ਼ਰੀਫੀ ਇਹ ਕਿ ਸਿੱਖਾਂ ਹਿੰਦੂਆਂ ਦੇ ਧਾਰਮਿਕ ਕੇਂਦਰ ਸ੍ਰੀ ਅੰਮ੍ਰਿਤਸਰ ਵਿਚ ਵੀ ਗਊ ਬੱਧ ਲਈ ਬੁੱਚੜਖਾਨੇ ਲੱਗ ਗਏ। ਪੁਰਾਣੀ ਰਵਾਇਤ ਮੁਤਾਬਿਕ ਗਊ ਦੀ ਆਨ ਮੰਨੀ ਜਾਂਦੀ ਸੀ। ਦਸਮੇਂ ਪਾਤਸ਼ਾਹ ਨੇ ਆਟੇ ਦੀ ਗਊ ਦੀ ਸੌਗੰਧ ਸੁਣ ਕੇ ਕਿਲ੍ਹਾ ਅਨੰਦਪੁਰ ਛੱਡਣ ਦਾ ਵਿਕਟ ਪ੍ਰਸਤਾਵ ਸਵੀਕਾਰ ਕਰ ਲਿਆ ਸੀ। ਗਊ ਕੌਮੀ ਅਣਖ ਦੀ ਪ੍ਰਤੀਕ ਵੀ ਸੀ। ਗਊ ਭਾਰਤੀ ਆਰਥਿਕਤਾ ਦਾ ਧੁਰਾ ਵੀ ਸੀ। ਬੱਚਿਆਂ ਲਈ ਦੁੱਧ ਹੋਰ ਪਦਾਰਥ ਅਤੇ ਖੇਤੀ ਲਈ ਬੈਲ, ਗਊ ਤੋਂ ਹੀ ਉਪਲਬਧ ਹੁੰਦੇ ਸਨ। ਨਾਮਧਾਰੀ ਸਿੰਘ ਅੰਗਰੇਜ਼ ਸਰਕਾਰ ਵਿਰੋਧੀ ਜਜ਼ਬਾਤ ਨਾਲ ਤਾਂ ਪਹਿਲਾਂ ਹੀ ਸਰਸ਼ਾਰ ਸਨ, ਹੁਣ ਉਹ ਇਹ ਵੀ ਭਲੀ ਭਾਂਤ ਸਮਝ ਗਏ ਕਿ ਬੁੱਚੜਖਾਨੇ, ਸਾਡਾ ਕੌਮੀ ਸ੍ਵੈਮਾਨ



Namdhari Elibrary NamdhariElibrary@gmail.com

ਕੁਚਲਣ ਲਈ, ਮੁਸਲਮਾਨਾਂ ਨੇ ਨਹੀਂ ਸਗੋਂ ਅੰਗਰੇਜ਼ਾਂ ਨੇ ਲਾਏ ਹਨ। ਭਾਈ ਚੰਦਾ ਸਿੰਘ ਝੱਬਰ ਆਪਣੀ ਪ੍ਰਸਿੱਧ ਰਚਨਾ, ਬਾਰਾਂਮਾਹ ਵਿਚ, ਇਸੇ ਤੱਥ ਵੱਲ ਇਸ਼ਾਰਾ ਕਰਦੇ ਹਨ-

"ਇਹ ਮਲੇਛ ਨੰਦਨੋਂ ਆਏ
ਇਹਨਾਂ ਬੁੱਚੜਖਾਨੇ ਲਾਏ
ਸਾਨੂੰ ਦੁੱਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਵਣੇ ਆਏ
ਨਾਇ ਕਰਤਾਰ ਦੇ।"

ਨਾਮਧਾਰੀ ਸਿੰਘਾਂ ਵਲੋਂ ਇਸ ਚੈਲੰਜ ਨੂੰ ਸਿਰਾਂ ਤੇ ਖੱਫਣ ਬੰਨ੍ਹ ਕੇ ਕਬੂਲਿਆ ਗਿਆ। ਇਸ ਵਿਚ ਮੋਢੀ ਭੂਮਿਕਾ ਹੋਣ ਦਾ ਜ਼ਿਕਰ, ਸੂਬਾ ਰਾਜਾ ਸਿੰਘ ਹੋਰਾਂ ਦਾ, ਸਾਡਾ ਪੁਰਾਤਨ ਇਤਿਹਾਸਕਾਰ ਇਉਂ ਕਰਦਾ ਹੈ- "ਰਾਜਾ ਸਿੰਘ ਤਰਾਂਡੀ ਕਾ ਤਿਸਨੇ ਪਹਿਲੇ ਅੰਮ੍ਰਿਤਸਰ ਵਾਲੇ ਹਿੰਦੂਆਂ ਨੂੰ ਕਹਿਆ ਕਿ ਸ਼ਹਿਰ ਕੇ ਬੀਚ ਬੁੱਚੜਖਾਨਾ ਲੱਗਦਾ ਹੈ। ਤੁਸੀਂ ਮੱਦਦ ਦਿਓ ਜੋ ਬੁਚੜਾਂ ਨੂੰ ਵੱਢੀਏ। ਮੁਕਰ ਗਏ, ਜੀ ਸਾਨੂੰ ਕੋਈ ਨਹੀਂ ਫੁਰਦੀ ਹੈ। ਤੁਸੀਂ ਜਿਵੇਂ ਮਰਜ਼ੀ ਹੈ ਤਿਵੇਂ ਕਰੋ। ਫੇਰ ਹਿੰਦੂਆਂ ਨੇ ਰਲ ਮਿਲ ਕੇ ਅੰਗਰੇਜ਼ਾਂ ਦੇ ਅਰਜ਼ੀ ਪਾਈ ਕਿ ਬੁੱਚੜਖਾਨਾ ਸ਼ਹਿਰ ਦੇ ਬੀਚ ਨਾ ਲੱਗੇ। ਜੇ ਸ਼ਹਿਰ ਵਿਚ ਲੱਗਾ ਤਾਂ ਫਸਾਦ ਹੋਵੇਗਾ। ਸਰਬ ਹਿੰਦੂਆਂ ਕਾ ਅਸਥਾਨ ਹੈ। ਰਾਜਾ ਸਿੰਘ ਫੇਰ ਰਾਜਿਆਂ ਕੋਲ ਗਿਆ। ਕਹਾ ਕਿ ਗੁਰਦੁਆਰੇ ਕੋਲ ਬੁੱਚੜਖਾਨਾ ਲਾਵਣ ਲਗੇ ਹੈਂ। ਸ਼ਹਿਰ ਮੈ ਗਊ ਬਧ ਹੋਣ ਲੱਗਾ ਹੈ। ਤੁਸੀਂ ਕਹੋ ਜੋ ਬੁੱਚੜਖਾਨਾ ਨਾ ਲੱਗੇ ਅੰਮ੍ਰਿਤਸਰ ਜੀ ਮੈਂ। ਸਰਬ ਰਾਜਾ ਪਰਜਾ ਕਾ ਗੁਰਦੁਆਰਾ ਹੈ। ਰਾਜਿਆਂ ਨੇ ਕਹਾ ਕਿ ਅਸੀਂ ਅੰਗਰੇਜ਼ ਕੇ ਰਾਜ ਮੈ ਕੁਝ ਨਹੀਂ ਕਹਿ ਸਕਦੇ ਹੈਂ ਕਿਉਂਕਿ ਅਹਿਦਨਾਮਾ ਲਿਖ ਕੇ ਦਿੱਤਾ ਹੋਇਆ ਹੈ, ਕੁਝ ਕਰਨ ਉਹ ਸਾਡਾ ਦਖਲ ਨਹੀਂ ਹੈ। ਪਟਿਆਲਾ, ਨਾਭਾ, ਸੰਗਰੂਰ, ਫਰੀਦਕੋਟ, ਕਪੂਰਥਲਾ ਸਾਰਿਆਂ ਕੋਲ ਗਏ। ਸਾਰਿਆਂ ਰਾਜਿਆਂ ਏਹੋ ਉਤਰ ਦਿੱਤਾ। ਫੇਰ ਪੁਜਾਰੀਆਂ ਨੂੰ ਪੁੱਛਿਆ ਕਿ ਤੁਸੀਂ ਧਰਮ ਹੇਤ ਮਦਦ ਦਿਓ ਜੋ ਬੁੱਚੜਖਾਨਾ ਨਾ ਲੱਗੇ ਅੰਮ੍ਰਿਤਸਰ ਜੀ ਮੈਂ। ਪੁਜਾਰੀਆਂ ਨੇ ਭੀ ਜਵਾਬ ਦੇ ਦਿੱਤਾ ਕਿ ਸਾਨੂੰ ਭੀ ਕੁਝ ਨਹੀਂ ਫੁਰਦੀ ਹੈ। ਨਿਹੰਗਾਂ ਕੋਲ ਵੀ ਗਏ। ਜਾਇਕੇ ਬੋਲਾ ਕੀਤਾ ਤੁਸੀਂ ਕੋਈ ਮਦਦ ਦਿਓ ਜੋ ਸ਼ਹਿਰ ਮੈਂ ਬੁੱਚੜਖਾਨਾ ਨਾ ਲੱਗੇ। ਕਿਹਾ ਸਾਡੀ ਕੋਈ ਭੀ ਰੈ ਨਹੀਂ ਹੈ। ਅਸੀਂ ਕੁਝ ਨਹੀਂ ਕਰ ਸਕਦੇ ਹੈਂ। ਫੇਰ ਨਿਰਮਲਿਆਂ ਨੂੰ ਜਾਇਕੇ ਪੁੱਛਿਆ ਕਿ ਧਰਮ ਹੇਤ ਤੁਸੀਂ ਮਦਦ ਦੇਓ ਜੋ ਸ਼ਹਿਰ ਮੈਂ ਬੁੱਚੜਖਾਨਾ ਨਾ ਲੱਗੇ। ਨਿਰਮਲਿਆਂ ਨੇ ਕਿਹਾ ਕਿ ਗਊ ਮਾਰਨ ਵਾਲਾ ਤੇ ਗਊ ਰੱਖਣ ਵਾਲਾ ਸਾਨੂੰ ਇਕੋ ਜੇਹੇ ਈ ਭਾਸਦੇ ਹੈਂ।...

..."ਫਰੰਗੀ ਨੇ ਕਹਾ ਕਿ ਬੁਚੜਖਾਨਾ ਯਹਾ ਹੀ ਰਹੇਗਾ। ਯੇ ਨਹੀਂ ਹਟੇਗਾ। ਘੰਟੇ ਘਰ ਦੇ ਚੜ੍ਹਦੇ ਪਾਸੇ ਬੁੱਚੜਖਾਨਾ ਬਣਿਆ ਸੀ ਪਰਕਰਮਾਂ ਦੇ ਨਾਲ।...

"ਰਾਜਾ ਸਿੰਘ ਸ੍ਰੀ ਅੰਮ੍ਰਿਤਸਰ ਜੀ ਸੇ ਆਇਆ। ਅਰਜ਼ ਕੀਤੀ ਸਤਿਗੁਰੂ ਜੀ ਕੇ ਹਜ਼ੂਰ ਜੀ ਖਤਰੀ ਬ੍ਰਾਹਮਣ ਤੁਹਾਡੇ ਵੱਲ ਦੇਖਦੇ ਹੈਂ। ਬੁੱਚੜਖਾਨੇ ਸਭ ਸ਼ਹਿਰਾਂ ਮੇਂ ਲਗਾਇ ਲਏ ਹੈਂ ਤੁਰਕਾਂ ਨੇ ਫਰੰਗੀਆਂ ਨਾਲ ਮਿਲ ਕੇ। ਅੱਗੇ ਬਾਹਰ ਹੋਇਕੇ ਬਾਹਰ ਹੀ ਬੇਚਦੇ ਸੇ ਮਾਸ, ਹੁਣ ਵਿਚ ਸ਼ਹਿਰ ਮੇਂ ਬੇਚੀ ਜਾਂਦੇ ਹੈਂ। ਪਹਿਲੇ ਗਊਆਂ ਕੇ ਮੱਥੇ ਵਿਚ ਗੋਲੀ ਮਾਰਦੇ ਹੈਂ। ਗਊ ਡਿਗ ਪੈਂਦੀ ਹੈ ਤਾਂ ਛੁਰੀ ਪਕੜ ਕਰ ਗਰਦਨ ਵਿਚ ਫੇਰਦੇ ਹੈਂ। ਸੁਣ ਕੇ ਏਹ ਤਰਾਸ ਝੱਲਿਆ ਨਹੀਂ ਜਾਂਦਾ ਹੈ। ਪੰਜਾਬ ਧਰਤੀ ਮੇ ਬੜਾ ਭਾਰਾ ਪਾਪ ਹੋਣੇ ਲੱਗਾ ਹੈ। ਏਹ ਕਦ ਹਟੂਗਾ। ਦੋਨੋਂ ਹਥ ਮੇਲ ਕੇ ਦੀਨ ਦਿਆਲ ਜੀ ਬਚਨ ਕੀਤਾ ਜਦ ਪ੍ਰਿਥੀ ਪਰ ਲੋਹੇ ਕੇ ਪਟ ਭਿੜਨਗੇ ਤਦ ਹਟੇਗਾ ਇਹ ਤਰਾਸ। ਸਮੇਂ ਸਮੇਂ ਨਾਲ ਸਭ ਕੁਛ ਹੋ ਜਾਵੇਗਾ।"੧੩

ਸੂਬਾ ਸਿੰਘ ਕਿਤਨੇ ਸੰਵੇਦਨਸ਼ੀਲ ਸਨ, ਬੇਜ਼ੁਬਾਨਿਆਂ ਦੀ ਕਰੁਣ ਗਾਥਾ, ਜਿਸ ਹਿਰਦੇ ਵੇਧਕ ਢੰਗ ਨਾਲ ਉਹ ਬਿਆਨ ਕਰਦੇ ਹਨ, ਇਸ ਤੋਂ ਹਰ ਪ੍ਰਾਣੀ ਮਾਤਰ ਪ੍ਰਤੀ ਦੈਆ ਭਾਵ ਉਹਨਾਂ ਦੇ ਹਿਰਦੇ ਵਿਚੋਂ ਝਲਕਦਾ ਹੈ। ਵੱਖ ਵੱਖ ਮਤਾਵਿਲੰਬੀਆਂ ਤੇ ਰਾਜਿਆਂ ਨਾਲ ਹੋਈ ਉਹਨਾਂ ਦੀ ਗੱਲਬਾਤ ਵੀ ਉਹਨਾਂ ਨੂੰ ਬੋਲ ਤੋਲ ਦਾ ਪੂਰਾ ਮਰਦ ਸਿੱਧ ਕਰਦੀ ਹੈ ਅਤੇ ਫਿਰ ਸਤਿਗੁਰੂ ਜੀ ਦੇ ਦਰਬਾਰ ਵਿਚ ਵੀ ਉਹ ਬੁੱਚੜ ਸੋਧਣ ਦੀ ਕਾਰਵਾਈ ਦੀ ਪੂਰਵ ਆਗਿਆ ਪ੍ਰਾਪਤ ਕਰਨੀ ਚਾਹੁੰਦਾ ਹੈ। ੧੮੫੭ ਦੇ ਮਹਾਂਸੰਗਰਾਮ ਦਾ ਗਦਰੀ ਸਿਪਾਹੀ ਰਿਹਾ ਸੂਬਾ ਬ੍ਰਹਮਾ ਸਿੰਘ, ਇਸ ਘਟਨਾ ਬਾਅਦ ਪੈਣ ਵਾਲੇ ਰੌਲੇ ਤੋਂ ਚਿੰਤਾਤੁਰ ਹੋ ਕੇ, ਸਿੰਘਾਂ ਦੇ ਮਨਸੂਬਿਆਂ ਬਾਰੇ ਸਤਿਗੁਰੂ ਜੀ ਨੂੰ ਸੂਚਿਤ ਕਰਦਾ ਹੈ। ਉਸਨੂੰ ਸਤਿਗੁਰੂ ਜੀ ਸਿੰਘਾਂ ਨੂੰ ਰੋਕਣ ਦਾ ਹੁਕਮ ਕਰਦੇ ਹਨ ਕਿਉਂਕਿ ਹਥਿਆਰਬੰਦ ਕਾਰਵਾਈ ਲਈ ਅਜੇ ਸਮਾਂ ਪਰਪੱਕ ਨਹੀਂ ਹੈ। ਪਰ ਬਾਹੋਵਾਲ ਜੀ ਦੀ ਲਿਖਤ ਮੁਤਾਬਿਕ ਬੀਲ੍ਹਾ ਸਿੰਘ, ਭਗਵਾਨ ਸਿੰਘ, ਝੰਡਾ ਸਿੰਘ, ਲਹਿਣਾ ਸਿੰਘ, ਹਾਕਮ ਸਿੰਘ, ਫਤੇਹ ਸਿੰਘ, ਲਾਲ ਸਿੰਘ, ਦੂਜਾ ਲਹਿਣਾ ਸਿੰਘ, ਗੁਲਾਬ ਸਿੰਘ, ਮਿਹਰ ਸਿੰਘ ਆਦਿ ਸਿੰਘਾਂ ਨਾਲ ਸੂਬਾ ਰਾਜਾ ਸਿੰਘ ਵੀ ੧੪-੧੫ ਜੂਨ ਦੀ ੧੮੭੧ ਈ. ਦੀ ਵਿਚਕਾਰਲੀ ਰਾਤ ਬੁੱਚੜਖਾਨਿਆਂ ਤੇ ਹਮਲਾ ਕਰਕੇ ਗਊਆਂ ਦੇ ਗੱਸੇ ਵੱਢ ਕੇ ਬੁੱਚੜਾਂ ਨੂੰ ਕਤਲ ਕਰ ਦਿੰਦੇ ਹਨ। ਫਿਰ ਜਿਵੇਂ ਸਿੰਘ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪ ਪੇਸ਼ ਹੋ ਕੇ ਬੇਦੋਸ਼ੇ ਇਕਬਾਲੀਆਂ ਨੂੰ ਛੁਡਾ ਕੇ ਸ਼ਹੀਦੀ ਬਾਟੇ ਛਕਦੇ ਹਨ। ਉਹ ਸਾਡੇ ਇਤਿਹਾਸ



Namdhari Elibrary NamdhariElibrary@gmail.com

ਦਾ ਹਿੱਸਾ ਬਣ ਚੁੱਕਾ ਹੈ। ਪ੍ਰੰਤੂ ਹੋਰ ਕਿਸੇ ਦਸਤਾਵੇਜ਼ ਜਾਂ ਰਵਾਇਤ ਵਿਚੋਂ ਵੀ ਸੂਬਾ ਰਾਜਾ ਸਿੰਘ ਹੋਰਾਂ ਦਾ ਬੁੱਚੜ ਬੱਧ ਸਾਕੇ ਵਿਚ ਸ਼ਾਮਲ ਹੋਣਾ ਸਿੱਧ ਨਹੀਂ ਹੁੰਦਾ। ਫਿਰ ਵੀ ਇਸ ਘਟਨਾ ਵਿਚ ਆਪਣੀ ਬਹੁਭਾਂਤੀ ਭੂਮਿਕਾ ਹੋਣ ਕਾਰਨ ਮਾਲੂਮ ਹੁੰਦਾ ਹੈ ਕਿ ਸੂਬਾ ਜੀ ਆਪਣਾ ਮਗਰਲਾ ਜੀਵਨ, ਜ਼ਿਆਦਾ ਪ੍ਰਗਟ ਹੋ ਕੇ ਬਤੀਤ ਨਹੀਂ ਕਰਦੇ। ਸਗੋਂ ਉਹ ਕੁਝ ਟਿਕਾਣੇ ਬਣਾ ਕੇ ਉੱਥੇ ਇਸਥਿੱਤ ਹੋ ਜਾਂਦੇ ਹਨ। ਕਿਸੇ ਵਡੇਰੇ ਮੰਤਵ ਨੂੰ ਸੋਚ ਕੇ ਪਿੰਡ ਤਰਾਂਡੀ ਨੂੰ ਤਿਆਗ ਜਾਂਦੇ ਹਨ। ਸੂਬਾ ਜੀ ਦਾ ਸਥਾਨ ਬਦਲੀ ਕਰਕੇ ਮਸੇਕੇ ਵਾਲੀ (ਗੁਜਰਾਂਵਾਲਾ) ਪੁੱਜਣ ਦਾ ਵਰਣਨ ਤਾਂ ਉਪਰ ਰੀਕਾਰਡ ਵਿਚ ਆ ਚੁੱਕਾ ਹੈ।

ਮਸੇਕੇ ਵਾਲੀ ਵਿਚ, ਸੂਬਾ ਜੀ ਦੀ ਵੱਡੀ ਠਾਹਰ, ਭਾਈ ਨਿਹਾਲ ਸਿੰਘ ਵਲਦ ਕਾਹਨ ਸਿੰਘ ਜ਼ਿਮੀਦਾਰ ਸੀ, ਜਿਹੜਾ ਦਰਮਿਆਨੇ ਕੱਦ ਦਾ ੪੦ ਕੁ ਵਰ੍ਹਿਆਂ ਦਾ ਚਿਹਰੇ ਤੇ ਮਾਤਾ ਦੇ ਦਾਗਾਂ ਵਾਲਾ ਸਿੰਘ ਸੀ। ਉਸਦਾ ਬਾਹਰੇ ਵਿਚ ਮਾਣ ਸਤਿਕਾਰ ਹੈ ਤੇ ਪ੍ਰਸਿੱਧੀ ਵਧਦੀ ਜਾਂਦੀ ਹੈ।[੧੪]

ਬਾਬਾ ਨਿਹਾਲ ਸਿੰਘ ਪਾਸ, ਸੂਬਾ ਰਾਜਾ ਸਿੰਘ ਜੀ ਬੜੇ ਲੰਮੇ ਸਮੇਂ ਤੋਂ ਰਹਿੰਦੇ ਆ ਰਹੇ ਸਨ। ਸੂਬਾ ਜੀ ਨੇ ਇਕ ਸਰੰਦਾ ਬਣਾਇਆ ਸੀ ਜਿਸਨੂੰ ਆਪ ਬੜੇ ਪ੍ਰੇਮ ਨਾਲ ਵਜਾਇਆ ਕਰਦੇ ਸਨ ਅਤੇ ਇਸ ਦਾ ਨਾਮ ਵੀ ਆਪਨੇ 'ਪ੍ਰੇਮ ਸਿੰਘ' ਹੀ ਰੱਖ ਛੱਡਿਆ ਸੀ। "ਜਦੋਂ ਸਰੰਦਾ ਵਜਾਉਂਦੇ ਸਨ ਜਦੋਂ ਦੀਵਾਨ ਲਾਉਂਦੇ ਸਨ ਫਿਰ ਮਨੁੱਖ ਦਾ ਕੀ ਕਹਿਣਾ ਪਸ਼ੂ ਪੰਛੀ ਵੀ ਇਕ ਮਨ ਚਿੱਤ ਹੋ ਮਾਨੋ ਸੁਣਦੇ ਸਨ। ਇੱਥੋਂ ਗੜ੍ਹੀ ਹਿਮਤ ਸਿੰਘ ਅੱਧ ਮੀਲ ਦੇ ਫਾਸਲੇ ਤੇ ਸੀ। ਕਦੇ ਉੱਥੇ ਦੀਵਾਨ ਲਾਉਣਾ ਕਦੇ ਮਸੇਕੇ ਵਾਲੀ। ਇਕ ਦਿਨ ਬਾਬਾ ਰਾਜਾ ਸਿੰਘ ਜੀ ਬੈਠੇ ਹੋਏ ਸਨ ਤੇ 'ਪ੍ਰੇਮ ਸਿੰਘ' ਨੂੰ ਕਿੱਲੀ ਨਾਲ ਟੰਗਿਆ ਹੋਇਆ ਸੀ। 'ਪ੍ਰੇਮ ਸਿੰਘ' ਹਿੱਲਨ ਲੱਗਾ ਤੇ ਤਾਰ ਖੜਕੀ। ਬਾਬਾ ਰਾਜਾ ਸਿੰਘ, ਨਿਹਾਲ ਸਿੰਘ ਹੋਰਾਂ ਨੂੰ ਕਹਿਣ ਲੱਗੇ ਕਿ ਤੁਸੀਂ ਪਰਸ਼ਾਦਿਆਂ ਨੂੰ ਬੜੀ ਦੇਰ ਕਰ ਛੱਡੀ ਹੈ। ਦੀਵਾਨ ਦਾ ਵੇਲਾ ਹੋ ਗਿਆ ਹੈ। 'ਪ੍ਰੇਮ ਸਿੰਘ' ਕਾਹਲਾ ਪਿਆ ਹੋਇਆ ਹੈ। ਛੇਤੀ ਕਰੋ ਗੜ੍ਹੀ ਵਾਲੇ ਉਡੀਕਦੇ ਹਨ।"[੧੫]

੧੮੯੩ ਈ. ਵਿਚ ਕੁੰਭ ਦੇ ਮੇਲੇ ਸਮੇਂ ਆਪ ਦਾ ਫੁਰਨਾ ਹਰਦੁਆਰ ਜਾਣ ਦਾ ਹੋਇਆ, ਜਿੱਥੇ ਕਦੇ ਉਹਨਾਂ ਦੇ ਚੀਨੀ ਵਾਲੇ ਪਾਤਸ਼ਾਹ ਨੇ ੧੮੬੧ ਈ. ਦੀ ਅਰਧ ਕੁੰਭੀ ਸਮੇਂ ਬਿਅੰਤ ਖੇਡਾਂ ਖੇਡੀਆਂ ਸਨ। ਲੱਖਾਂ ਦੀ ਹਾਜ਼ਰੀ ਵਾਲੇ ਇਹਨਾਂ ਮੇਲਿਆਂ ਤੇ ਕਈ ਵੇਰ ਮਹਾਂਮਾਰੀਆਂ ਫੈਲ ਜਾਂਦੀਆਂ ਸਨ। ਉਸ ਮੇਲੇ ਤੋਂ ਮੁੜ ਕੇ ਪੰਜਾਬ ਆਉਣ ਦੀ ਆਪ ਦੀ ਸੂਹ ਨਹੀਂ ਮਿਲਦੀ। ਬੀਮਾਰ ਹੋ ਗਏ ਜਾਂ ਸਰੀਰ ਵਡੇਰਾ ਹੋਣ ਕਾਰਨ ਆਪ ਉੱਥੇ ਹੀ ੮੦ ਕੁ ਵਰ੍ਹੇ ਦੀ ਉਮਰ ਵਿਚ ਜੀਵਨ ਯਾਤਰਾ ਪੂਰੀ ਕਰ ਗਏ। ਸੰਗੀਤ ਵਿਦਿਆ ਦਾ ਮਾਹਰ, ਗੁਰਬਾਣੀ ਦਾ ਗਿਆਤਾ, ਸਿੱਖੀ ਦਾ ਵੱਡਾ ਪਰਚਾਰਕ, ਗਊਘਾਤੀ ਫਰੰਗੀ ਹਾਕਮਾਂ ਦਾ ਕੱਟੜ ਦੁਸ਼ਮਣ, ਸੈਨਿਕ ਅਤੇ ਵਿਦੇਸ਼ੀ ਸਬੰਧਾਂ ਦੀ ਵਿਊਹ ਰਚਨਾ ਕਰਨ ਵਾਲਾ ਵੱਡਾ ਕੂਟਨੀਤੱਗ, ਕੇਂਦਰੀ ਤੇ ਪੱਛਮੀ ਪੰਜਾਬ ਵਿਚ ਕੂਕਿਆਂ ਦੁਆਰਾ ਵਿੱਢੇ ਮੁਕਤੀ ਸੰਗਰਾਮ ਦਾ ਸਫਲ ਝੰਡਾ ਬਰਦਾਰ, ਸਧਾਰਨ ਕਿਰਤੀ ਪਰਿਵਾਰ ਵਿਚ ਜਨਮ ਲੈਣ ਵਾਲਾ, ਸੂਬਾ ਰਾਜਾ ਸਿੰਘ ਤਰਾਂਡੀ, ਕਿੰਨੀ ਕੀਰਤੀ ਬਟੋਰ ਕੇ ਇਥੋਂ ਗਿਆ। ਸੂਬਾ ਜੀ ਦੀ ਚਰਨ ਛੂਹ ਨਾਲ ਲੇਖਕ ਦੇ ਪੁਰਖਿਆਂ ਦਾ ਪਿੰਡ ਝੱਬਰ, (ਸ਼ੇਖੂਪੁਰਾ) ਵੀ, ਕਈ ਦਫਾ ਪਵਿੱਤਰ ਹੋਇਆ ਸੀ। ਜਿੱਥੇ ਉਹ ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਜੋਤਾ ਸਿੰਘ ਹੋਰਾਂ ਦੇ ਨਾਲ ਵੀ ਅਤੇ ਵੱਖਰੇ ਤੋਰ ਤੇ ਵੀ ਦੁੱਲੇ ਦੀ ਬਾਰ ਜਾਂ ਸਾਂਦਲਬਾਰ ਦੇ ਦੌਰੇ ਸਮੇਂ ਵਿਚਰਦੇ ਰਹੇ ਸਨ। ਆਪਣੇ ਇਤਿਹਾਸ ਦੇ ਇਹਨਾਂ ਅਮਰ ਨਾਇਕਾ ਦੀ ਗੌਰਵ ਗਾਥਾ ਨੂੰ, ਆਪਣੇ ਸੀਨਿਆਂ ਵਿਚ ਵਸਾ ਕੇ, ਅਸੀਂ ਅੱਜ ਵੀ ਨਵਸਾਮਰਾਜ ਦੀ ਵਿਸਥਾਰਵਾਦੀ ਨੀਤੀ ਨਾਲ, ਦਸਤਪੰਜਾ ਲੈ ਸੱਕਦੇ ਹਾਂ।

**ਫੁੱਟ ਨੋਟ-**


੧. ਪੰਥ ਪ੍ਰਕਾਸ਼-ਦੂਜੀ ਛਾਪ ਸਫਾ ੯੩੯
੨. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ ੪੬੦
੩. ਉਹੀ- ਸਫਾ ੫੨੯-੩੦
੪. ਕੂਕਾਜ਼ ਆਫ ਨੋਟ ਇਨ ਦਾ ਪੰਜਾਬ- ਸਫਾ ੧੧੪-੧੫
੫. ਸਤਿਗੁਰੂ ਬਿਲਾਸ-ਭਾਗ ਪਹਿਲਾ-ਸਫਾ ੧੦੭-੦੮
੬. ਉਹੀ- ਸਫਾ ੧੧੦
੭. ਉਹੀ- ਸਫਾ ੧੨੧
੮. ਉਹੀ- ਸਫਾ ੧੪੬
੯. ਉਹੀ- ਸਫਾ ੩੧੯
੧੦. ਉਹੀ- ਸਫਾ ੩੭੦
੧੧. ਨਾਮਧਾਰੀ ਇਤਿਹਾਸ-ਨਾਹਰ ਸਿੰਘ ਐਮ. ਏ. - ਸਫਾ ੨੨੫
੧੨. ਉਹੀ- ਸਫਾ ੨੫੬-੫੭
੧੩. ਸਤਿਗੁਰੂ ਬਿਲਾਸ- ਭਾਗ ਪਹਿਲਾ-ਸਫਾ ੪੨੪, ੨੫, ੨੬
੧੪. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-ਸਫਾ ੧੨੦-੨੧
੧੫. ਸਤਿਜੁਗ ਦਾ ਸੰਤ ਅੰਕ-੯ ਚੇਤਰ ਸੰਬਤ ੧੯੯੬ ਬਿ.- ਸਫਾ ੧੮੭



*-ਕਰੀਵਾਲਾ (ਸਿਰਸਾ)*
*੧੨੫੦੭੫*
*ਫੋਨ (੦੧੬੯੮)-੨੭੪੫੬੨*





Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006
Phone Office : 011-23516689, 011-23614784

Mobile Phone :
*S. Charanjit Singh 98105-56398*
*S. Satvinder Singh 9811655210*





Namdhari Elibrary NamdhariElibrary@gmail.com

# ਸੁਤੰਤਰਤਾ ਪ੍ਰਾਪਤੀ ਪਿਛੋਂ ਨਾਮਧਾਰੀ ਸਿੱਖਾਂ ਦੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਦੇਣ

*—ਤਾਰਾ ਸਿੰਘ ਅਨਜਾਣ*

ਨਾਮਧਾਰੀ ਸਿੱਖ ਦੇਸ ਦੇ ਉਹ ਦੇਸ-ਭਗਤ ਸਿੱਖ ਹਨ ਜਿਹਨਾਂ ਨੇ ੯੦ ਸਾਲਾਂ ਤੱਕ ਅੰਗਰੇਜ਼ ਸਰਕਾਰ ਵਿਰੁੱਧ ਅਜ਼ਾਦੀ ਦੀ ਲੜਾਈ ਲੜੀ। ਇਹਨਾਂ ਦੇ ਹੀ ਮੁੱਖ ਕੇਂਦਰ, ਸ੍ਰੀ ਭੈਣੀ ਸਾਹਿਬ (ਪੰਜਾਬ) ਉਤੇ, ਇਹਨਾਂ ਨੂੰ ਦਬਾਉਣ ਵਾਸਤੇ, ਅੰਗਰੇਜ਼ ਹਾਕਮਾਂ ਨੇ, ਇਹਨਾਂ ਦੇ ਰਹਿਬਰ ਨੂੰ ਜਲਾਵਤਨ ਕਰਕੇ ੫੧ ਸਾਲ ਪੁਲਿਸ ਚੌਕੀ ਬਿਠਾਈ ਰੱਖੀ ਸੀ। ਉਹਨਾਂ ਨੇ ਕੂਕਿਆਂ (ਨਾਮਧਾਰੀ ਸਿੱਖਾਂ) ਦੇ ਅੰਗਰੇਜ਼ ਹਾਕਮਾਂ ਦੇ ਕੱਟੜ ਵਿਰੁੱਧ ਹੋਣ ਕਰਕੇ ਹੀ ਲਿਖਿਆ The Truth is that it is not possible for a Kuka to be loyal subject of British Government.[1]

ਭਾਵ : ਸਚਾਈ ਇਹ ਹੈ ਕਿ ਕਿਸੇ ਕੂਕੇ ਦੇ ਅੰਗਰੇਜ਼ ਰਾਜ ਪ੍ਰਤੀ ਵਫਾਦਾਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਜਦੋਂ ਅੰਗਰੇਜ਼ ਹਿੰਦੁਸਤਾਨ ਨੂੰ ਪਾੜ ਕੇ ਅਤੇ ਅਜ਼ਾਦੀ ਦੇ ਕੇ ਜਾਣ ਲੱਗਾ ਤਾਂ ਉਸਨੇ ਫਿਰਕੂ ਫਸਾਦਾਂ ਦਾ ਮਾਹੌਲ ਪੈਦਾ ਕਰ ਦਿੱਤਾ। ਕੂਕੇ ਜਾਂ ਨਾਮਧਾਰੀ ਸਿੱਖ ਆਪਣੇ ਸਤਿਗੁਰੂ ਦੇ ਦਿੱਤੇ ਆਦੇਸ਼ ਨੂੰ ਮੰਨਦੇ ਹੋਏ ਇਹਨਾਂ ਫਸਾਦਾਂ ਵਿੱਚ ਨਹੀਂ ਪਏ, ਨਾ ਹੀ ਉਹਨਾਂ ਨੇ ਕਿਸੇ ਮੁਸਲਮਾਨ ਦਾ ਜਾਨੀ ਜਾਂ ਮਾਲੀ ਨੁਕਸਾਨ ਕੀਤਾ। ਇਸ ਬਾਰੇ ਕਾਮਰੇਡ ਸੋਹਣ ਸਿੰਘ ਜੋਸ਼ ਨੇ ਲਿਖਿਆ ਹੈ, ੧੯੪੬-੧੯੪੭ ਦੇ ਹਿੰਦੂ ਮੁਸਲਿਮ ਫਸਾਦਾਂ ਦੇ ਦਿਨ ਮੈਨੂੰ ਕਦੇ ਨਹੀਂ ਭੁੱਲ ਸਕਦੇ। ਉਹਨਾਂ ਦਿਨਾਂ ਵਿੱਚ ਜਾਂ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਕੂਕੇ ਸਨ ਜਾਂ ਕਮਿਊਨਿਸਟ ਜਿਹਨਾਂ ਨੇ ਆਪਣੇ ਸਿਰਾਂ ਤੇ ਫਿਰਕੂ ਭੂਤਾਂ ਨੂੰ ਸਵਾਰ ਨਹੀਂ ਹੋਣ ਦਿੱਤਾ। ਵੱਡੇ-ਵੱਡੇ ਲੀਡਰਾਂ ਦੇ ਸਿਰਾਂ ਤੇ ਵੀ ਫਿਰਕੂ ਜਿੰਨ ਸਵਾਰ ਹੋ ਗਏ ਅਤੇ ਉਨ੍ਹਾਂ ਨੇ ਅੰਨ੍ਹੇਵਾਹ ਫਿਰਕੂ ਫਸਾਦਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਏਹੋ ਹੀ ਨਹੀਂ, "ਸਭੇ ਸਾਂਝੀਵਾਲ ਸਦਾਇਨ" ਦਾ ਨਾਅਰਾ ਆਉਣ ਵਾਲੇ ਕਈ ਭੁੱਲੜ ਵੀਰ ਵੀ ਇਸ ਵਹਿਣ ਤੋਂ ਨਾ ਬਚ ਸਕੇ।"[2]

ਇਹਨਾਂ ਫਸਾਦਾਂ ਕਰਕੇ ਹੀ ਜਿਥੇ ਇਕ ਪਾਸੇ ਦੇਸ ਦੇ ਅਜ਼ਾਦ ਹੋਣ ਦਾ ਨਾਂ ਲਿਆ ਜਾਂਦਾ ਹੈ, ਉਥੇ ਦੂਜੇ ਪਾਸੇ ਇਹਨਾਂ ਨੂੰ ਰੋਲਿਆਂ ਦੇ ਦਿਨ ਜਾਂ ਵੰਡ ਦੇ ਦਿਨਾਂ ਕਰਕੇ ਯਾਦ ਕੀਤਾ ਜਾਂਦਾ ਹੈ। ਦੇਸ ਦੀ ਅਜ਼ਾਦੀ ਤੋਂ ਬਾਅਦ, ਆਪਣੇ ਸੰਵਿਧਾਨ ਅਨੁਸਾਰ ਭਾਰਤ ਨੂੰ ਚਲਾਉਣ ਲਈ ੨੬ ਨਵੰਬਰ ੧੯੪੯ ਨੂੰ ਸੰਵਿਧਾਨ ਸਭਾ ਦੀ ਬੈਠਕ ਵਿਚ ਭਾਰਤ ਦੇ ਸਾਰੇ ਨਾਗਰਿਕਾਂ ਦਾ, ਭਾਰਤ ਨੂੰ ਸੰਪੂਰਨ ਪ੍ਰਭੁਤਵ ਸੰਪਨ ਸਮਾਜਵਾਦੀ, ਧਰਮ ਨਿਰਪੇਖ, ਲੋਕਤਾਂਤਰਿਕ ਗਣਰਾਜ ਸਵਿਕਾਰਿਆ ਗਿਆ, ਜਿਸ ਅਨੁਸਾਰ ਦੇਸ ਦੇ ਸਾਰੇ ਨਾਗਰਿਕਾਂ ਨੇ ਨਿਆਂ, ਸੁਤੰਤਰਤਾ, ਸਮਤਾ ਅਤੇ ਭਰਾਤਰੀਭਾਵ ਲਈ ਦ੍ਰਿੜ ਸੰਕਲਪ ਹੋਣ ਦਾ ਪ੍ਰਣ ਲਿਆ। ਇਸ ਸੰਵਿਧਾਨ ਵਿਚ ਲੋੜ ਅਨੁਸਾਰ ਸੰਵਿਧਾਨ ਦੀ ਭਾਵਨਾ ਨੂੰ ਹੋਰ ਸਪੱਸ਼ਟ ਕਰਨ ਲਈ ੪੨ਵੇਂ ਸੰਸ਼ੋਧਨ ਦੀ ਧਾਰਾ-੨ ਅਨੁਸਾਰ ੧੯੭੬ ਵਿਚ ਸੰਸ਼ੋਧਨ ਕੀਤਾ ਗਿਆ। ਜੋ ੩ ਜਨਵਰੀ ੧੯੭੭ ਤੋਂ ਲਾਗੂ ਹੋਇਆ। ਇਸ ਅਨੁਸਾਰ ਦੇਸ ਦੀ ਏਕਤਾ ਸ਼ਬਦ ਦੀ ਥਾਂ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਸੁਨਿਸ਼ਚਿਤ ਕਰਨ ਤੇ ਜੋਰ ਦਿਤਾ ਗਿਅਆ।

Fraternity —ਭਰਾਤਰੀਭਾਵ ਸੰਬੰਧੀ ਵੇਰਵਾ ਦੇਂਦਿਆਂ ਲਿਖਿਆ ਗਿਆ ਕਿ ਵਿਅਕਤੀ ਦੇ ਗੌਰਵ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਸੁਨਿਸ਼ਚਿਤ ਕਰਨ ਵਾਲਾ ਭਰਾਤਰੀਭਾਵ।

ਸੰਵਿਧਾਨ ਦੇ ਚੈਪਟਰ ੪-ਏ ਦੇ ਆਰਟੀਕਲ ੫੧-ਏ ਵਿਚ ਨਾਗਰਿਕ ਦੇ ਮੂਲ ਕਰਤਵਾਂ ਵਿੱਚ ਇਸੇ ਨਾਲ ਸੰਬੰਧਿਤ ਦੋ ਗੱਲਾਂ ਹੋਰ ਵਿਸ਼ੇਸ਼ ਸਨ- ਇਕ ਇਹ, ਭਾਰਤ ਦੀ ਏਕਤਾ ਤੇ ਅਖੰਡਤਾ ਦੀ ਰੱਖਿਆ ਕਰਨ ਅਤੇ ਉਸਨੂੰ ਉਪਰ ਰੱਖਣਾ।

ਦੂਜੀ ਇਹ, ਧਰਮ, ਭਾਸ਼ਾ, ਖੇਤਰ, ਵਰਗ ਤੋਂ ਉਤਾਂਹ ਉਠ ਕੇ ਸਾਰੇ ਭਾਰਤੀਆਂ ਵਿਚ ਇਕਸੁਰਤਾ ਅਤੇ ਸਮਾਨ ਭਾਈਬੰਦੀ ਦੀ ਭਾਵਨਾ ਦਾ ਨਿਰਮਾਣ ਕਰਨਾ।

ਨਾਮਧਾਰੀ ਸਿੱਖਾਂ ਦੇ ਪਹਿਲਾਂ ਲਿਖੇ ਅਨੁਸਾਰ ਦੇਸ ਦੀ ਸੁਤੰਤਰਤਾ ਤੋਂ ਪਹਿਲਾਂ ਅਜ਼ਾਦੀ ਲਈ ਸੰਘਰਸ਼ ਕੀਤਾ ਅਤੇ ਦੇਸ ਦੇ ਅਜ਼ਾਦ ਹੋਣ ਬਾਅਦ ਉੱਜੜ ਕੇ ਆਏ ਲੋਕਾਂ ਦੇ ਮੁੜ ਵਸੇਬੇ ਅਤੇ ਉਹਨਾਂ ਦੇ ਦੁੱਖ ਦਰਦ ਵੰਡਾਉਣ ਲਈ ਲੱਕ ਬੰਨ੍ਹ ਲਿਆ। ਉਹਨਾਂ ਨੇ ਅਜ਼ਾਦ ਦੇਸ ਦੇ ਸੰਵਿਧਾਨ ਪ੍ਰਤੀ ਸਮਰਪਣ ਹੁੰਦਿਆਂ ਕੌਮੀ ਏਕਤਾ, ਮੇਲ ਮਿਲਾਪ ਅਤੇ ਦੇਸ ਦੀ ਅਖੰਡਤਾ ਵੱਲ ਪੂਰਾ ਧਿਆਨ ਦਿੱਤੀ ਰੱਖਿਆ ਹੈ।

ਨਾਮਧਾਰੀ ਸਿੱਖ ਆਪਣੇ ਸਤਿਗੁਰੂ ਸਾਹਿਬਾਨ ਕੋਲੋਂ ਰੌਸ਼ਨੀ ਲੈਂਦੇ ਹਨ ਅਤੇ ਉਹਨਾਂ ਦੇ ਕਹੇ ਬਚਨਾਂ ਨੂੰ ਹੀ ਸਰਵੋਤਮ



Namdhari Elibrary NamdhariElibrary@gmail.com

ਮੰਨਦੇ ਹਨ। ਸਤਿਗੁਰੂ ਭਾਰਤ ਦੀ ਅਮੀਰ ਪਰੰਪਰਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਦਾ ਦੇਸ-ਭਗਤੀ, ਪ੍ਰਭੂ-ਭਗਤੀ ਅਤੇ ਮਨੁੱਖਤਾ ਦੇ ਭਲੇ ਦਾ ਉਪਦੇਸ਼ ਦੇਂਦੇ ਹਨ ਕਿਉਂਕਿ ਦੇਸ ਦੀ ਅਖੰਡਤਾ ਅਤੇ ਏਕਤਾ ਦੂਜੇ ਨਾਲੋਂ ਟੁੱਟਣ ਵਿੱਚ ਨਹੀਂ ਜੁੜਣ ਨਾਲ ਹੈ। ਇਹ ਜੁੜਨਾ ਵੀ ਜ਼ਾਤ, ਬਰਾਦਰੀ, ਧਰਮ ਤੋਂ ਉਤਾਂਹ ਉਠ ਕੇ ਤੁਰਨ ਦੀ ਗੱਲ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ ਵਿਚ ਹੀ ਨਹੀਂ ਆਪਣੇ ਵਿਦੇਸ਼ੀ ਦੌਰਿਆਂ ਸਮੇਂ ਉਥੇ ਬੈਠੇ ਭਾਰਤੀ ਮੂਲ ਦੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਤੁਸੀਂ ਸਾਂਝੀਵਾਲਤਾ ਤੋਂ ਭਟਕਣਾ ਨਹੀਂ। ਉਹਨਾਂ ਦੇ ੧੯੪੮ ਦੇ ਬੈਂਕਾਕ (ਥਾਈਲੈਂਡ) ਦੇ ਇਕ ਉਪਦੇਸ਼ ਦੇ ਸ਼ਬਦ ਹਨ-

"ਭਾਈ ਇਥੇ ਜਿਹੜੇ ਸੱਜਣ ਰਹਿੰਦੇ ਹਨ ਸਾਰੇ ਇਕ ਖੁਰਲੀ ਦੇ ਵੱਛੇ ਹਨ। ਆਪਸ ਵਿਚ ਦੀ ਪਿਆਰ ਨਾਲ ਸਾਂਝੇ ਗੁਰਪੁਰਬ ਮਨਾਉ ਤਾਂ ਬਹੁਤ ਹੀ ਸਵਾਦ ਆਵੇ। ਜੇ ਅਕਾਲੀ ਸਿੱਖਾਂ ਨੇ ਕਰਨਾ ਹੈ, ਨਾਮਧਾਰੀ ਉਹਨਾਂ ਕੋਲ ਜਾਣ, ਜੇ ਨਾਮਧਾਰੀਆਂ ਨੇ ਕਰਨੈ ਤਾਂ ਉਹ ਵੀ ਆਉਣ, ਇਕੱਠੇ ਬਹਿਣ, ਇਕੱਠੇ ਰਹਿਣ। ਲੋਕਾਂ ਨੂੰ ਪਤਾ ਲੱਗੇ ਕਿ ਕਿਤੇ ਤਾਂ ਇਤਫਾਕ ਹੈ।"[3] ਇਕ ਹੋਰ ਥਾਂ ਆਪ ਨੇ ਕਿਹਾ-

"ਐਥੇ ਜਿਹੜੇ ਸਰੀਰ ਤੁਸੀਂ ਬੈਠੇ ਹੋ, ਇਉਂ ਨਾ ਦੇਖਿਆ ਕਰੋ ਕਿ ਇਹ ਹਿੰਦੂ ਹੈ, ਸਿੱਖ ਹੈ, ਮੋਨਾ ਹੈ, ਦਾੜ੍ਹੀ ਵਾਲਾ ਹੈ, ਕੇਸਾਂ ਵਾਲਾ ਹੈ, ਇਹ ਕਾਲੀ ਪੱਗ ਵਾਲਾ ਹੈ, ਚਿੱਟੀ ਵਾਲਾ ਹੈ, ਇਹ ਕਿਰਪਾਨ ਵਾਲਾ ਹੈ, ਮਾਲਾ ਵਾਲਾ ਹੈ। ਤੁਸੀਂ ਹਿੰਦੁਸਤਾਨੀ ਏਥੇ ਆਏ ਹੋ, ਤੁਸੀਂ ਰਲ ਕੇ ਬਹਿ ਕੇ, ਸਭ ਆਪੋ ਆਪਣੇ ਇਸ਼ਟ ਨੂੰ ਅਰਾਧੋ।"[4]

ਪ੍ਰਸਿੱਧ ਪੰਜਾਬੀ ਸਾਹਿਤਕਾਰ ਪ੍ਰੋ. ਕਿਰਪਾਲ ਸਿੰਘ ਕਸੇਲ ਲਿਖਦੇ ਹਨ– ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵੱਡੀ ਦੇਣ ਭਿੰਨ-ਭਿੰਨ ਦ੍ਰਿਸ਼ਟੀਕੋਣ ਰੱਖਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸਾਂਝੇ ਮਨੁੱਖੀ ਆਦਰਸ਼ਾਂ ਦੀ ਪ੍ਰਾਪਤੀ ਲਈ ਸਭ ਨੂੰ ਇਕੋ ਮੰਚ ਉਤੇ ਲਿਆ ਕੇ ਸਾਂਝੇ ਭਰਾਤਰੀਭਾਵ ਦੀ ਭਾਵਨਾ ਨੂੰ ਜਾਗਰੂਕ ਕਰਨਾ ਸੀ।"[5]

ਜਦੋਂ ਸਾਡੀ ਭਾਵਨਾ ਵਿਚੋਂ ਦੂਈ-ਦਵੈਤ ਖ਼ਤਮ ਹੋ ਜਾਏਗੀ ਤਾਂ ਅਸੀਂ ਸਵਾਰਥ ਤੋਂ ਵੀ ਉਤੇ ਉਠ ਜਾਵਾਂਗੇ। ਸਾਡੇ ਸਾਮ੍ਹਣੇ ਆਪਣਾ ਨਿਜੀ ਲਾਭ ਨਹੀਂ ਰਹੇਗਾ। ਸਗੋਂ ਅਸੀਂ ਆਪਣੇ ਦੇਸ ਬਾਰੇ ਸੋਚਾਂਗੇ ਕਿ ਦੇਸ ਦਾ ਭਲਾ ਕਿਸ ਵਿੱਚ ਹੈ। ਦੇਸ ਦੀ ਏਕਤਾ ਕਿਵੇਂ ਕਾਇਮ ਰਹਿ ਸਕਦੀ ਹੈ। ਉਪਦੇਸ਼ਾਂ ਵਿਚ ਰੱਖਿਆ ਦਾ ਸਾਧਨ ਆਤਮਾ ਸ਼ੁੱਧ ਕਰਨਾ ਅਤੇ ਆਪਸ ਵਿਚ ਪ੍ਰੇਮ ਪਿਆਰ ਰੱਖਣਾ ਹੈ ਲੜਾਈ-ਝਗੜਾ, ਜੰਗ-ਯੁੱਧ ਕਰਨਾ ਨਹੀਂ :

"ਤੋਪ, ਬੰਦੂਕ ਔਰ ਐਟਮ ਤੁਹਾਡੀ ਰੱਖਿਆ ਨਹੀਂ ਕਰ ਸਕਦੇ, ਰੱਖਿਆ ਕਰ ਸਕਦਾ ਹੈ ਤੁਹਾਡਾ ਆਤਮਾ ਸ਼ੁੱਧ ਹੋ ਕੇ, ਸਤਿਗੁਰੂ ਦੇ ਚਰਨਾਂ ਨਾਲ ਜੁੜ ਕੇ, ਤੁਸੀਂ ਨਾਮ ਜਪੋ, ਤੁਸੀਂ ਇਕ ਦੂਜੇ ਨਾਲ ਪਿਆਰ ਕਰੋ, ਤੁਸੀਂ ਇਕ ਦੂਜੇ ਨਾਲ ਦੁੱਖ ਵੰਡਾਓ। ਇਹ ਨਾ ਧਿਆਨ ਕਰੋ– ਇਹ ਕੌਣ ਹੈ ਸਭ ਤੋਂ ਦੂਰ ਚਲੋ ਤਾਂ ਇਹ ਮਨੁੱਖ ਹੈ, ਫੇਰ ਹਿੰਦੁਸਤਾਨੀ ਹੈ, ਫਿਰ ਪੰਜਾਬੀ ਹੈ, ਫਿਰ ਸਾਡਾ ਭਰਾ ਹੈ।"[6]

ਜਿਹੜੀ ਸੋਚ, ਗੱਲ ਤਾਂ ਅਮਨ ਦੀ ਕਰਦੀ ਹੈ ਪਰ ਅਮਲ ਉਸ ਦੇ ਉਲਟ ਹੈ ਉਹ ਕਿਸੇ ਤਰ੍ਹਾਂ ਵੀ ਲਾਹੇਵੰਦ ਨਹੀਂ ਹੋ ਸਕਦੀ, ਉਹ ਤਾਂ ਕਰਦੇ ਹਨ ਦੇਸ ਦੀ ਏਕਤਾ ਅਖੰਡਤਾ ਨੂੰ ਭੰਗ ਕਰਨ ਲਈ ਕਰਦੇ ਹਨ। ਵਿਸ਼ਵ ਪੱਧਰ ਤੇ ਹੋ ਰਹੇ ਵਰਤਾਰੇ ਬਾਰੇ ਨਾਮਧਾਰੀ ਸਿੱਖਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਉਹ ਕਥਨੀ ਤੇ ਕਰਨੀ ਦੇ ਫਰਕ ਨੂੰ ਸਮਝਦੇ ਸੁਚੇਤ ਰਹਿਣ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੨੩ ਜੂਨ ੧੯੫੩ ਨੂੰ ਬੈਂਕਾਕ (ਥਾਈਲੈਂਡ) ਵਿੱਚ ਨਾਮਧਾਰੀ ਸਿੱਖਾਂ ਨੂੰ ਇਸ ਬਾਰੇ ਸੁਚੇਤ ਕਰਦਿਆਂ ਕਿਹਾ–

"ਜਿਹੜੇ ਸਾਡੇ ਵੱਡੇ ਵੱਡੇ ਠੇਕੇਦਾਰ ਹਨ (ਅਮਨ ਦੇ) ਭਾਵੇਂ ਕੋਈ ਗੁੱਸਾ ਹੀ ਮੰਨੇ, ਜਿਹੜੇ ਦੋ ਐਸ ਵੇਲੇ ਵੱਡੇ ਆਗੂ ਮਹਾਨ ਮੁਲਕ ਦੇ ਬਣੇ ਹੋਏ ਹਨ- ਇਕ ਅਮਰੀਕਾ ਤੇ ਦੂਸਰਾ ਰੂਸ। ਹੋਰ ਜਿੰਨੇ ਹਨ, ਕੋਈ ਚਾਰ ਉਹਦੇ ਨਾਲ ਰਲੇ ਹੋਏ ਹਨ, ਦਸ ਦੂਏ ਨਾਲ ਰਲੇ ਹੋਏ ਨੇ। ਉਹ ਸਾਰੇ ਉਤੋਂ ਰੋਜ਼ ਰੌਲਾ ਪਾਉਂਦੇ ਹਨ- ਪੀਸ (Peace), ਅਮਨ ਹੋਵੇ, ਲੇਕਿਨ ਬਣਾਉਂਦੇ ਹਨ ਸਭ ਐਟਮ, ਰੇਡੀਅਮ ਤੇ ਹਾਈਡ੍ਰੋਜਨ ਬੰਬ।"[7]

ਅਮਨ ਕਾਇਮ ਰੱਖਣ ਬਾਰੇ ਸਤਿਗੁਰੂ ਜੀ ਦਾ ਦ੍ਰਿੜ ਨਿਸ਼ਚਾ ਹੈ ਕਿ ਸਾਡੀ ਭਾਰਤ ਦੀ ਸਾਂਝੀਵਾਲਤਾ ਦੀ ਸਭਿਅਤਾ ਹੀ ਅਮਨ ਅਤੇ ਸ਼ਾਂਤੀ ਦਾ ਪਰਚਮ ਝੁਲਾ ਸਕਦੀ ਹੈ:

"ਜਿਤਨਾ ਚਿਰ ਉਸੇ ਹਿੰਦੁਸਤਾਨ ਦੀ, ਉਸੇ ਹੀ ਭਾਰਤ ਵਰਸ਼ ਦੀ ਸਭਿਅਤਾ ਨੂੰ ਅਸੀਂ ਨਾ ਅਪਣਾਵਾਂਗੇ, ਉਨਾ ਚਿਰ ਕਦੇ ਦੁਨੀਆਂ ਵਿਚ ਅਮਨ ਔਰ ਸ਼ਾਂਤੀ ਨਹੀਂ ਹੋ ਸਕਦੀ।"

ਨਾਮਧਾਰੀ ਸਿੱਖਾਂ ਦੀ ਇਹ ਸੋਚ ਕਿਸੇ ਇਕ ਧਰਮ ਜਾਂ ਫਿਰਕੇ ਪ੍ਰਤੀ ਸੀਮਿਤ ਨਹੀਂ ਸਗੋਂ ਸਮੁੱਚੇ ਭਾਰਤੀਆਂ ਪ੍ਰਤੀ ਹੈ। ਉਹਨਾਂ ਅੰਦਰ ਏਕਤਾ ਅਤੇ ਅਖੰਡਤਾ ਦੀ ਭਾਵਨਾ ਪੈਦਾ ਕਰਨ ਲਈ ਇਹ ਬੋਹੜ ਦੇ ਰੁੱਖ ਦਾ ਬੀਜਿਆ ਜਾਣ ਵਾਲਾ ਬੀਜ ਹੈ, ਜਿਸ ਦੀ ਛਾਂ ਸਭ ਮਾਣ ਸਕਦੇ ਹਨ।

ਅਸੀਂ ਸਭ ਧਰਮ ਤੇ ਨਸਲ ਦੇ ਨਾਲ-ਨਾਲ ਭਾਸ਼ਾ ਨੂੰ ਵੀ ਤੋੜਨ ਵਾਸਤੇ ਵਰਤਦੇ ਹਾਂ ਪਰ ਇਹ ਤੋੜਦੇ ਨਹੀਂ। ਨਾਮਧਾਰੀ ਸਿੱਖ ਜੋੜਨ ਦੀ ਗੱਲ ਕਰਦੇ ਹਨ। ਜੁੜਨ ਜੋੜਨ


Namdhari Elibrary NamdhariElibrary@gmail.com

ਦੇ ਪਿਛੇ ਨਾਮਧਾਰੀ ਸਿੱਖਾਂ ਦੀ ਸੋਚ ਇਹ ਹੈ ਕਿ ਅਸੀਂ ਇਸ ਦੇਸ ਦੀ ਅਮੀਰ ਪਰੰਪਰਾ ਦਾ ਹਿੱਸਾ ਹਾਂ, ਜਿਹੜੀ ਭਾਰਤੀ ਪਰੰਪਰਾ ਹੈ। ਜੁੜਨ ਜੋੜਨ ਦੀ ਗੱਲ ਕਰਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੫੮ ਵਿੱਚ ਅਫਰੀਕਾ ਵਿਚ ਵੀ ਇਹ ਗੱਲ ਕਹੀ–

"ਕੁਛ ਗੱਲ ਨਹੀਂ, ਕੁਛ ਬਾਤ ਨਹੀਂ, ਨਾ ਹਿੰਦੀ ਸਿੱਖਾਂ ਨੂੰ ਚੁਭਦੀ ਹੈ, ਨਾ ਹਿੰਦੂਆਂ ਨੂੰ ਗੁਰਮੁਖੀ ਚੁਭਦੀ ਹੈ। ਅੰਗਰੇਜ਼ ਜਾਂਦਾ ਜਾਂਦਾ ਇਕ ਐਸੀ ਵਿੱਠ ਕਰ ਗਿਆ, ਜਿਹਦੇ ਨਾਲ ਪੰਜਾਬ ਵਿਚ ਇਹ ਖੱਪ ਪੈ ਗਈ, ਬਈ ਹਿੰਦੀ ਨਹੀਂ ਚਾਹੀਦੀ, ਗੁਰਮੁਖੀ ਨਹੀਂ ਚਾਹੀਦੀ। ਦੋਏ ਜਣੇ ਭਰਾ, ਕਿਉਂਕਿ ਮੈਂ ਤੇ ਦੋਏ ਬਾਈ ਹਾਂ, ਮੈਂ ਤੇ ਇਉਂ ਮੰਨਦਾ– ਬਈ ਕੌਮ ਸਾਡੀ ਹਿੰਦੂ ਹੈ, ਮਜ਼ਹਬ ਸਾਡਾ ਸਿੱਖ ਹੈ।"[8]

ਇਹੋ ਗੱਲ ਕਿਉਂ ਹੋਈ? ਕਾਰਨ ਇਹ ਹੈ ਕਿ ਉਸ ਸਮੇਂ ਤਕ ਇਹ ਹਵਾ ਵਗ ਰਹੀ ਹੈ ਸੀ ਕਿ ਪੰਜਾਬੀ ਨੂੰ ਕੇਵਲ ਆਪਣੇ ਗਲ ਨਾਲ ਲਾਇਆ ਜਾਏ ਜਾਂ ਪੰਜਾਬੀ ਨੂੰ ਗਲੋਂ ਲਾਹ ਕੇ ਸੁੱਟਿਆ ਜਾਏ। ਜਮਨਾ ਦੇ ਪਾਣੀਆਂ ਨਾਲ ਖਹਿੰਦੇ ਪੰਜਾਬ ਵਿਚ ਪੰਜਾਬੀ ਅਤੇ ਹਿੰਦੀ ਦੋਵੇਂ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਸਨ। ਪਹਾੜੀ ਇਲਾਕੇ ਵਿਚ ਵੀ ਪੰਜਾਬੀ ਪੜ੍ਹਾਈ ਜਾਂਦੀ ਸੀ। ਪਰ ਕੁਝ ਤੱਤਾਂ ਨੇ ਜਨ ਸਧਾਰਨ ਦੇ ਮਨਾਂ ਵਿਚ ਇਹ ਭਾਵਨਾ ਪੈਦਾ ਕਰ ਦਿੱਤੀ ਕਿ ਪੰਜਾਬੀ ਕੇਵਲ ਤੇ ਕੇਵਲ ਸਾਡੀ ਹੀ ਭਾਸ਼ਾ ਹੈ ਕਿਉਂਕਿ ਅਸੀਂ ਸਿੱਖ ਹਾਂ। ਦੂਜੇ ਪਾਸੇ ਇਹ ਭਾਵਨਾ ਪੈਦਾ ਹੋ ਗਈ ਕਿਉਂਕਿ ਅਸੀਂ ਸਿੱਖ ਧਰਮ ਦੇ ਪੈਰੋਕਾਰ ਨਹੀਂ, ਪੱਗ ਦਾੜ੍ਹੀ ਵਾਲੇ ਨਹੀਂ, ਇਸ ਕਰਕੇ ਪੰਜਾਬੀ ਸਾਡੀ ਭਾਸ਼ਾ ਨਹੀਂ। ਭਾਵੇਂ ਸਿੱਖਾਂ, ਹਿੰਦੂਆਂ ਹੀ ਨਹੀਂ ਮੁਸਲਮਾਨ ਅਤੇ ਇਸਾਈ ਪੰਜਾਬੀਆਂ ਦੀ ਬੋਲੀ ਵੀ ਪੰਜਾਬੀ ਹੀ ਸੀ।

ਇਸ ਡਰ ਨਾਲ ਕਿ ਭਾਸ਼ਾ ਦਾ ਮੁੱਦਾ ਕਿਤੇ ਪੰਜਾਬ ਦੇ ਸਾਂਝੇ ਸਭਿਆਚਾਰ ਨੂੰ ਭੰਨ੍ਹ ਤੋੜ ਕੇ ਖੇਰੂੰ-ਖੇਰੂੰ ਨਾ ਕਰ ਦੇਵੇ ਨਾਮਧਾਰੀ ਸਿੱਖ ਇਸ ਗੱਲ ਨੂੰ ਲੈ ਕੇ ਤੁਰੇ ਕਿ ਪੰਜਾਬੀ ਸਾਰੇ ਪੰਜਾਬੀਆਂ ਦੀ ਹੈ, ਇਸ ਦਾ ਕਿਸੇ ਇਕ ਜਾਂ ਦੂਜੇ ਧਰਮ ਦਾ ਪੈਰੋਕਾਰ ਹੋਣ ਨਾਲ ਕੋਈ ਫਰਕ ਨਹੀਂ ਪੈਂਦਾ।

ਰਾਜਨੀਤਕ ਕਾਰਨਾਂ ਕਰਕੇ ਭਾਵੇਂ ਪੰਜਾਬ ਦਾ ਖੇਤਰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ– ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਅਤੇ ਇਸ ਨੇ ਪੰਜਾਬੀ ਭਾਸ਼ਾ ਦਾ ਨੁਕਸਾਨ ਕੀਤਾ। ਪਰ ਕਿਤੇ ਵੀ ਵਸਦੇ ਨਾਮਧਾਰੀ ਸਿੱਖਾਂ ਨੇ ਆਪਣੀ ਸਾਂਝੀ ਸੋਚ ਨੂੰ ਬਰਕਰਾਰ ਰੱਖਿਆ। ਇਹ ਗੱਲ ਸਿਰਫ ਪੰਜਾਬ ਨਾਲ ਜੁੜੀ ਹੋਈ ਨਹੀਂ, ਹਿੰਦੁਸਤਾਨ ਦੇ ਬਾਕੀ ਪ੍ਰਾਂਤਾਂ ਵਿੱਚ ਵੀ ਭਾਸ਼ਾ ਦੇ ਮੁੱਦੇ ਨੂੰ ਲੈ ਕੇ ਕਈ ਵੇਰ ਲੋਕਾਂ ਨੂੰ ਆਪਣੇ ਵੱਲ ਖਿਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਕਿਸੇ ਦੂਜੀ ਭਾਸ਼ਾ ਤੋਂ ਦੂਰ ਕੀਤਾ ਜਾਂਦਾ ਹੈ। ਜਦੋਂ ਕਿ ਸਾਡੇ ਸੰਵਿਧਾਨ ਦੀ ਅੱਠਵੀਂ ਸੂਚੀ ਅਨੁਸਾਰ ਸਾਰੀਆਂ ੨੨ ਭਾਸ਼ਾਵਾਂ ਦੀ ਗੱਲ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਕਿਸੇ ਦੂਜੀ ਭਾਸ਼ਾ ਨੂੰ ਬੋਲਣ ਵਾਲੇ ਘੱਟ ਹਨ ਜਾਂ ਵੱਧ। ਹਿੰਦੀ ਦੇਸ ਦੀ ਦਫਤਰੀ ਭਾਸ਼ਾ ਹੈ (Official Language) ਅਤੇ ਅੰਗਰੇਜ਼ੀ ਉਸ ਦੀ ਸਹਾਇਕ ਹੈ। ਜਿਥੇ ਵੀ ਬੰਗਾਲ, ਅਸਾਮ, ਉਤਰ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕਰਨਾਟਕ ਆਦਿ ਵਿੱਚ ਨਾਮਧਾਰੀ ਸਿੱਖ ਬੈਠੇ ਹਨ, ਉਹ ਆਪਣੀ ਮਾਤ ਭਾਸ਼ਾ ਨੂੰ ਤਾਂ ਪਿਆਰ ਕਰਦੇ ਹੀ ਹਨ, ਦੂਜੀਆਂ ਭਾਸ਼ਾਵਾਂ ਪ੍ਰਤੀ ਵੀ ਸੁਹਿਰਦ ਹਨ ਔਰ ਸਹਿਜੇ ਹੀ ਉਹਨਾਂ ਨੂੰ ਬੋਲਦੇ ਨਜ਼ਰ ਆਉਂਦੇ ਹਨ।

ਦੇਸ ਵਿਚ ਏਕਤਾ ਅਤੇ ਅਖੰਡਤਾ ਨੂੰ ਭਾਸ਼ਾ, ਪ੍ਰਾਂਤ ਧਾਰਮਿਕ ਅਤੇ ਨਸਲੀ ਝਗੜਿਆਂ ਦਾ ਖਤਰਾ ਭਾਸਦਿਆਂ ਹੋਇਆਂ ਹੀ ਗਿਆਨੀ ਜ਼ੈਲ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਸਤਾਰਬੰਦੀ ਦਿਵਸ ਸਮੇਂ ੧੦ ਸਤੰਬਰ ੧੯੫੯ ਨੂੰ ਇਹ ਸ਼ਬਦ ਕਹੇ ਸਨ, "ਅੱਜ ਮੈਂ ਮਹਾਰਾਜ ਜਗਜੀਤ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਿਆਂ ਅਰਜ਼ ਕਰਾਂਗਾ ਕਿ ਇਹ ਗੱਦੀ ਕੇਵਲ ਸਾਧੂ ਮਹਾਤਮਾਵਾਂ ਦੀ ਹੀ ਨਹੀਂ ਸਗੋਂ ਇਸ ਗੱਦੀ ਨੇ ਤਾਂ ਭਾਰਤ ਵਿਚ ਇਕ ਇਨਕਲਾਬ ਪੈਦਾ ਕੀਤਾ ਸੀ। ਇਸ ਗੱਦੀ ਦੀਆਂ ਕੂਕਾਂ ਨੇ ਹੀ ਤਾਂ ਇਨਕਲਾਬੀ ਲਹਿਰਾਂ ਉਠਾਈਆਂ ਸਨ। ਮਹਾਰਾਜ ਜਗਜੀਤ ਸਿੰਘ ਜੀ, ਤੁਹਾਡੀਆਂ ਜ਼ੁੰਮੇਵਾਰੀਆਂ ਵੱਧ ਗਈਆਂ ਹਨ। ਦੇਸ ਤੇ ਉਠੇ ਖਤਰੇ ਲਈ, ਹਿੰਦ ਦੀ ਰਾਖੀ ਲਈ ਤੁਸਾਂ ਹੀ ਸਭ ਤੋਂ ਮੂਹਰੇ ਹੋਣਾ ਹੈ।"[9]

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਭ ਤੋਂ ਪਹਿਲੇ ਆਪਣੇ ਲੋਕ ਭਾਸ਼ਣ ਵਿਚ ਸਾਹਿਤਕਾਰਾਂ ਨੂੰ ਸੰਬੋਧਿਤ ਕੀਤਾ ਕਿਉਂਕਿ ਉਹ ਸਮਝਦੇ ਹਨ ਕਿ ਇਹ ਦੇਸ ਦੀ ਏਕਤਾ ਅਖੰਡਤਾ ਲਈ ਬਹੁਤ ਵੱਡਾ ਹਿੱਸਾ ਪਾ ਸਕਦੇ ਹਨ। ਤੀਜੀ ਸਰਬ ਹਿੰਦੀ ਪੰਜਾਬੀ ਲੇਖਕ ਕਾਨਫਰੰਸ ਲੁਧਿਆਣਾ ਵਿਖੇ ੩ ਅਕਤੂਬਰ ੧੯੫੯ ਨੂੰ ਆਪ ਜੀ ਦੇ ਦਿੱਤੇ ਭਾਸ਼ਣ ਦੀਆਂ ਕੁਝ ਟੂਕਾਂ ਉਕਤ ਗੱਲ ਦੀਆਂ ਪੋੜ੍ਹਤਾ ਕਰਦੀਆਂ ਹਨ :

ਅੱਜ ਸੰਸਾਰ ਵਿੱਚ ਸਾਹਿਤਕਾਰਾਂ ਤੇ ਵਿਦਵਾਨਾਂ ਦੀ ਕਦਰ ਕਰਨ ਦੀ ਡਾਢੀ ਲੋੜ ਹੈ। ਇਹਨਾਂ ਦੇ ਯਤਨਾਂ ਰਾਹੀਂ ਹੀ ਦੁਨੀਆਂ ਵਿਚ ਅਮਨ ਸਥਾਪਤ ਹੋ ਸਕਦਾ ਹੈ, ਖੁਸ਼ਹਾਲੀ ਆ ਸਕਦੀ ਹੈ ਅਤੇ ਮਨੁੱਖਤਾ ਦਾ ਵਿਕਾਸ ਹੋ ਸਕਦਾ ਹੈ।[10]

ਸਾਹਿਤ ਕੌਮਾਂ ਦੀ ਜਿੰਦ ਜਾਨ ਹੁੰਦਾ ਹੈ, ਕੌਮ ਦੀ ਕਾਇਆ ਪਲਟ ਦੇਣ ਦੀ ਸਮਰੱਥਾ ਰੱਖਦਾ ਹੈ। ਇਸ ਵਿਚ ਇਹ ਵਿਸ਼ਾਲ ਸ਼ਕਤੀ ਹੈ ਜੋ ਮਾਸੂਮ ਤੇ ਮਜ਼ਲੂਮ ਚਿੜੀਆਂ ਵਿਚ ਬਾਜਾਂ ਦੇ ਹੌਸਲੇ ਭਰਦੀ ਹੋਈ ਗਿੱਦੜਾਂ ਨੂੰ ਸ਼ੇਰਾਂ ਦੇ



Namdhari Elibrary NamdhariElibrary@gmail.com

ਟਾਕਰੇ ਉਤੇ ਖੜ੍ਹਾ ਕਰ ਦਿੰਦੀ ਹੈ।

ਸਾਹਿਤਕਾਰਾਂ ਦੇ ਜਿੰਮੇ ਇਕ ਬੜਾ ਭਾਰਾ ਫਰਜ਼ ਹੈ, ਉਹ ਜਨਤਾ ਨੂੰ ਵਿਦਿਆ ਦੇਣ, ਗਿਆਨ ਦੇਣ ਤੇ ਉਚਾ ਉਠਣ ਦੀ ਪ੍ਰੇਰਨਾ ਦੇਣ। ਉਹ ਅਜਿਹਾ ਸਾਹਿਤ ਪੈਦਾ ਕਰਨ ਜਿਸ ਰਾਹੀਂ ਜਨ ਸਧਾਰਨ ਦਾ ਆਚਰਣ ਉਚਾ ਉਠ ਸਕੇ। ਢੱਠੇ ਨਿਤਾਣੇ, ਕਮਜ਼ੋਰਾਂ ਵਿਚ ਹੌਸਲੇ ਦਾ ਸੰਚਾਰ ਹੋ ਸਕੇ ਤਾਂਕਿ ਸਾਡੇ ਦੇਸ ਦਾ ਕਲਿਆਣ ਹੋਵੇ, ਇਸ ਦਾ ਦੂਜੇ ਦੇਸਾਂ ਵਿੱਚ ਸਤਿਕਾਰ ਵੱਧੇ ਫੁੱਲੇ।[10]

ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਨੂੰ ਅਜ਼ਾਦੀ ਤੋਂ ੧੫ਕੁ ਸਾਲ ਬਾਅਦ ਹੀ ਵਿਦੇਸ਼ੀ ਹਮਲਾਵਾਰਾਂ ਵਲੋਂ ਖਤਰਾ ਪੈਦਾ ਹੋ ਗਿਆ। ੧੯੬੨ ਵਿੱਚ ਚੀਨ ਨੇ ਭਾਰਤ ਉਤੇ ਹਮਲਾ ਕਰ ਦਿੱਤਾ। ਉਸ ਸਮੇਂ ਨਾਮਧਾਰੀ ਸਿੱਖ ਆਪਣੇ ਸਤਿਗੁਰੂ ਦੀ ਅਗਵਾਈ ਵਿੱਚ ਦੇਸ ਦੇ ਨਾਲ ਖਲੋ ਗਏ। ਸਤਿਗੁਰੂ ਜੀ ਦੀ ਆਗਿਆ ਅਨੁਸਾਰ ਉਹਨਾਂ ਦੇ ਭਰਾਤਾ ਮਹਾਰਾਜ ਬੀਰ ਸਿੰਘ ਨੇ ਤਦਵਕਤੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਨੈਸ਼ਨਲ ਡਿਫੈਂਸ ਫੰਡ ਵਾਸਤੇ ੧੯੬੩ ਵਿੱਚ ੫੧੦੦੦ ਰੁਪਏ ਦਾ ਚੈੱਕ ਦਿੱਤਾ। ਨਾਮਧਾਰੀ ਸਿੱਖਾਂ ਦੀਆਂ ਅਮਨ ਪ੍ਰਤੀ ਸਮਰਪਿਤ ਭਾਵਨਾਵਾਂ ਦੀ ਕਦਰ ਕਰਦਿਆਂ ਹੋਇਆਂ ਸ੍ਰੀ ਸਤਿਗੁਰੂ ਜੀ ਨੂੰ ੧੯੬੪ ਵਿੱਚ ਅਮਨ ਕੌਂਸਲ ਦੀ ਪੰਜਾਬ ਇਕਾਈ ਦਾ ਪ੍ਰਧਾਨ ਬਣਨ ਲਈ ਬੇਨਤੀ ਕੀਤੀ ਗਈ ਜੋ ਆਪ ਜੀ ਨੇ ਸਵੀਕਾਰ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰ-ਬਾਰ ਚੇਤਾਵਨੀ ਦੇਂਦੇ ਹਨ ਕਿ ਜਿੰਨਾਂ ਚਿਰ ਹਥਿਆਰਾਂ ਦਾ ਸੰਪੂਰਨ ਨਿਸ਼ਸਤਰੀਕਰਨ ਨਹੀਂ ਹੁੰਦੀ ਓਨਾਂ ਚਿਰ ਵਿਸ਼ਵ ਅਮਨ ਨਹੀਂ ਹੋ ਸਕਦਾ।

"ਦਿੱਲੀ ਵਿੱਚ ੧੯੬੬ ਈ. ਦੇ ਹੋਲੇ ਮਹੱਲੇ ਸਮੇਂ ਹੋਈ ਅਮਨ ਕਾਨਫਰੰਸ ਵਿੱਚ ਇਸ ਦੇ ਪ੍ਰਧਾਨ ਮੈਡਮ ਈਸਾਬਲ ਬਲੂਮ, ਸਕੱਤਰ ਰਮੇਸ਼ ਚੰਦਰ ਤੇ ਗਾਂਧੀ ਪੀਸ ਕੌਂਸਲ ਦੇ ਚੇਅਰਮੈਨ ਡਾ. ਆਰ. ਆਰ. ਦਿਵਾਕਰ, ਅਮਰੀਕਾ ਦੇ ਰਾਜਦੂਤ ਚੈਸਟਰ ਬਾਊਲਜ਼ ਤੇ ਅਰੁਨਾ ਆਸਿਫ ਅਲੀ ਪੁੱਜੇ। ਵੀਅਤਨਾਮ ਦੀ ਜੰਗ ਸਮੇਂ ਵਿਸ਼ਵ ਸ਼ਾਂਤੀ ਲਈ ਇਸ ਕੌਂਸਲ ਦੀਆਂ ਸਰਗਰਮੀਆਂ ਵਧੀਆਂ। ਹੇਲਸਿੰਕੀ (ਫਿਨਲੈਂਡ) ਵਿਚ ਹੋਈ ਇੱਕਤਰਤਾ ਦਾ ਵਿਸ਼ੇਸ਼ ਮਹੱਤਵ ਰਿਹਾ।"[11]

ਏਸੇ ਹੋਲੇ ਵਿਚ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਆ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਨਾਮਧਾਰੀ ਸਿੱਖਾਂ ਦੀਆਂ ਅਜ਼ਾਦੀ ਲਈ ਕੁਰਬਾਨੀਆਂ ਅਤੇ ਅਜ਼ਾਦੀ ਤੋਂ ਬਾਅਦ ਦੇਸ ਦੀ ਅਖੰਡਤਾ ਤੇ ਏਕਤਾ ਲਈ ਕੀਤੇ ਕੰਮਾਂ ਦੀ ਪ੍ਰਸੰਸਾ ਕੀਤੀ।

ਦੇਸ ਵਿਚ ਜਦੋਂ ਆਪਣਾ ਸੰਵਿਧਾਨ ਲਾਗੂ ਹੋਇਆ ਸੀ, ਤਾਂ ੨੬ ਜਨਵਰੀ ੧੯੫੦ ਨੂੰ ਡਾ. ਰਾਜਿੰਦਰ ਪ੍ਰਸਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਣੇ ਸਨ। ਅਗਲੇ ਦਿਨ ਹੀ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਰਾਸ਼ਟਰਪਤੀ ਭਵਨ ਵਿੱਚ ਮਿਲਕੇ ਮਾਲਾ ਪਹਿਨਾਈ, ਤਾਂ ਉਨ੍ਹਾਂ ਅਗੋਂ ਕਿਹਾ-"ਮੇਰੇ ਧੰਨ ਭਾਗ ਹਨ। ਕੱਲ ਮੁਝੇ ਰਾਸ਼ਟਰਪਤੀ ਕਾ ਅਹੁਦਾ ਮਿਲਾ ਹੈ ਔਰ ਆਜ ਆਪ ਨੇ ਦਰਸ਼ਨ ਦੀਆ ਹੈ। ਸਿਰ ਪਰ ਹਾਥ ਰਖਨਾ, ਮੁਝ ਸੇ ਠੀਕ ਸੇਵਾ ਮੁਲਕ ਕੀ ਹੋ ਸਕੇ। ਜੋ ਕੁਝ ਆਗੇ ਮਿਲਾ ਹੈ ਯਾ ਮੇਰੇ ਸੇ ਹੂਆ ਹੈ ਸਭ ਆਪ ਕੀ ਕਿਰਪਾ ਹੈ।"[12]

੧੯੬੫ ਈ. ਦੀ ਭਾਰਤ ਪਾਕਿ ਜੰਗ ਵਿੱਚ ਸਰਹੱਦ ਲਾਗੇ ਬੈਠੇ ਨਾਮਧਾਰੀ ਸਿੱਖਾਂ ਨੇ ਫੌਜੀਆਂ ਦੀ ਲੋੜ ਅਨੁਸਾਰ ਮਦਦ ਕੀਤੀ ਅਤੇ ਫੌਜ ਵਿਚ ਭਰਤੀ ਹੋਏ ਨਾਮਧਾਰੀ ਸਿੱਖਾਂ ਨੇ ਬੇਮਿਸਾਲ ਕੁਰਬਾਨੀ ਦਿੱਤੀ। ਮਿਸਾਲ ਦੇ ਤੌਰ ਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ, ਮੌਰੀ ਵਾਲੇ ਜ਼ਿਲ੍ਹਾ ਸਰਸਾ (ਹਰਿਆਣਾ) ਦੇ ਸ. ਰਵੇਲ ਸਿੰਘ ਦੇ ਲੜਕੇ ਸ. ਅਮਰਜੀਤ ਸਿੰਘ ਸੰਧੂ ਦਾ ਨਾਂ ਬਹੁਤ ਉਚਾ ਹੈ। ਏਅਰ ਫੋਰਸ ਦੇ ਇਸ ਵਿੰਗ ਕਮਾਂਡਰ ਨੂੰ ਦੇਸ ਨੇ ਵੀਰ ਚੱਕਰ ਨਾਲ ਸਨਮਾਨਿਤ ਕੀਤਾ।

੧੯੬੫ ਈ. ਵਿਚ ਮਾਰ ਖਾਣ ਤੋਂ ਬਾਅਦ ਵੀ ਗੁਆਂਢੀ ਦੇਸ਼ ਪਾਕਿਸਤਾਨ ਨੇ ਆਪਣੇ ਆਪ ਨੂੰ ਸਹੀ ਰਾਹ ਤੇ ਨਾ ਲਿਆਂਦਾ ਅਤੇ ਫਿਰ ੧੯੭੧ ਦੀ ਉਸ ਨਾਲ ਲੜਾਈ ਹੋਈ। ਜਿਸ ਵਿਚ ਬੁਰੀ ਤਰ੍ਹਾਂ ਨਾਲ ਹਾਰਨ ਪਿੱਛੋਂ ਪਾਕਿਸਤਾਨ ਦੇ ਦੋ ਟੁਕੜੇ ਹੋ ਗਏ।

ਅੱਜ ਵੀ ਵਿਦੇਸ਼ੀ ਤਾਕਤਾਂ ਦੇਸ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਉਹ ਬਾਹਰੋਂ ਹਮਲਾ ਕਰਦੀਆਂ ਹਨ। ਦੇਸ ਵਿਚ ਅਤਿਵਾਦ ਦੀਆਂ ਤਾਕਤਾਂ ਨੂੰ ਹਵਾ ਹੀ ਨਹੀਂ ਦਿੰਦੀਆਂ ਸਗੋਂ ਉਹਨਾਂ ਦੇ ਰਾਹੀਂ ਅਤਿਵਾਦੀ ਸੰਗਠਨਾਂ ਨੂੰ ਹਥਿਆਰ ਦੀ ਅਤੇ ਪੈਸੇ ਦੀ ਸਹਾਇਤਾ ਮਿਲਣ ਦਾ ਵੀ ਦੋਸ਼ ਲਗਦਾ ਹੈ।

ਨਾਮਧਾਰੀ ਸਿੱਖਾਂ ਵਲੋਂ ਪੰਜਾਬ ਵਿੱਚ ਝੁਲੀ ਅੱਤਵਾਦ ਦੀ ਹਨੇਰੀ ਦਾ ਵਿਰੋਧ ਕੀਤਾ ਗਿਆ। ਸਤਿਗੁਰੂ ਜੀ ਅਮਨ ਏਕਤਾ ਦੇ ਹਾਮੀ ਰਹੇ। ਅੱਤਵਾਦ ਦਾ ਵਿਰੋਧ ਕਰਦਿਆਂ ਕਈ ਨਾਮਧਾਰੀ ਸਿੱਖਾਂ ਨੂੰ ਜਾਨੀ ਤੇ ਮਾਲੀ ਨੁਕਸਾਨ ਉਠਾਉਣਾ ਪਿਆ। ਭਾਰਤ ਦੇ ਉਪ-ਰਾਸ਼ਟਰਪਤੀ ਡਾ. ਸ਼ੰਕਰ ਦਿਆਲ ਸ਼ਰਮਾ ਨੇ ੧੯੯੦ ਦੇ ਇੱਕ ਭਾਸ਼ਣ ਵਿੱਚ ਕਿਹਾ ਕਿ ਸਿੱਖ ਆਤੰਕਵਾਦੀ (ਅੱਤਵਾਦੀ) ਨਹੀਂ ਹੋ ਸਕਦਾ :

"ਲੋਕ ਅੰਤਕਵਾਦੀਆਂ ਨੂੰ ਅਤੰਕਵਾਦੀ ਸਿੱਖ ਕਹਿੰਦੇ ਹਨ। ਮੈਂ ਕਹਿੰਦਾ ਹਾਂ ਕਿ ਅਤੰਕਵਾਦੀ ਅਤੇ ਸਿੱਖ ਦੋ ਚੀਜ਼ਾਂ ਨਾਲੋ-ਨਾਲੋ ਨਹੀਂ ਹੋ ਸਕਦੀਆਂ। ਸਿੱਖ ਧਰਮ ਕਿਸੇ ਨੂੰ ਆਤੰਕਿਤ ਨਹੀਂ ਕਰਦਾ, ਕਿਸੇ ਨੂੰ ਡਰਾਉਂਦਾ ਨਹੀਂ। ਜੋ ਦੂਜਿਆਂ ਨੂੰ ਡਰਾਉਂਦਾ ਹੈ, ਅਤੰਕਿਤ ਕਰਦਾ ਹੈ ਉਹ ਸਿੱਖ



Namdhari Elibrary NamdhariElibrary@gmail.com

ਨਹੀਂ ਹੋ ਸਕਦਾ। ਧਰਮ ਤਾਂ ਸਾਨੂੰ ਆਪਸ ਵਿੱਚ ਪ੍ਰੇਮ ਕਰਨ ਤੇ ਏਕਤਾ ਸਿਖਾਉਂਦਾ ਹੈ। ਇਸ ਏਕਤਾ ਨੂੰ ਜਿਹੜਾ ਤੋੜਦਾ ਹੈ ਉਹ ਹੋਰ ਕੁਝ ਤਾਂ ਭਾਵੇਂ ਹੋਵੇ ਸਿੱਖ ਨਹੀਂ ਹੋ ਸਕਦਾ।"[13]

ਇਕ ਹੋਰ ਪੱਖ ਬਾਰੇ ਵੀ ਇਹ ਕਹਿਣਾ ਗਲਤ ਨਹੀਂ ਕਿ ਭਾਰਤੀ ਜਵਾਨੀ ਖਾਸ ਕਰਕੇ ਬਾਰਡਰ ਦੇ ਨਾਲ ਲੱਗਦੇ ਪ੍ਰਦੇਸ਼ਾਂ ਵਿਸ਼ੇਸ਼ ਤੌਰ ਤੇ ਪੰਜਾਬ ਦੀ ਜਵਾਨੀ ਨੂੰ ਨਸ਼ੇ ਦੀ ਭੈੜੀ ਆਦਤ ਅਤੇ ਨਸ਼ੀਲੀਆਂ ਵਸਤਾਂ ਪਹੁੰਚਾਉਣ ਬਾਰੇ ਵੀ ਸਰਹੱਦੋਂ ਪਾਰ ਦੀਆਂ ਤਾਕਤਾਂ ਆਪਣੀ ਵਾਹ ਲਾਉਂਦੀਆਂ ਹਨ। ਪੰਜਾਬ ਦੀ ਜਵਾਨੀ ਨੂੰ ਤਾਂ ਡਰਗਜ਼ ਨੇ ਘੋਰਾ ਲਾ ਦਿੱਤਾ ਹੈ, ਉਹ ਸ਼ਰਾਬ, ਅਫੀਮ, ਭੂਕੀ ਨਾਰਕੋਟਿਕਸ (Narcotics) ਜਾਂ ਹੋਰ ਤਰ੍ਹਾਂ ਦੇ ਡਰਗਜ਼ ਦੇ ਆਦੀ ਹੋ ਕੇ ਆਪਣਆ ਸਰੀਰ ਗਾਲ ਰਹੇ ਹਨ।

ਨਾਮਧਾਰੀ ਸਿੱਖ ਨਸ਼ੇ ਦੇ ਵਿਰੋਧ ਵਿਚ ਖੜ੍ਹੇ ਹਨ। ਸ਼ੁਰੂ ਤੋਂ ਨਸ਼ਾ ਕਰਨਾ ਇਹਨਾਂ ਵਾਸਤੇ ਗੁਨਾਹ ਹੈ। ਇਹ ਨਸ਼ਾ ਵਿਰੋਧੀ ਕੈਂਪ ਲਗਾ ਕੇ ਜਾਂ ਆਪਣੇ ਵੱਡੇ ਇਕੱਠਾਂ ਵਿਚ ਲੋਕਾਂ ਨੂੰ ਨਸ਼ਿਆਂ ਦੇ ਨੁਕਸਾਨ ਦੱਸਦੇ ਹੋਏ ਉਹਨਾਂ ਨੂੰ ਛੱਡਣ ਲਈ ਪ੍ਰਣ ਕਰਾਉਂਦੇ ਹਨ।

ਜਿਹੜੀਆਂ ਵੀ ਤਾਕਤਾਂ ਭਾਰਤੀਆਂ ਨੂੰ ਏਕਤਾ ਅਤੇ ਅਖੰਡਤਾ ਵਲੋਂ ਦੂਰ ਕਰਦੀਆਂ ਹਨ, ਉਹਨਾਂ ਦਾ ਨਾਮਧਾਰੀ ਸਿੱਖਾਂ ਵੱਲੋਂ ਵਿਰੋਧੀ ਕੀਤਾ ਜਾਂਦਾ ਹੈ ਅਤੇ ਜਿਹੜੀਆਂ ਤਾਕਤਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਤੋਂ ਵੀ ਅੱਗੇ ਵਧ ਕੇ ਗਊ ਗਰੀਬ ਅਤੇ ਮਨੁੱਖਤਾ ਦੇ ਭਲੇ ਵਿਚ ਸਹਾਈ ਹੁੰਦੀਆਂ ਹਨ, ਉਹਨਾਂ ਦਾ ਸਾਥ ਦਿੰਦੇ ਹਨ। ਇਹਨਾਂ ਵਿਚ ਰਾਜਨੀਤਕ, ਧਾਰਮਿਕ ਅਤੇ ਸਮਾਜਕ ਤਾਕਤਾਂ ਵੀ ਹਨ।

ਨਾਮਧਾਰੀ ਸਿੱਖਾਂ ਨੇ ਦੇਸ ਦੀ ਪਾਰਲੀਮੈਂਟ ਅਤੇ ਕਿਸੇ ਪ੍ਰਾਂਤ ਦੀ ਵਿਧਾਨ ਪਰਿਸ਼ਦ/ਸਭਾ ਵਿੱਚ ਜਾਂ ਕੇ ਵੀ ਸਦਾ ਏਕਤਾ ਤੇ ਅਖੰਡਤਾ ਪ੍ਰਤੀ ਆਪਣੀ ਦ੍ਰਿੜਤਾ ਪਰਗਟ ਕੀਤੀ ਹੈ। ਸ. ਆਤਮਾ ਸਿੰਘ, ਮਹਾਰਾਜ ਨਿਹਾਲ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ ਲੋਕ ਸਭਾ ਜਾਂ ਰਾਜ ਸਭਾ ਦੇ ਮੈਂਬਰ ਰਹੇ ਹਨ ਅਤੇ ਸ. ਤੇਜਾ ਸਿੰਘ ਪੰਜਾਬ ਵਿਧਾਨ ਪਰਿਸ਼ਦ ਦੇ। ਅੱਜਕਲ੍ਹ ਸ. ਇੰਦਰ ਸਿੰਘ ਨਾਮਧਾਰੀ ਲੋਕ ਸਭਾ ਦੇ ਮੈਂਬਰ ਹਨ, ਉਹ ਬਿਹਾਰ ਅਤੇ ਝਾਰਖੰਡ ਦੀਆਂ ਅਸੈਂਬਲੀਆਂ ਦੇ ਮੈਂਬਰ ਵੀ ਰਹੇ ਹਨ। ਸ. ਕਰਤਾਰ ਸਿੰਘ ਸੋਖੀ ਦਿੱਲੀ ਦੀ ਵਿਧਾਨ ਸਭਾ ਅਤੇ ਸ. ਸੁਲੱਖਣ ਸਿੰਘ ਦਿੱਲੀ ਮੈਟਰੋ ਪੋਲੀਟਨ ਕੌਂਸਲ ਦੇ ਮੈਂਬਰ ਰਹੇ ਹਨ। ਹੰਸਪਾਲ ਜੀ ਨੇ ੧੯੯੦ ਈ. ਵਿੱਚ ਇੱਕ ਗੋਸ਼ਟੀ ਵਿੱਚ ਕਿਹਾ :

"ਅੱਜ ਵੀ ਸਾਡੇ ਸਤਿਗੁਰੂ ਜੀ ਸਾਨੂੰ ਪੂਰੇ ਸਮਾਜ ਨੂੰ ਕੋਈ ਕੰਮ ਅਜਿਹਾ ਨਹੀਂ ਕਰਨ ਦਿੰਦੇ ਜਿਹੜਾ ਦੇਸ ਦੇ ਹਿੱਤਾਂ ਦੇ ਵਿਰੁਧ ਜਾਂਦਾ ਤੇ ਦੇਸ ਲਈ ਹਾਨੀਕਾਰਕ ਹੋਵੇ। ਮੈਂ ਰਾਜ ਸਭਾ ਦਾ ਮੈਂਬਰ ਹਾਂ। ਮੈਨੂੰ ਸਤਿਗੁਰੂ ਜੀ ਦੀਆਂ ਵਿਸ਼ੇਸ਼ ਹਿਦਾਇਤਾਂ ਹਨ ਕਿ ਕੋਈ ਕੰਮ ਜਾਂ ਕੋਈ ਗੱਲ ਇਹੋ ਜਿਹੀ ਨਹੀਂ ਕਰਨੀ ਜੋ ਦੇਸ ਵਾਸਤੇ ਲਾਭਦਾਇਕ ਨਾ ਹੋਵੇ। ਉਹਨਾਂ ਦੀ ਹਿਦਾਇਤ ਹੈ ਕਿ ਹਮੇਸ਼ਾ ਦੇਸ ਦੀ ਏਕਤਾ ਤੇ ਅਖੰਡਤਾ ਦੀ ਗੱਲ ਕਰਨੀ ਹੈ।"[14]

ਘੱਟ ਗਿਣਤੀ ਦੇ ਹੱਕਾਂ ਦੀ ਰਾਖੀ ਲਈ ਬਣੇ ਕਮਿਸ਼ਨ ਦੇ ਮੈਂਬਰ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਨਾਮਜ਼ਦ ਕੀਤਾ ਗਿਆ ਹੈ। ਉਹ ਧਰਮ ਜਾਂ ਭਾਸ਼ਾ ਦੇ ਨਾਂ ਉਤੇ ਜੇ ਕਿਤੇ ਘੱਟ ਗਿਣਤੀ ਨੂੰ ਵਿਤਕਰੇ ਦੀ ਸ਼ਿਕਾਇਤ ਹੁੰਦੀ ਹੈ ਤਾਂ ਉਸ ਨੂੰ ਦੂਰ ਕਰਨ ਲਈ ਮਹੱਤਵਪੂਰਨ ਹਿੱਸਾ ਪਾਉਂਦੇ ਹਨ।

ਇਸ ਤਰ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੇ ਨਸਲੀ, ਭਾਸ਼ਾਈ ਪ੍ਰਾਂਤ ਜਾਂ ਧਰਮ ਦੇ ਨਾਂ ਉਤੇ ਜੇ ਕਿਤੇ ਦੇਸ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਭਾਸਦਾ ਹੈ ਤਾਂ ਨਾਮਧਾਰੀ ਸਿੱਖ ਉਸ ਸਮੇਂ ਦੇਸ ਨਾਲ ਖਲੋ ਕੇ ਮਹੱਤਵਪੂਰਨ ਹਿੱਸਾ ਪਾਉਂਦੇ ਹਨ।

ਏ-੧੧੦, ਜਨਤਾ ਕਲੋਨੀ
ਨਵੀਂ ਦਿੱਲੀ-27

---

ਹਵਾਲੇ :-

1. Ludhiana District Gazetteer 1904
2. ਬਡ ਪਰਤਾਪੁ ਸੁਨਿਓ ਪ੍ਰਭ ਤੁਮਰੋ-ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ
3. ਲਾਲ ਏਹਿ ਰਤਨ- ਭਾਗ ਇੱਕ, ਸੰਪਾਦਕ ਪ੍ਰਿੰ. ਬੇਅੰਤ ਕੌਰ।
4. ਓਹੀ
5. ਤਵਾਰੀਖ਼ ਸੰਤ ਖਾਲਸਾ- ਭਾਗ ਦੂਜਾ, ਕਿਰਪਾਲ ਸਿੰਘ ਕਸੇਲ
6. ਲਾਲ ਏਹਿ ਰਤਨ- ਭਾਗ ਤੀਜਾ, ਸੰਪਾਦਕ ਪ੍ਰਿੰ. ਬੇਅੰਤ ਕੌਰ।
7. ਓਹੀ
8. ਲਾਲ ਏਹਿ ਰਤਨ- ਭਾਗ ਪੰਜ, ਸੰਪਾਦਕ ਪ੍ਰਿੰ. ਬੇਅੰਤ ਕੌਰ।
9. ਸਤਿਜੁਗ ਦਾ ਸ਼ਰਧਾਂਜਲੀ ਅੰਕ- ੧੯੬੧
10. ਪ੍ਰਵਚਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ- ਸੰਪਾਦਕ ਹਰਵਿੰਦਰ ਸਿੰਘ ਹੰਸਪਾਲ
11. ਨਾਮਧਾਰੀ ਇਤਿਹਾਸ ਸੰਖੇਪ- ਤਾਰਾ ਸਿੰਘ ਅਨਜਾਣ
12. ਜਸ ਜੀਵਨ- ਭਾਗ ਪੰਜ, ਤਰਨ ਸਿੰਘ ਵਹਿਮੀ
13. ਵਡ ਪਰਤਾਪੁ ਅਚਰਜ ਰੂਪ- ਸੰਪਾਦਕ, ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ
14. ਓਹੀ



Namdhari Elibrary NamdhariElibrary@gmail.com


TOP TRAK
new generation bikes
NEW range for all ages
new
new
new
new
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

# ਬੇਅੰਤ ਸਤਿਗੁਰੂ

*—ਸੰਤ ਸਿੰਘ*

ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਆਪਣੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਬਹੁਤ ਹੀ ਸਪਸ਼ਟ ਅਤੇ ਵਿਸਥਾਰ ਪੂਰਵਕ ਵਿਆਖਿਆ ਕੀਤੀ ਹੈ। ਇਹ ਗੂੜ੍ਹਾ ਪੱਖ ਨਿਰਸੰਦੇਹ ਪਰਮਾਣਿਕ ਹੈ ਕਿ ਸਰਬ ਸ਼ਕਤੀਮਾਨ, ਸਰਬ ਵਿਆਪਕ ਅਕਾਲ ਪੁਰਖ ਅਤੇ ਉਸਦੇ ਸਰਗੁਣ ਸਰੂਪ ਵਿੱਚ ਕੋਈ ਅੰਤਰ ਨਹੀਂ। ਦੋਹਾਂ ਦਾ ਚਿਤਰਬਲ, ਨੈਤਿਕ ਬਲ ਅਤੇ ਵਿਸ਼ੇਸ਼ਤਾਵਾਂ ਇੱਕੋ ਜਿਹੀਆਂ ਹਨ। ਜੇਕਰ ਅੰਤਰ ਹੈ ਤਾਂ ਸਿਰਫ਼ ਏਨਾ ਕਿ ਜਿਥੇ ਨਿਰਗੁਣ ਇੱਕ ਮਹਾ ਸ਼ਕਤੀ ਹੈ ਉਥੇ ਸਰਗੁਣ ਇੱਕ ਮਹਾਨ ਵਿਅਕਤੀ ਦੇ ਰੂਪ ਵਿੱਚ ਵਿਚਰਦਾ ਹੈ। ਗੁਰਬਾਣੀ ਵਿੱਚ ਏਸੇ ਕਰਕੇ ਫ਼ੁਰਮਾਇਆ ਹੈ ਕਿ:—

ਨਿਰਗੁਨੁ ਆਪਿ ਸਰਗੁਨੁ ਭੀ ਓਹੀ।
ਕਲਾ ਧਾਰਿ ਜਿਨਿ ਸਗਲੀ ਮੋਹੀ।

ਨਿਰਕਾਰ ਅਕਾਲ ਪੁਰਖ ਨੇ ਚੌਰਾਸੀ ਲੱਖ ਜੂਨੀਆਂ ਦੀ ਉਤਪਤੀ ਕੀਤੀ। ਇਸ ਵਿਚ ਮਨੁੱਖ ਨੂੰ ਸਰਵੋਤਮ ਜੂਨੀ ਬਣਾਇਆ ਕਿਉਂਕਿ ਇਸ ਨੂੰ ਗਿਆਨ ਵੀ ਨਾਲ ਬਖਸ਼ਿਆ। ਸਾਰਕੁਤਾਵਲੀ ਵਿੱਚ ਮਹਾਤਮਾ ਪਸ਼ੂ ਅਤੇ ਮਨੁਖ ਦਾ ਵਖਰੇਵਾਂ ਇਸ ਤਰ੍ਹਾਂ ਕਰਦੇ ਹਨ—

ਨਿੰਦ੍ਰਾ ਭੋਜਨ ਭੋਗ ਭੈ ਏਹ ਪਸੁ ਪੁਰਖ ਸਮਾਨ।
ਨਰਨ ਗਿਆਨ ਨਿਜ ਅਧਿਕਤਾ
ਗਿਆਨ ਬਿਨਾ ਪਸੁ ਜਾਨ।

ਇਸ ਤਰ੍ਹਾਂ ਅਕਾਲ ਪੁਰਖ ਨੇ ਪਸ਼ੂਆਂ ਨਾਲੋਂ ਵੱਧ ਕਲਾ ਜੋ ਮਨੁੱਖ ਨੂੰ ਪ੍ਰਦਾਨ ਕੀਤੀ ਹੈ ਉਹ ਸਿਰਫ਼ ਗਿਆਨ ਹੈ। ਇਸ ਕਾਰਨ ਉਸ ਨੂੰ ਚੰਗੇ ਮੰਦੇ ਦੀ ਪਛਾਣ ਹੁੰਦੀ ਹੈ। ਉਸਨੂੰ ਆਪਣੀ ਹੋਂਦ ਦਾ ਵੀ ਗਿਆਨ ਹੁੰਦਾ ਹੈ। ਜਿਸ ਮਨੁੱਖ ਵਿਚ ਗਿਆਨ ਨਹੀਂ ਉਹ ਪਸ਼ੂ ਸਮਾਨ ਹੈ।

ਅਕਾਲ ਪੁਰਖ ਨੇ ਸ੍ਰਿਸ਼ਟੀ ਜਿਸ ਮੰਤਵ ਨਾਲ ਸਾਜੀ ਉਸਦੇ ਵਾਧੇ ਵਾਸਤੇ, ਉਸ ਦੀ ਉੱਨਤੀ ਵਾਸਤੇ ਉਸਨੇ ਮਨੁੱਖ ਦੀ ਸਾਜਨਾ ਕੀਤੀ। ਮਨੁੱਖ ਨੂੰ ਉਸਦੇ ਜੀਵਨ ਬਾਰੇ ਸਹੀ ਗਿਆਨ, ਸਹੀ ਦਿਸ਼ਾ ਪ੍ਰਦਾਨ ਕਰਨ ਵਾਸਤੇ ਉਸ ਨੇ ਸਰਗੁਣ ਸਰੂਪ ਵਿੱਚ ਅਵਤੀਰਨ ਹੋਣ ਦਾ ਵਿਧਾਨ ਬਣਾਇਆ ਤਾਂਕਿ ਉਹ ਮਨੁੱਖ ਨੂੰ ਉਸੇ ਦੀ ਭਾਸ਼ਾ ਵਿੱਚ, ਉਸੇ ਹੀ ਸਰੂਪ ਵਿੱਚ ਉਸ ਨੂੰ ਅਕਾਲ ਪੁਰਖ ਦੇ ਪ੍ਰੋਗਰਾਮ, ਅਤੇ ਉਸ ਦੇ ਨਿਯਮ ਦੇ ਬਾਰੇ ਜਾਣਕਾਰੀ ਦੇ ਸਕੇ। ਗੁਰਬਾਣੀ ਦਾ ਕਥਨ ਹੈ—

ਏਵਡੁ ਊਚਾ ਹੋਵੈ ਕੋਇ। ਤਿਸੁ ਊਚੇ ਕਉ ਜਾਣੈ ਸੋਇ।

ਉਪਰੋਕਤ ਕਥਨ ਅਨੁਸਾਰ ਅਕਾਲ ਪੁਰਖ ਦੇ ਪ੍ਰੋਗਰਾਮ ਦੇ ਬਾਰੇ ਸਹੀ ਅਤੇ ਸੰਪੂਰਨ ਜਾਣਕਾਰੀ ਕੇਵਲ ਉਸ ਦੇ ਸਰਗੁਣ ਸਰੂਪ ਨੂੰ ਹੀ ਹੋ ਸਕਦੀ ਹੈ। ਸਰਗੁਣ ਸਰੂਪ ਵਿਚ ਉਹ ਜੀਵਾਂ ਦੇ ਨਾਲ ਵਿਅਕਤੀਗਤ ਸੰਪਰਕ ਰੱਖਦਾ ਹੈ। ਉਹਨਾਂ ਨੂੰ ਨਿਰਗੁਣ ਦੇ ਬਾਰੇ ਗਿਆਨ ਦੇਂਦਾ ਹੈ, ਉਹਨਾਂ ਨੂੰ ਮਨੁੱਖੀ ਜੀਵਨ ਦੇ ਮਨੋਰਥ ਦਾ ਗਿਆਨ ਦੇ ਕੇ ਇਸ ਨੂੰ ਸਫ਼ਲ ਕਰਨ ਅਤੇ ਅਕਾਲ ਪੁਰਖ ਨਾਲ ਮੇਲ ਦਾ ਰਾਹ ਦਰਸਾਉਂਦਾ ਹੈ। ਮਨੁੱਖ ਨੂੰ ਅਕਾਲ ਪੁਰਖ ਦਾ ਸਹੀ ਗਿਆਨ ਦੇ ਕੇ ਉਸ ਨੂੰ ਦ੍ਰਿੜ ਕਰਾਉਂਦਾ ਹੈ ਕਿ ਉਸ ਨੂੰ ਮਿਲਣ ਦਾ ਮਾਧਿਅਮ ਕੇਵਲ ਤੇ ਕੇਵਲ ਸਤਿਗੁਰ ਹੀ ਹੈ। ਸੱਚ ਤੇ ਇਹ ਹੈ ਕਿ ਨਿਰਅਕਾਰ ਅਕਾਲ ਪੁਰਖ ਦਾ ਦਰਸ਼ਨ ਕੇਵਲ ਸਤਿਗੁਰੂ ਵਿੱਚ ਹੀ ਹੋ ਸਕਦਾ ਹੈ। ਇਸ ਪ੍ਰਤੀ ਗੁਰਬਾਣੀ ਦੇ ਮਹਾਵਾਕ ਹੈ—

ਸਤਿਗੁਰ ਵਿਚਿ ਆਪ ਰਖਿਅਨੁ
ਕਰਿ ਪਰਗਟੁ ਆਖਿ ਸੁਣਾਇਆ

ਜਿਸ ਤਰ੍ਹਾਂ ਨਿਰਗੁਣ ਨਿਰੰਕਾਰ ਅਕਾਲ ਪੁਰਖ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸੇ ਤਰ੍ਹਾਂ ਉਸ ਦਾ ਸਰਗੁਣ ਸਰੂਪ ਵੀ ਅਤਿ ਵਿਸ਼ਾਲ, ਅਤਿ ਗਹਿਰਾ ਹੈ। ਸਾਗਰ ਦਾ ਅਥਾਹ ਪਾਉਣਾ ਤੇ ਸੰਭਵ ਹੈ ਪਰ ਸਤਿਗੁਰੂ ਨੂੰ ਕਿਸੇ ਵੀ ਗਿਣਤੀ ਮਿਣਤੀ ਵਿਚ ਸੀਮਿਤ ਕਰਨਾ ਅਤਿ ਅਸੰਭਵ ਹੈ। ਉਹ ਏਨਾ ਗਹਿਰ ਗੰਭੀਰ ਹੈ ਕਿ ਦੁਨੀਆ ਦੇ ਸਾਰੇ ਹੀ ਗਿਆਨੀ, ਵਿਗਿਆਨੀ, ਬੁਧੀਮਾਨ ਇਕੱਠੇ ਹੋ ਕੇ ਵੀ ਉਸ ਦੇ ਗੁਣਾ ਦਾ ਅੰਤ ਨਹੀਂ ਪਾ ਸਕਦੇ। ਉਹ ਏਨਾ ਬੇਅੰਤ ਅਤੇ ਮਨ ਬੁੱਧੀ ਤੋਂ ਪਰੇ ਹੈ ਕਿ ਸਾਰਾ ਸੰਸਾਰ ਨ ਹੀ ਉਸ ਦੀ ਉਸਤਤੀ ਕਰ ਸਕਦਾ ਹੈ, ਨਾ ਹੀ ਉਸ ਨੂੰ ਨਿੰਦ ਸਕਦਾ ਹੈ। ਉਹ ਅਪਰੰਪਾਰ ਹੈ। ਗੁਰਬਾਣੀ ਦਾ ਕਥਨ ਹੈ—

ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ।
ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ।
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ।
ਨਾਮੁ ਨਿਧਾਨੁ ਸਤਿਗੁਰਿ ਦੀਆ
ਸੁਖੁ ਨਾਨਕ ਮਨ ਮਹਿ ਮੰਡੁ।

ਸਿਰੀ ਰਾਗ ਮ: ੫, ਪੰਨਾ ੫੦

ਸਰਗੁਣ ਸਰੂਪ ਵਿੱਚ ਸਤਿਗੁਰੂ ਅਲੌਕਿਕ ਅਤੇ ਮਨੁੱਖੀ ਲੀਲਾਵਾਂ ਦੋਵੇਂ ਹੀ ਕਰਦਾ ਹੈ। ਮਨੁੱਖੀ ਲੀਲ੍ਹਾ ਰਾਹੀਂ ਸਤਿਗੁਰੂ ਉਹ ਸਾਰੇ ਹੀ ਕੰਮ ਕਰਦਾ ਹੈ ਜੋ ਇੱਕ ਸਾਧਾਰਨ ਮਨੁੱਖ ਕਰਦਾ ਹੈ। ਆਪਣੀ ਮਨੁੱਖੀ ਲੀਲ੍ਹਾ ਕਾਰਨ, ਉਹ ਮਨੁੱਖ ਨੂੰ ਇਹ ਸਮਝਾਉਣ ਦਾ ਯਤਨ ਕਰਦਾ ਹੈ ਕਿ ਮਨੁੱਖ ਆਪਣੇ ਦ੍ਰਿੜ੍ਹ ਸੰਕਲਪ  ਦ੍ਰਿੜ੍ਹ ਵਿਸ਼ਵਾਸ ਅਤੇ ਆਪਣੇ ਪ੍ਰੀਸ਼ਰਮ ਕਾਰਨ ਦੁਨੀਆ ਵਿਚ ਸਭ ਕੁਝ ਹਾਸਲ ਕਰ ਸਕਦਾ ਹੈ। ਵੱਡੀਆਂ ਵੱਡੀਆਂ ਔਕੜਾਂ ਦਾ ਸਾਹਮਣਾ ਕਰ ਕੇ ਉਹ



Namdhari Elibrary NamdhariElibrary@gmail.com

ਆਪਣਾ ਰਸਤਾ ਸਾਫ ਕਰ ਸਕਦਾ ਹੈ ਅਤੇ ਉੱਨਤੀ ਦੀਆਂ ਸਿਖਰਾਂ ਨੂੰ ਛੂਹ ਸਕਦਾ ਹੈ। ਇਸ ਨਾਲ ਉਸ ਵਿਚ ਆਤਮ ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਉਸਦੀ ਮਾਨਵੀ ਲੀਲ੍ਹਾ ਏਨੀ ਪ੍ਰਬਲ ਹੋ ਜਾਂਦੀ ਹੈ ਕਿ ਮਨੁੱਖ ਉਸ ਨੂੰ ਆਪਣੇ ਵਰਗਾ ਸਾਧਾਰਨ ਮਨੁੱਖ ਹੀ ਸਮਝ ਬੈਠਦਾ ਹੈ। ਆਮ ਸਾਧਾਰਨ ਮਨੁੱਖ ਦੀ ਤੇ ਗੱਲ ਕੀ ਕਰਨੀ, ਵੱਡੇ ਵੱਡੇ ਪੜ੍ਹੇ ਲਿਖੇ ਬੁੱਧੀ ਜੀਵੀ ਵੀ ਉਸ ਦੀ ਮਾਨਵੀ ਲੀਲ੍ਹਾ ਤਕ ਹੀ ਸੀਮਤ ਰਹਿ ਜਾਂਦੇ ਹਨ, ਇਸੇ ਕਰਕੇ ਉਹਨਾਂ ਨੂੰ ਵੀ ਸਤਿਗੁਰੂ ਦੇ ਸਹੀ ਸਰੂਪ ਦਾ, ਉਸ ਦੀ ਰਜ਼ਾ ਦਾ ਅਤੇ ਉਸ ਦੀ ਨੀਤੀ ਬਾਰੇ ਸਹੀ ਗਿਆਨ ਨਹੀਂ ਹੁੰਦਾ। ਸਤਿਗੁਰੂ ਸਾਰਿਆਂ ਦੇ ਮਨਾਂ ਦੀ ਜਾਣਦੇ ਹਨ, ਉਹ ਸਾਡੇ ਪੂਰਬਲੇ ਕਰਮਾਂ ਤੋਂ ਵੀ ਜਾਣੂ ਹਨ। ਇਸ ਲਈ ਉਹ ਕਿਸੇ ਨੂੰ ਕਿਸੇ ਤਰ੍ਹਾਂ ਅਤੇ ਕਿਸੇ ਨੂੰ ਕਿਸੇ ਤਰ੍ਹਾਂ ਦੇ ਹੋ ਕੇ ਵਿਖਾ ਦੇਂਦੇ ਹਨ। ਮਨੁੱਖ ਸਮਝਦਾ ਹੈ ਕਿ ਉਸ ਨੇ ਸਤਿਗੁਰੂ ਬਾਰੇ ਬਹੁਤ ਕੁਝ ਜਾਣ ਲਿਆ ਹੈ, ਪਰ ਹੈ ਉਸ ਨੂੰ ਭੁਲੇਖਾ ਹੀ—

ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜਿਹਾ ਸੁਖੁ ਹੋਇ।।

ਸਤਿਗੁਰੂ ਰਾਮ ਸਿੰਘ ਜੀ ਨੇ ਇਸੇ ਕਰਕੇ ਫੁਰਮਾਇਆ ਸੀ ਕਿ "ਜੋ ਮੈਨੂੰ ਚੋਰ ਕਰਕੇ ਕਲਪੂ ਉਸਦੇ ਮੈਂ ਚੋਰੀ ਕਰ ਦੇਊਂ, ਜੋ ਮੈਨੂੰ ਯਾਰ ਕਰਕੇ ਕਲਪੂ ਉਸ ਦੇ ਮੈਂ ਯਾਰੀ ਕਰ ਦੇਊਂ, ਜੋ ਮੈਨੂੰ ਗੁਰੂ ਕਰਕੇ ਕਲਪੂ ਉਸਦਾ ਪਾਰ ਉਤਾਰ ਕਰ ਦੇਊਂ, ਤੇ ਅਕਾਲ ਪੁਰਖ ਮੈਂ ਹਾਂ ਹੀ।" ਹਰ ਇੱਕ ਮਨੁੱਖ ਆਪਣੀ ਆਪਣੀ ਧਾਰਨਾ ਅਤੇ ਆਪਣੀ ਪੇਸ਼ੇਵਰ ਮੁਹਾਰਤ ਅਨੁਸਾਰ ਸਤਿਗੁਰ ਨੂੰ ਵੇਖਦਾ ਹੈ।

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੇ ਪਰਗਟ ਹੋਣ ਸਮੇਂ ਉਥੇ ਇਕ ਬਹੁਤ ਹੀ ਅੱਖਾਂ ਚੁੰਧਿਆਉਣ ਵਾਲਾ ਪ੍ਰਕਾਸ਼ ਹੋਇਆ। ਪ੍ਰਕਾਸ਼ ਓਝਲ ਹੋਣ ਉਪਰੰਤ ਇੱਕ ਬਾਲਕ ਦਾ ਦਰਸ਼ਨ ਹੋਇਆ, ਜਿਹੜਾ ਰੋਇਆ ਵੀ ਨਹੀਂ। ਏਨਾ ਕੁਝ ਕਰ ਕੇ ਉਹਨਾਂ ਦੇ ਨਾਲ ਹੀ ਆਪਣੀ ਮਾਇਆ ਦਾ ਜਾਲ ਵਿਛਾ ਦਿੱਤਾ, ਜਿਸ ਕਾਰਨ ਸਾਰੇ ਦੁਨਿਆਵੀ ਕੰਮਾਂ ਵਿੱਚ ਹੀ ਪੈ ਗਏ ਤੇ ਇਹ ਭੁੱਲ ਗਏ ਕਿ ਜਨਮ ਲੈਣ ਵਾਲਾ ਬੱਚਾ ਆਮ ਸਾਧਾਰਨ ਨਹੀਂ ਇੱਕ ਦੈਵੀ ਵਿਅਕਤੀ ਹੈ। ਮਾਤਾ ਪਿਤਾ ਤੇ ਮਾਇਆ ਪਾਉਣ ਦਾ ਤੇ ਉਹ ਮੁੱਢ ਤੋਂ ਹੀ ਆਦੀ ਹੈ। ਪਿਛਲੇ ਜੁਗਾਂ ਵਿੱਚ ਵੀ ਪਾਉਂਦਾ ਆਇਆ ਹੈ ਤੇ ਹੁਣ ਕਲਿਜੁਗ ਵਿੱਚ ਵੀ ਤੇ ਇਹ ਲੀਲ੍ਹਾ ਜ਼ਰੂਰੀ ਸੀ। ਇਸ ਦੀ ਬਹੁਤ ਲੋੜ ਏਸ ਕਰਕੇ ਵੀ ਸੀ ਕਿ ਉਸ ਨੇ ਮਾਨਵੀ ਲੀਲ੍ਹਾ ਨੂੰ ਪ੍ਰਮੁੱਖਤਾ ਦੇਣੀ ਹੈ।

ਫਿਰ ਵੀ ਉਹ ਰਜ਼ਾ ਦਾ ਮਾਲਕ ਹੈ। ਇੱਕ ਵਾਰ, ਦਿਨ ਚੜ੍ਹੇ ਤੱਕ ਬਿਰਾਜੇ ਰਹੇ। ਮਾਤਾ ਜੀ ਨੇ ਦਾਈ ਦੌਲਤਾਂ ਨੂੰ ਨਾਨਕ ਨੂੰ ਜਗਾਉਣ ਲਈ ਭੇਜਿਆ। ਦਾਈ ਤੇ ਪਹਿਲਾਂ ਤੋਂ ਹੀ ਉਹਨਾਂ ਦੀ ਭਗਤਣੀ ਬਣੀ ਹੋਈ ਸੀ। ਉਸ ਨੂੰ ਨਾਨਕ ਜੀ ਮੰਜੇ ਤੇ ਸੁੱਤੇ ਪਏ ਬਹੁਤ ਪਿਆਰੇ ਲੱਗੇ, ਤੇ ਉਸ ਦਾ ਉਹਨਾਂ ਨੂੰ ਉਠਾਉਣ ਨੂੰ ਦਿਲ ਹੀ ਨਾ ਕੀਤਾ ਕੇਵਲ ਦਰਸ਼ਨ ਕਰਦੀ ਰਹੀ। ਅਖ਼ੀਰ ਮਾਤਾ ਦਾ ਹੁਕਮ ਵੀ ਮੰਨਣਾ ਸੀ ਤਾਂ ਦੌਲਤਾਂ ਨਾਨਕ ਜੀ ਦੇ ਚਰਨ ਚੁੰਮਣ ਲੱਗ ਪਈ। ਸਤਿਗੁਰੂ ਜੀ ਨੇ ਉਸਨੂੰ ਗਿਆਨ ਕਰਵਾਇਆ ਕਿ ਨਾਨਕ ਤੇ ਸਮੁੰਦਰਾਂ ਵਿਚ ਲੋਕਾਂ ਦੇ ਜਹਾਜ਼ ਪਾਰ ਕਰਨ ਲਈ ਗਿਆ ਹੋਇਆ ਹੈ। ਉਸ ਨੇ ਮਾਤਾ ਜੀ ਨੂੰ ਕਿਹਾ ਕਿ ਮਾਤਾ ਜੀ ਜਗਾਇਆ ਤਾਂ ਉਸਨੂੰ ਜਾਂਦਾ ਹੈ ਜਿਹੜਾ ਸੁੱਤਾ ਹੋਵੇ, ਨਾਨਕ ਤੇ ਏਥੇ ਹੈ ਹੀ ਨਹੀਂ ਉਹ ਤੇ ਸਮੁੰਦਰਾਂ ਵਿੱਚ ਲੋਕਾਂ ਦੇ ਜਹਾਜ਼ ਪਾਰ ਕਰਦਾ ਫਿਰਦਾ ਹੈ। ਇਸੇ ਤਰ੍ਹਾਂ ਰਾਏ ਬਲਾਰ ਅਤੇ ਭੈਣ ਨਾਨਕੀ ਤੇ ਕਿਰਪਾ ਕੀਤੀ ਤੇ ਉਹਨਾਂ ਨੂੰ ਜਣਾ ਦਿੱਤਾ ਕਿ ਨਾਨਕ ਕੋਈ ਸਾਧਾਰਨ ਜੀਵ ਨਹੀਂ, ਉਹ ਆਪ ਹੀ ਨਿਰੰਕਾਰ ਹੈ।

ਸਤਿਗੁਰੂ ਨਾਨਕ ਜੀ ਜਦੋਂ ਦੇਵਲੂਤ ਨੂੰ ਮਿਲਣ ਜਾਂਦੇ ਹਨ ਤਾਂ ਉਸ ਦੀ ਨਗਰੀ ਦੇ ਬਾਹਰ ਡੇਰਾ ਲਗਾ ਲੈਂਦੇ ਹਨ। ਉਹ ਆਪਣੇ ਸੂਹੀਆਂ ਤੋਂ ਸੁਣਨ ਉਪਰੰਤ ਆਪਣੇ ਬੰਦੇ ਸਤਿਗੁਰੂ ਜੀ ਨੂੰ ਪਕੜ ਕੇ ਲਿਆਉਣ ਵਾਸਤੇ ਭੇਜਦਾ ਹੈ। ਉਹ ਜਦੋਂ ਸਤਿਗੁਰੂ ਜੀ ਦੇ ਨੇੜੇ ਜਾਂਦੇ ਹਨ ਤਾਂ ਅੰਨ੍ਹੇ ਹੋ ਜਾਂਦੇ ਹਨ। ਫੇਰ ਦੇਵਲੂਤ ਆਪਣੇ ਵਜ਼ੀਰ ਨੂੰ ਭੇਜਦਾ ਹੈ। ਵਜ਼ੀਰ ਸਤਿਗੁਰੂ ਜੀ ਕੋਲ ਸ਼ੁੱਧ ਭਾਵਨਾ ਅਤੇ ਸਾਫ਼ ਮਨ ਨਾਲ ਜਾਂਦਾ ਹੈ। ਉਸ ਨੂੰ ਸਤਿਗੁਰੂ ਜੀ ਦਾ ਦਰਸ਼ਨ ਹੋ ਜਾਂਦਾ ਹੈ। ਫੇਰ ਦੇਵਲੂਤ ਖੁਦ ਜਾਂਦਾ ਹੈ। ਅਲੌਕਿਕ ਘਟਨਾ ਇਹ ਵਰਤਦੀ ਹੈ ਕਿ ਵਜ਼ੀਰ ਨੂੰ ਤੇ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ ਪਰ ਦੇਵਲੂਤ ਨੂੰ ਨਹੀਂ। ਵਜ਼ੀਰ ਦੇ ਸਮਝਾਉਣ ਤੇ ਕਿ ਉਹ ਮਨ ਸਾਫ਼ ਕਰਕੇ ਅਤੇ ਸ਼ੁੱਧ ਭਾਵਨਾ ਨਾਲ ਦਰਸ਼ਨ ਕਰਨ ਦੀ ਇੱਛਾ ਕਰੇ ਤਾਂ ਦਰਸ਼ਨ ਹੋ ਜਾਣਗੇ। ਅਖ਼ੀਰ ਏਸੇ ਤਰ੍ਹਾਂ ਹੋਇਆ ਅਤੇ ਦੇਵਲੂਤ ਸਤਿਗੁਰੂ ਜੀ ਦਾ ਸਿੱਖ ਬਣ ਗਿਆ।

ਏਸੇ ਤਰ੍ਹਾਂ ਦੇ ਅਨੇਕਾਂ ਹੀ ਕੌਤਕ ਹਰ ਜਾਮੇ ਵਿੱਚ ਹੁੰਦੇ ਰਹੇ ਹਨ। ਸਤਿਗੁਰੂ ਕਿਸੇ ਵੀ ਦੁਨਿਆਵੀ ਬੰਧਨ ਵਿੱਚ ਨਹੀਂ ਹੁੰਦਾ। ਉਹ ਆਪਣੀ ਰਜ਼ਾ ਅਨੁਸਾਰ ਅਤੇ ਸਿੱਖਾਂ ਦੀ ਭਾਵਨਾ ਅਨੁਸਾਰ ਉਹਨਾਂ ਨੂੰ ਆਪਣੇ ਬਾਰੇ ਜਣਾਉਂਦਾ ਹੈ।

ਵੱਡੇ ਵੱਡੇ ਬੁੱਧੀ ਜੀਵੀ ਵੀ ਆਪਣੇ ਗਿਆਨ, ਆਪਣੀਆਂ ਅੱਖਾਂ ਤੇ ਕੰਨਾਂ ਤੇ ਹੀ ਭਰੋਸਾ ਰੱਖਦੇ ਹਨ ਅਤੇ ਇਹ ਸਮਝ ਬੈਠਦੇ ਹਨ ਕਿ ਉਹਨਾਂ ਨੂੰ ਸੰਪੂਰਨ ਗਿਆਨ ਹੋ ਗਿਆ ਹੈ। ਸਿਰਫ ਏਨਾ ਹੀ ਨਹੀਂ ਇਹ ਵੀ ਸੋਚਣ ਲੱਗ ਪੈਂਦੇ ਹਨ ਕਿ ਜੋ ਕੁਝ ਉਹ ਸੋਚਦੇ ਹਨ, ਦੇਖਦੇ ਹਨ, ਸੁਣਦੇ ਹਨ, ਏਹੋ ਹੀ ਸਤਿਗੁਰੂ ਦੀ ਸੀਮਾ ਤੇ ਸੱਚਾਈ ਹੈ। ਪਾਰਲੌਕਿਕ ਘਟਨਾਵਾਂ ਵਾਸਤੇ ਤੇ ਉਹਨਾਂ ਮਿੱਥ ਵਰਗੇ ਸ਼ਬਦ ਲੱਭ ਲਏ ਹਨ ਅਤੇ ਇਹਨਾਂ ਸਾਰੀਆਂ ਘਟਨਾਵਾਂ ਨੂੰ ਇਹ ਵਹਿਮ, ਮਨਘੜਤ ਅਤੇ ਅਨਪੜ੍ਹਤਾ ਨਾਲ ਜੋੜ ਕੇ ਪੂਰੀ ਤਰ੍ਹਾਂ ਨਕਾਰ ਦਿੰਦੇ ਹਨ। ਏਸ ਕਰਕੇ ਉਹ ਸਤਿਗੁਰੂ ਨੂੰ ਵੀ ਇੱਕ ਸਾਧਾਰਨ ਮਨੁੱਖ, ਕਿਸੇ ਪਰਵਾਰ ਦਾ ਸਦਸਿਆ, ਕਿਸੇ ਦਾ



Namdhari Elibrary NamdhariElibrary@gmail.com

ਪੁੱਤਰ ਅਤੇ ਕਿਸੇ ਦਾ ਰਿਸ਼ਤੇਦਾਰ ਸਮਝਦੇ ਹਨ। ਸਤਿਗੁਰੂ ਵੀ ਉਹਨਾਂ ਨੂੰ ਆਪਣਾ ਏਹੋ ਰੂਪ ਵਿਖਾਉਂਦਾ ਹੈ। ਬੁੱਧੀ ਜੀਵੀਆਂ ਨੂੰ ਵੀ ਸੰਤੁਸ਼ਟੀ ਹੋ ਜਾਂਦੀ ਹੈ ਕਿ ਸਤਿਗੁਰੂ ਵੀ ਆਮ ਜੀਵਾਂ ਵਾਂਗ ਤੁਰਦਾ ਹੈ, ਖਾਂਦਾ ਹੈ, ਪੀਂਦਾ ਹੈ, ਸੌਂਦਾ ਹੈ ਅਤੇ ਹੋਰ ਬਾਕੀ ਕੰਮ-ਕਾਰ ਕਰਦਾ ਹੈ। ਉਹ ਵੀ ਇੱਕ ਸਾਧਾਰਨ ਮਨੁੱਖ ਵਾਂਗੂ ਗ੍ਰਹਿਸਤ ਭੋਗਦਾ ਹੈ, ਇੱਕ ਆਮ ਬੰਦੇ ਵਾਂਗੂੰ ਹੀ ਲੋਕਾਂ ਨਾਲ ਵਰਤਦਾ ਹੈ। ਬੁੱਧੀ ਜੀਵੀ ਇਸੇ ਕਿਸਮ ਦੀ ਧਾਰਨਾ ਨੂੰ ਆਪਣੀਆਂ ਲੇਖਣੀਆਂ ਦੁਆਰਾ ਪ੍ਰਚਾਰਦੇ ਹਨ। ਨੌਬਤ ਏਥੋਂ ਤੱਕ ਆ ਜਾਂਦੀ ਹੈ ਕਿ ਪੁਰਾਤਨ ਸਾਖੀਆਂ ਨੂੰ ਵੀ ਮਨਘੜਤ ਕਰਾਰ ਦੇ ਦੇਂਦੇ ਹਨ।

ਦੁਨਿਆਵੀ ਪੜ੍ਹਾਈ ਵਿੱਚ ਅਧਿਆਤਮਵਾਦ ਨਾਮ ਦਾ ਕੋਈ ਵਿਸ਼ਾ ਨਹੀਂ ਹੁੰਦਾ। ਵੈਸੇ ਗੁਰਬਾਣੀ ਵਿੱਚ ਵੀ ਕਥਨ ਆਇਆ ਹੈ–

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।

ਦੁਨਿਆਵੀ ਵਿੱਦਿਆ ਵਿੱਚ ਵੱਡੀਆਂ ਵੱਡੀਆਂ ਡਿਗਰੀਆਂ ਮਿਲਦੀਆਂ ਹਨ, ਜੋ ਮਨੁੱਖ ਵਾਸਤੇ ਉਸ ਦੀ ਉਪਜੀਵਕਾ ਦਾ ਸਾਧਨ ਬਣਦੀਆਂ ਹਨ। ਇਹ ਪ੍ਰਾਪਤੀ ਹੋ ਵੀ ਜਲਦੀ ਹੀ ਜਾਂਦੀ ਹੈ। ਇਸ ਨੂੰ ਮਨੁੱਖ ਲੈਂਦਾ ਵੀ ਬਹੁਤ ਗੰਭੀਰਤਾ ਨਾਲ ਹੈ ਕਿਉਂਕਿ ਉਸ ਦੇ ਸਾਰੇ ਜੀਵਨ ਦੀ ਪ੍ਰਾਪਤੀ, ਜੀਵਨ ਦੇ ਸੁੱਖ ਅਤੇ ਉੱਚ ਪਦਵੀਆਂ ਦਾ ਦਾਰੋਮਦਾਰ ਇਹਨਾਂ ਉਤੇ ਹੀ ਹੁੰਦਾ ਹੈ। ਉੱਚ ਪੱਧਰ ਦੀ ਵਿੱਦਿਆ ਨਾਲ ਥੋੜ੍ਹਾ ਬਹੁਤ ਮਨ ਪ੍ਰਤਿਸ਼ਟਾ ਵੀ ਹੋ ਹੀ ਜਾਂਦਾ ਹੈ। ਜੋ ਵੀ ਹੈ ਦੁਨੀਆ ਦੀ ਵਿੱਦਿਆ ਦੁਨਿਆਵੀ ਜੀਵਨ ਵਾਸਤੇ ਅਤਿ ਆਵਸ਼ਕ ਹੈ।

ਇਸ ਦੇ ਵਿਪਰੀਤ ਅਧਿਆਤਮਵਾਦ ਵਾਸਤੇ ਤਨ, ਮਨ, ਧਨ ਨਿਓਛਾਵਰ ਕਰਨਾ ਪੈਂਦਾ ਹੈ, ਕਿਸੇ ਕਾਮਲ ਰਹਿਬਰ ਦੀ ਅਗਵਾਈ ਵਿਚ ਸਾਧਨਾ ਸਾਧਣੀ ਪੈਂਦੀ ਹੈ। ਇਸ ਵਿੱਚ ਭਾਉ ਅਤੇ ਭਗਤੀ ਦੀ ਅਵੱਸ਼ਕਤਾ ਹੈ ਅਤੇ ਮੁਸ਼ੱਕਤ ਵੀ ਬਹੁਤ ਕਰਨੀ ਪੈਂਦੀ ਹੈ। ਦੁਨਿਆਵੀ ਸੁੱਖਾਂ ਤੋਂ ਵੀ ਵਾਂਝੇ ਰਹਿਣਾ ਪੈਂਦਾ ਹੈ। ਇਹ ਇੱਕ ਕਠਿਨ ਰਾਹ ਹੈ, ਅਤੇ ਕਠਿਨ ਤਪੱਸਿਆ ਹੈ। ਇੱਕ ਨਿਸ਼ਠਾਵਾਨ, ਸ਼ਰਧਾਵਾਨ ਭਗਤ ਦੀ ਧਾਰਨਾ ਕੁਝ ਹੋਰ ਹੁੰਦੀ ਹੈ। ਸਤਿਗੁਰੂ ਤੇ ਅਕਾਲ ਪੁਰਖ ਨੂੰ ਅੰਸ਼ ਮਾਤਰ ਸਮਝਣ ਵਾਸਤੇ ਵੀ ਜੀਵ ਨੂੰ ਆਤਮਕ ਗਿਆਨ, ਆਪਣੇ ਦਿਵਯ ਜੋਤਿ ਅਤੇ ਅੰਤਰਿ ਭਾਵਾਂ ਦੀ ਅਵੱਸ਼ਕਤਾ ਹੁੰਦੀ ਹੈ। ਇਹ ਸਤਿਗੁਰੂ ਦੀ ਕਿਰਪਾ ਅਤੇ ਪੂਰਨ ਸਮਰਪਣ ਤੋਂ ਬਿਨਾਂ ਨਹੀਂ ਮਿਲਦੀ।

ਦੁਨਿਆਵੀ ਗਿਆਨ ਨਾਲ ਮਨੁੱਖ ਚਤੁਰਾਈਆਂ ਸਿਖਦਾ ਹੈ, ਹਰ ਗੱਲ ਤੇ ਆਲੋਚਨਾ ਹੀ ਆਪਣਾ ਲਕਸ਼ ਬਣਾ ਲੈਂਦਾ ਹੈ। ਇਹਨਾਂ ਦੇ ਨਾਲ ਜੇਕਰ ਸਿਆਸਤ ਨਾਲ ਰਲ ਜਾਵੇ ਤਾਂ ਫਿਰ ਸਤਿਗੁਰੂ ਨੂੰ ਵੀ ਉਹ ਆਮ ਨੇਤਾ ਵਾਂਗੂ ਹੀ ਸਮਝਦਾ ਹੈ। ਇਹ ਦੋਵੇਂ ਗੱਲਾਂ ਮਨ ਬੁਧੀ ਤੇ ਗਹਿਰਾ ਅਸਰ ਕਰਦੀਆਂ ਹਨ। ਇਸ ਕਰਕੇ ਜੀਵ ਨੂੰ ਸਤਿਗੁਰੂ ਦੇ ਬਾਰੇ ਸਹੀ ਗਿਆਨ ਨਹੀਂ ਹੁੰਦਾ।

ਭਾਈ ਸਾਈਂ ਦਾਸ ਜੀ ਗੁਰੂ ਹਰਗੋਬਿੰਦ ਸਾਹਿਬ ਦੇ ਰਿਸ਼ਤੇ ਵਿਚ ਸਾਂਢੂ ਲਗਦੇ ਸਨ। ਸਤਿਗੁਰੂ ਜੀ ਦੀ ਕਿਰਪਾ ਸਦਕਾ ਉਹ ਉਨ੍ਹਾਂ ਨੂੰ ਸਤਿਗੁਰੂ ਅਕਾਲ ਪੁਰਖ ਮੰਨਦੇ ਸਨ। ਗੁਰੂ ਰਿਸ਼ਤਿਆਂ ਤੋਂ ਉਚੀ ਚੀਜ਼ ਹੁੰਦੀ ਹੈ। ਜਿਹੜੇ ਉਸ ਨੂੰ ਅਕਾਲ ਪੁਰਖ ਮੰਨਦੇ ਹਨ ਉਹਨਾਂ ਨੂੰ ਪਰਮ ਪਦਵੀ ਅਤੇ ਉਚ ਅਧਿਆਤਮਕ ਅਵਸਥਾ ਪਰਾਪਤ ਹੋ ਜਾਂਦੀ ਹੈ ਅਤੇ ਜਿਹੜੇ ਰਿਸ਼ਤੇਦਾਰੀਆਂ ਵਿੱਚ ਅੜੇ ਰਹਿੰਦੇ ਹਨ, ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ। ਇੱਕ ਦਿਨ ਭਾਈ ਸਾਈਂ ਦਾਸ ਜੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਝੱਸ ਰਹੇ ਸਨ ਜਦ ਕਿ ਸਤਿਗੁਰੂ ਜੀ ਦੇਹ ਕਰਕੇ ਬਿਰਾਜੇ ਹੋਏ ਸਨ। ਉਸ ਸਮੇਂ ਆਪ ਸਾਈਂ ਦਾਸ ਜੀ ਵੀ ਚਲੇ ਜਾਂਦੇ ਹਨ। ਜਦੋਂ ਵਾਪਸ ਆਏ ਤਾਂ ਸਤਿਗੁਰੂ ਜੀ ਦੇ ਚੋਲੇ ਨਾਲ ਸਮੁੰਦਰ ਦੀ ਰੇਤ ਵੀ ਪਲੰਘ ਤੇ ਆ ਜਾਂਦੀ ਹੈ। ਭਾਈ ਸਾਹਿਬ ਜੀ ਨੂੰ ਰੇਤ ਵਾਲਾ ਕੌਤਕ ਦੇਖਕੇ ਭਰੋਸਾ ਹੋ ਗਿਆ ਕਿ ਸਤਿਗੁਰੂ ਜੀ ਸਚੀ ਮੁਚੀ ਹੀ ਸਮੁੰਦਰ ਵਿਚ ਗਏ ਸਨ। ਇਸ ਨਾਲ ਉਹਨਾਂ ਦੇ ਵਿਸ਼ਵਾਸ ਨੂੰ ਹੋਰ ਪਰਪੱਕਤਾ ਮਿਲੀ ਕਿਉਂਕਿ ਇਹ ਸੁਪਨਾ ਨਹੀਂ ਅਸਲੀਅਤ ਸੀ। ਭਾਈ ਸਾਈਂ ਦਾਸ ਜੀ ਨੂੰ ਇਹ ਪ੍ਰਾਪਤੀ ਸਤਿਗੁਰੂ ਜੀ ਤੇ ਅੰਤਰ ਮੁੱਖੀ ਹੋ ਕੇ ਸਿਦਕ ਭਰੋਸੇ ਕਾਰਨ ਹੋਈ। ਇਹ ਕਿਰਪਾ ਆਮ ਇਨਸਾਨ ਤੇ ਨਹੀਂ ਹੁੰਦੀ ਕਿਉਂਕਿ ਉਹ ਭਾਵਨਾ ਬਿਹੀਨ ਹੁੰਦੇ ਹਨ। ਗੁਰੂ ਨੂੰ ਇੱਕ ਸਧਾਰਨ ਮਨੁੱਖ ਸਮਝਦੇ ਹਨ।

ਸਤਿਗੁਰੂ ਦੇ ਸਤਿਜੁਗ ਤੋਂ ਲੈ ਕੇ ਹੁਣ ਤੱਕ ਜਿੰਨੇ ਵੀ ਅਵਤਾਰ ਹੋਏ ਹਨ, ਇਹਨਾਂ ਵਿਚ ਹਰ ਜਾਮੇ ਵਿਚ ਨਵੀਆਂ ਅਲੌਕਿਕ ਤੇ ਮਨੁੱਖੀ ਲੀਲ੍ਹਾਵਾਂ ਹੋਈਆਂ ਹਨ। ਇਹ ਨਹੀਂ ਕਿ ਜੋ ਉਸ ਨੇ ਇੱਕ ਜਾਮੇ ਵਿਚ ਕੀਤਾ ਸੀ ਉਹ ਦੂਸਰੇ ਵਿਚ ਨਹੀਂ ਸੀ ਕਰ ਸਕਦਾ। ਉਹ ਸਭ ਕੁਝ ਕਰਨ ਕਾਰਨ ਹੈ। ਉਸਦੀਆਂ ਸਾਰਿਆਂ ਜੁਗਾਂ ਦੀਆਂ ਲੀਲ੍ਹਾਵਾਂ ਨੂੰ ਜੇਕਰ ਇਕੱਠਾ ਵੀ ਕਰ ਲਈਏ ਤਾਂ ਵੀ ਉਸਦੀ ਕਰਨੀ, ਸਰਬ ਵਿਆਪਕਤਾ ਅਤੇ ਸਮਰਥਾ ਦਾ ਮਾਮੂਲੀ ਜਿਹਾ ਹੀ ਗਿਆਨ ਹਾਸਲ ਹੋਵੇਗਾ। ਉਹ ਬੇਅੰਤ ਹੈ ਉਸਦਾ ਅੰਤ ਕੋਈ ਪਾ ਹੀ ਨਹੀਂ ਸਕਦਾ। ਉਹ ਜੋ ਕੁਝ ਕਰਦਾ ਹੈ, ਉਸ ਨੂੰ ਸਿਵਾਏ ਉਸਦੇ ਕੋਈ ਹੋਰ ਨਹੀਂ ਜਾਣਦਾ।

ਨਿਰਾਅਕਾਰ ਅਕਾਲ ਪੁਰਖ ਕਿਸ ਤਰ੍ਹਾਂ ਜੀਵ ਤੇ ਰੀਝਦਾ ਹੈ, ਅਤੇ ਉਸ ਨੂੰ ਉਸ ਦੇ ਜੀਵਨ ਦੀ ਸਫ਼ਲਤਾ ਪ੍ਰਦਾਨ ਕਰਦਾ ਹੈ, ਇਸ ਦਾ ਗਿਆਨ ਮਨੁੱਖ ਨੂੰ ਸਤਿਗੁਰੂ ਹੀ ਬਖਸ਼ਦਾ ਹੈ। ਕਿਉਂਕਿ ਸਤਿਗੁਰੂ ਅਕਾਲ ਪੁਰਖ ਦਾ ਹੀ ਸਰਗੁਣ ਸਰੂਪ ਹੈ, ਇਸ ਵਾਸਤੇ ਸਿਵਾਏ ਸਤਿਗੁਰੂ ਦੇ ਅਕਾਲ ਪੁਰਖ ਦੀ ਇੱਛਾ ਦਾ ਕਿਸੇ ਨੂੰ ਵੀ ਸੰਪੂਰਨ ਗਿਆਨ ਨਹੀਂ। ਗੁਰਬਾਣੀ ਵਿੱਚ ਇਸ ਦੀ ਪ੍ਰੋੜਤਾ ਥਾਂ ਥਾਂ ਕੀਤੀ ਮਿਲਦੀ ਹੈ। ਜਿਹਾ



Namdhari Elibrary NamdhariElibrary@gmail.com

ਕਿ—

ਹਰਿ ਕੈ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ।

ਮ:੪, ਪੰਨਾ ੩੧੬

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ,
ਸੁ ਨਾਨਕ ਆਖਿ ਸੁਣਾਵੈ।

ਆਸਾ ਮ: ੫ ਪੰਨਾ ੩੭੩

ਜਨ ਨਾਨਕ ਕਉ ਸਭ ਸੋਝੀ ਪਾਈ,
ਹਰਿ ਦਰ ਕੀਆ ਬਾਤਾ ਆਖਿ ਸੁਣਾਏ।

ਮ: ੪ ਪੰਨਾ ੩੦੮

ਹਰਿ ਕੈ ਦਰਿ ਵਰਤਿਆ ਸੁ ਨਾਨਕ ਆਖਿ ਸੁਣਾਇਆ।

ਮ: ੪ ਪੰਨਾ ੩੧੬

ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿ ਹੋ ਜਗ ਮਾਹਿ।
ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ।

ਪਾ: ੧੦

ਏਸੇ ਤਰ੍ਹਾਂ ਹੋਰ ਵੀ ਅਨੇਕਾਂ ਹੀ ਕਥਨ ਹਨ ਜਿਹਨਾਂ ਤੋਂ ਸਰਗੁਣ ਤੇ ਨਿਰਗੁਣ ਦੀ ਇਕਸੁਰਤਾ ਦਾ ਗਿਆਨ ਹੁੰਦਾ ਹੈ। ਹਰ ਯੁਗ ਵਿੱਚ ਜਦੋਂ ਵੀ ਗਰੀਬਾਂ ਉਤੇ ਅੱਤਿਆਚਾਰ ਹੁੰਦੇ ਹਨ, ਸੰਤ ਭਗਤ ਦੁਖਾਏ ਜਾਂਦੇ ਹਨ, ਧਰਮ ਦੀ ਹਾਨੀ ਹੁੰਦੀ ਹੈ ਤਾਂ ਨਿਰਾਕਾਰ, ਸਰਗੁਣ ਸਰੂਪ ਧਾਰ ਕੇ ਪ੍ਰਗਟ ਹੁੰਦਾ ਰਿਹਾ ਹੈ, ਅਤੇ ਉਸਦੇ ਆਪਣੇ ਹੀ ਬਣਾਏ ਹੋਏ ਵਿਧਾਨ, ਤੇ ਗੁਰੂ ਗੋਬਿੰਦ ਸਿੰਘ ਜੀ ਕਥਨ ਅਨੁਸਾਰ ਅਗੋਂ ਵਾਸਤੇ ਵੀ ਸ੍ਰਿਸ਼ਟੀ ਤੇ ਪਰਗਟ ਹੁੰਦਾ ਰਹੇਗਾ। ਇਹ ਵਿਧਾਨ ਅਟੱਲ ਹੈ।

ਇਸੇ ਵਿਧਾਨ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਨੇ ਕਲਿਯੁਗ ਵਿਚ ਅਵਤਾਰ ਧਾਰਿਆ ਅਤੇ ਸਾਰਾ ਕਲਿਯੁਗ ਅਵਤਾਰ ਧਾਰ ਕੇ ਭੋਗਣ ਦਾ ਵਿਧਾਨ ਬਣਾਇਆ। ਗੁਰਬਾਣੀ ਵਿਚ ਏਸੇ ਕਰਕੇ ਸਪਸ਼ਟ ਕਰ ਦਿੱਤਾ ਕਿ

ਹਰਿ ਜੁਗਹ ਜੁਗੋ ਜਗਾ ਜੁਗੇ ਸਦ ਪੀੜੀ ਗੁਰੂ ਚਲੰਦੀ।

ਇਸ ਮਹਾਂਵਾਕ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਵੱਖ ਵੱਖ ਜਾਮੇ ਧਾਰਕੇ, ਮਨੁੱਖੀ ਜੀਵਾਂ ਦਾ ਕਲਿਆਣ ਕੀਤਾ, ਅਤੇ ਸੱਚ ਦੇ ਰਾਹ ਦੇ ਪਾਂਧੀ ਬਣਾਏ। ਸੱਚ ਤੇ ਸੁੱਚ ਦ੍ਰਿੜਾਈ ਅਤੇ ਜੀਵਾਂ ਨੂੰ ਮਨੁੱਖੀ ਜੀਵਨ ਦਾ ਮਹੱਤਵ ਦ੍ਰਿੜਾਇਆ, ਇਸ ਨੂੰ ਸਫ਼ਲ ਕਰਨ ਦੇ ਰਾਹ ਤੇ ਚਲਾਇਆ। ਨਾਮ ਦਾਨ ਤੇ ਇਸ਼ਨਾਨ ਦੇ ਮਾਰਗ ਤੇ ਚੱਲਣ ਲਈ ਸਿਰਫ ਪ੍ਰੇਰਿਆ ਹੀ ਨਹੀਂ ਆਪ ਵੀ ਉਸ ਮਾਰਗ ਦਾ ਅਨੁਸਰਣ ਕੀਤਾ। ਜੀਵ ਨੂੰ ਨਿਰਾ ਕਰਮ ਕਾਂਡਾਂ ਵਿਚ ਫਸਕੇ ਰਹਿ ਜਾਣ ਦੀ ਥਾਂ ਉਹਨਾਂ ਨੂੰ ਨਾਮ ਬਾਣੀ ਨਾਲ ਜੋੜਿਆ, ਸਤਿਗੁਰੂ ਤੇ ਪੂਰਨ ਵਿਸ਼ਵਾਸ ਅਤੇ ਸ਼ਰਧਾ ਲਈ ਪ੍ਰੇਰਿਆ, ਕਿਰਤ ਕਮਾਈ, ਕਰਨੀ ਤੇ ਵੰਡ ਛਕਣ ਦੇ ਉਤਮ ਉਦੇਸ਼ਾਂ ਦੇ ਧਾਰਨੀ ਬਣਾਇਆ।

ਸਾਰੇ ਹੀ ਜਾਮਿਆਂ ਵਿੱਚ ਨਾਮ ਦੀ ਮਹੱਤਤਾ ਤੇ ਜ਼ੋਰ ਦਿੱਤਾ ਕਿ ਕਲਿਯੁਗ ਵਿਚ ਜੀਵਨ ਸਫ਼ਲ ਕਰਨ ਵਾਸਤੇ ਸਿਰਫ਼ ਤੇ ਸਿਰਫ਼ ਨਾਮ ਦਾ ਹੀ ਆਸਰਾ ਹੈ। ਸਾਰੀ ਗੁਰਬਾਣੀ ਵਿੱਚ ਨਾਮ ਦੇ ਗੁਣਾਂ ਦਾ ਉਚਾਰਨ ਕੀਤਾ ਹੈ। ਹਰ ਪੱਤਰੇ ਤੇ ਸਿੱਖ ਨੂੰ ਨਾਮ ਦਾ ਮਹੱਤਤਾ ਦਰਸਾਈ ਹੈ ਅਤੇ ਸਾਫ਼ ਸ਼ਬਦਾਂ ਵਿੱਚ ਫੁਰਮਾਇਆ ਹੈ ਕਿ ਇਹ ਨਾਮ ਸਿਵਾਏ ਸਤਿਗੁਰੂ ਦੇ ਹੋਰ ਕਿਸੇ ਥਾਂ ਤੋਂ ਨਹੀਂ ਮਿਲਦਾ। ਇਸਦਾ ਖਜ਼ਾਨਾ ਕੇਵਲ ਸਤਿਗੁਰੂ ਕੋਲ ਹੀ ਹੈ ਅਤੇ ਉਹੀ ਆਪਣੀ ਰਜ਼ਾ ਅਨੁਸਾਰ ਜੀਵਾਂ ਨੂੰ ਬਖ਼ਸ਼ਦਾ ਹੈ—

ਬਿਨ ਸਤਿਗੁਰ ਹਰਿ ਨਾਮ ਨ ਲਭਈ ਲੱਖ ਕੋਟੀ ਕਰਮ ਕਮਾਉ

ਬਿਨ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ।

ਪੰਨਾ ੪੦

ਬਿਨ ਨਾਵੈ ਜੀਵਣੁ ਨ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ।

ਨਾਮੁ ਅਮੋਲਕ ਰਤਨੁ ਹੈ ਪੂਰੇ ਸਤਿਗੁਰ ਪਾਸਿ।

ਪੰਨਾ ੪੦

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰੁ
ਨ ਕੁੰਜੀ ਹਥਿ।

ਅਨੇਕਾਂ ਹੀ ਸਿੱਖਾਂ ਉਤੇ ਸਤਿਗੁਰੂ ਜੀ ਨੇ ਨਾਮ ਦੀ ਵਰਸ਼ਾ ਕੀਤੀ ਹੈ ਅਤੇ ਉਚ ਕੋਟੀ ਦੇ ਸੰਤ ਬਣਾ ਦਿੱਤੇ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੇ ਬ੍ਰਹਮ ਗਿਆਨੀ, ਮਹਾਂਪੁਰਸ਼ ਸੰਤਾਂ ਭਗਤਾਂ ਦਾ ਤੇ ਜਿਵੇਂ ਪ੍ਰਵਾਹ ਹੀ ਚਲ ਪਿਆ ਹੋਵੇ। ਸਤਿਗੁਰੂ ਦਾ ਜਿਸ ਤਰ੍ਹਾਂ ਦਾ ਆਪਣੇ ਜਾਮੇ ਵਿਚ ਵਿਚਰਨ ਦਾ ਪ੍ਰੋਗਰਾਮ ਹੁੰਦਾ ਹੈ ਉਸੇ ਤਰ੍ਹਾਂ ਦੇ ਸਿੱਖ ਸੇਵਕ ਵੀ ਉਹ ਆਪਣੇ ਨਾਲ ਲੈ ਆਉਂਦਾ ਹੈ। ਹਰ ਜਾਮੇ ਦੀ ਆਪਣੀ ਹੀ ਵਿਸ਼ੇਸ਼ਤਾ ਹੈ। ਹਰ ਨਵੇਂ ਜਾਮੇ ਵਿੱਚ ਪਿਛੋਂ ਤੁਰੀ ਆ ਰਹੀ ਲੜੀ ਨੂੰ ਉਥੋਂ ਹੀ ਪਕੜ ਲਿਆ ਜਿਥੇ ਪਿਛਲੇ ਨੇ ਛੱਡੀ ਸੀ ਅਤੇ ਉਸ ਨੂੰ ਅੱਗੇ ਵਧਾਇਆ। ਨਵੇਂ ਪ੍ਰੋਗਰਾਮ ਉਲੀਕੇ, ਸਮੇਂ ਅਨੁਸਾਰ ਆਪਣੇ ਸੇਵਕਾਂ ਦੀ ਅਗਵਾਈ ਵਾਸਤੇ ਨਵੇਂ ਵਿਧਾਨ ਵੀ ਬਣਾਏ। ਨਾਮ ਬਾਣੀ ਅਤੇ ਸੁੱਚ ਸੋਧ ਦੀ ਮਰਯਾਦਾ ਜੋ ਸਤਿਗੁਰੂ ਰਾਮ ਸਿੰਘ ਜੀ ਵੱਡੇ ਪੱਧਰ ਤੇ ਤੋਰੀ ਉਹ ਨਿਰੰਤਰ ਉਸੇ ਤਰ੍ਹਾਂ ਚੱਲੀ ਆ ਰਹੀ ਹੈ।

ਹੁਣ ਵਕਤ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੇ ਇਸ ਦਾ ਹੜ੍ਹ ਹੀ ਆ ਗਿਆ ਲਗਦਾ ਹੈ। ਜਪ ਪ੍ਰਯੋਗ ਦੇ ਸਮੇਂ ਅੱਠ ਅੱਠ ਘੰਟੇ ਰੋਜ਼ ਨਾਮ ਸਿਮਰਨ ਕਰਨ ਦੀ ਆਦਤ ਤੇ ਸਿੱਖਾਂ ਅੰਦਰ ਵੱਸ ਗਈ ਹੈ। ਜਪ ਪ੍ਰਯੋਗ ਨਿਰਾ ਇੱਕ ਮਹੀਨਾ ਹੀ ਨਹੀਂ ਸਗੋਂ ਸਾਰਾ ਸਾਲ ਹੀ ਚਲਦਾ ਰਹਿੰਦਾ ਹੈ। ਇੱਕ ਜਪ ਪ੍ਰਯੋਗ ਦਾ ਭੋਗ ਪੈਂਦਾ ਹੈ ਤਾਂ ਦੂਸਰਾ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਅੰਮ੍ਰਿਤ ਵੇਲੇ ਦੋ ਵਜੇ ਤੋਂ ਸਾਧ ਸੰਗਤ


Namdhari Elibrary NamdhariElibrary@gmail.com

ਇਸ਼ਨਾਨ ਪਾਣੀ ਕਰਕੇ, ਨਾਮ ਸਿਮਰਨ ਵਿੱਚ ਜੁੜ ਜਾਂਦੀ ਹੈ। ਵੱਡੇ ਵੱਡੇ ਸ਼ਹਿਰਾਂ ਵਿਚ ਵੀ ਇਹ ਪ੍ਰਯੋਗ ਚਲਦੇ ਰਹਿੰਦੇ ਹਨ। ਇੱਕ ਘੰਟੇ ਦਾ ਨਾਮ ਸਿਮਰਨ ਵੀ ਸਮੂਹਕ ਰੂਪ ਵਿੱਚ ਥਾਂ ਥਾਂ ਹੋ ਰਿਹਾ ਹੈ। ਸੌ ਤੋਂ ਵੱਧ ਥਾਵਾਂ ਤੇ ਅਖੰਡ ਨਾਮ ਸਿਮਰਨ ਦੀਆਂ ਵਰਨੀਆਂ ਵੀ ਚਲਦੀਆਂ ਹਨ।

ਇਸ ਨਾਮ ਸਿਮਰਨ ਵਿੱਚ ਸਿਰਫ ਵੱਡੇ ਹੀ ਨਹੀਂ ਸਗੋਂ ਛੋਟੇ ਛੋਟੇ ਬੱਚਿਆਂ ਅਤੇ ਬੱਚੀਆਂ ਵੀ ਬਹੁਤ ਵੱਡੀ ਗਿਣਤੀ ਵਿੱਚ ਭਾਗ ਲੈਂਦੇ ਹਨ।

ਸਤਿਗੁਰ ਸਿੱਖ ਕਾ ਹਲਤਿ ਪਲਤਿ ਸਵਾਰੈ।

ਉਪਰੋਕਤ ਕਥਨ ਅਨੁਸਾਰ, ਸਤਿਗੁਰੂ ਸਿੱਖ ਦਾ ਨਿਰਾ ਲੋਕ ਹੀ ਨਹੀਂ ਸਗੋਂ ਉਸ ਦਾ ਪਰਲੋਕ ਵੀ ਸੰਵਾਰ ਦੇਂਦਾ ਹੈ। ਇਸ ਵਾਸਤੇ ਸਿੱਖ ਨੂੰ ਆਪਣੇ ਆਪ ਗੁਰੂ ਅੱਗੇ ਪੂਰਨ ਤੌਰ ਤੇ ਸਮਰਪਣ ਕਰਨਾ ਜ਼ਰੂਰੀ ਹੈ, ਉਸਤੇ ਪੂਰਨ ਸਿਦਕ ਤੇ ਭਰੋਸਾ ਹੋਣਾ ਜ਼ਰੂਰੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਥੇ ਆਪਣੇ ਸੇਵਕਾਂ ਨੂੰ ਨਾਮ ਬਾਣੀ ਨਾਲ ਜੋੜਿਆ ਉਥੇ ਉਹਨਾਂ ਨੂੰ ਆਰਥਕ ਤੌਰ ਤੇ ਵੀ ਪੂਰੀ ਤਰ੍ਹਾਂ ਸਫਲ ਜੀਵਨ ਬਿਤਾਉਣ ਦੇ ਸਾਧਨ ਪ੍ਰਦਾਨ ਕੀਤੇ ਹਨ। ਕਿਸੇ ਨੂੰ ਵੀ ਕਿਸੇ ਵੀ ਦੁਨਿਆਵੀ ਪਦਾਰਥ ਦੀ ਘਾਟ ਨਹੀਂ ਹੈ, ਸਭ ਦੀਆਂ ਮੰਗਾਂ ਪੂਰੀਆਂ ਕੀਤੀਆਂ ਹੋਈਆਂ ਹਨ।

ਦੁਨੀਆਦਾਰੀ ਦੇ ਪੱਖ ਤੋਂ ਨਾਮਧਾਰੀ ਹਰ ਖੇਤਰ ਵਿੱਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ ਅਤੇ ਨਾਮਣਾ ਖੱਟ ਰਹੇ ਹਨ। ਦੇਸ਼ ਦੀ ਆਜ਼ਾਦੀ ਅਤੇ ਇਸ ਦੀ ਉਨਤੀ ਵਿਚ ਪਾਇਆ ਹੋਇਆ ਇਹਨਾਂ ਦਾ ਯੋਗਦਾਨ ਬੇ-ਮਿਸਾਲ ਹੈ। ਖੇਡਾਂ ਦੇ ਖੇਤਰ ਵਿਚ ਉਚੀਆਂ ਮੱਲਾਂ ਮਾਰੀਆਂ ਹਨ। ਵਿੱਦਿਆ ਦੇ ਖੇਤਰ ਵਿਚ ਵੀ ਨਾਮਧਾਰੀ ਬੜੇ ਕੁਸ਼ਲ ਅਤੇ ਯੋਗ ਇੰਜੀਨੀਅਰ, ਡਾਕਟਰ ਅਤੇ ਵਕੀਲ ਆਪਣੇ ਆਪਣੇ ਖੇਤਰ ਵਿਚ ਨਾਮਨਾ ਖੱਟ ਰਹੇ ਹਨ।

ਪ੍ਰਤੇਕ ਨਾਮਧਾਰੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਬਾਣੀ ਦੇ ਨਾਲ ਵੀ ਪੱਕੀ ਤਰ੍ਹਾਂ ਜੋੜਿਆ ਹੈ। ਹਰ ਘਰ ਵਿੱਚ ਆਦਿ ਯਾ ਦਸਮ ਗ੍ਰੰਥ ਸਾਹਿਬ ਦਾ ਇੱਕ ਪਾਠ ਮਹੀਨੇ ਵਿਚ ਹੋਣ ਦਾ ਹੁਕਮ ਕੀਤਾ। ਇਸ ਦੇ ਫਲਸਰੂਪ ਹਰ ਨਾਮਧਾਰੀ ਘਰ ਵਿਚ ਪਾਠਾਂ ਦਾ ਪਰਵਾਹ ਨਿਰੰਤਰ ਚਲਦਾ ਰਹਿੰਦਾ ਹੈ। ਇਸ ਨਾਲ ਆਮ ਲੋਕਾਂ ਨੂੰ ਨਾ ਸਿਰਫ ਪਾਠ ਕਰਨ ਦੀ ਆਦਤ ਤੇ ਸ਼ੌਕ ਹੀ ਪੈਦਾ ਹੁੰਦਾ ਹੈ ਸਗੋਂ ਉਸ ਨੂੰ ਗੁਰਬਾਣੀ ਨੂੰ ਵਿਚਾਰਨ ਅਤੇ ਉਸ ਅਨੁਸਾਰ ਆਪਣਾ ਅਮਲੀ ਜੀਵਨ ਸੁਧਾਰਨ ਦਾ ਵੀ ਮਨ ਬਣਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਅਨੇਕਾਂ ਸਹਿਤਕ ਗ੍ਰੰਥਾਂ ਦਾ ਪਕਾਸ਼ਨ ਹੋਇਆ ਜੋ ਪਹਿਲਾਂ ਵਿਦੇਸ਼ੀ ਪਾਬੰਦੀਆਂ ਕਰਕੇ ਛਾਪੇਖਾਨੇ ਤਕ ਨਹੀਂ ਸਨ ਜਾ ਸਕੇ। ਇਤਿਹਾਸਕ ਖੋਜ ਤੇ ਵੀ ਵਿਸ਼ੇਸ਼ ਧਿਆਨ ਦਿੱਤਾ। ਬੱਚਿਆਂ ਦੇ ਵਿਦਿਅਕ ਘਾਟਿਆਂ ਨੂੰ ਪੂਰਨ ਕਰਨ ਲਈ ਉੱਚ ਪੱਧਰ ਦੇ ਸਕੂਲ ਖੋਲ੍ਹੇ। ਉਹਨਾਂ ਨੂੰ ਖੇਡਾਂ ਵਿਚ ਆਕਰਸ਼ਤ ਕੀਤਾ ਅਤੇ ਹਾਕੀ ਵਿੱਚ ਤੇ ਵਿਸ਼ਵ ਪੱਧਰ ਦੇ ਖਿਡਾਰੀ ਪੈਦਾ ਕੀਤੇ। ਵਿਦਿਅਕ ਜਥਿਆਂ ਦੀ ਸਥਾਪਨਾ ਕਰਕੇ ਯੁਵਕਾਂ ਨੂੰ ਨਾਮਧਾਰੀ ਮਰਿਯਾਦਾ ਅਤੇ ਇਤਿਹਾਸ ਨਾਲ ਜੋੜਿਆ। ਸੰਗੀਤ ਦੇ ਖੇਤਰ ਵਿਚ ਤੇ ਬਹੁਤ ਹੀ ਉਚ ਸਿੱਖਰਾਂ ਨੂੰ ਛੂਹਿਆ ਅਤੇ ਉੱਚ ਕੋਟੀ ਕੇ ਰਾਗੀ ਜਥੇ ਹੋਂਦ ਵਿਚ ਆਏ।

ਆਰਥਕ ਤੌਰ ਤੇ ਵੀ ਨਾਮਧਾਰੀਆਂ ਨੂੰ ਏਸ ਪੱਧਰ ਤੇ ਪਹੁੰਚਾ ਦਿੱਤਾ ਕਿ ਇਕੱਲਾ ਇਕੱਲਾ ਹੋਲੇ ਮਹੱਲੇ ਅਤੇ ਸਾਰੇ ਸਾਲ ਦਾ ਸ੍ਰੀ ਭੈਣੀ ਸਾਹਿਬ ਦਾ ਖਰਚਾ ਦੇਣ ਯੋਗ ਬਣਾ ਦਿੱਤਾ ਨਾਮਧਾਰੀ ਬੱਚੇ ਅੱਜ ਨਾਮਧਾਰੀ ਪਹਿਰਾਵੇ ਵਿਚ ਰਹਿਕੇ ਆਪਣੇ ਆਪ ਨੂੰ ਵਡਭਾਗੀ ਸਮਝਦੇ ਹਨ।

ਸਤਿਗੁਰੂ ਸਰਗੁਣ ਸਰੂਪ ਵਿੱਚ ਵੀ ਨਿਰਗੁਣ ਨੂੰ ਆਪਣੇ ਤੋਂ ਉੱਚਾ ਹੀ ਦਰਸਾਉਂਦਾ ਹੈ। ਉਸੇ ਦੇ ਨਾਮ ਦਾ ਜਾਪ ਕਰਵਾਉਂਦਾ ਹੈ। ਆਪਣੇ ਸੇਵਕਾਂ ਨੂੰ ਵੀ ਏਹੋ ਗਿਆਨ ਦਿੰਦਾ ਹੈ ਕਿ ਅਕਾਲਪੁਰਖ ਸਭ ਕੁਝ ਕਰਨ ਕਾਰਨ ਹੈ, ਸਭ ਕੁਝ ਉਸ ਦੀ ਰਜ਼ਾ ਅਨੁਸਾਰ ਹੋ ਰਿਹਾ ਹੈ। ਇਸ ਤਰ੍ਹਾਂ ਕਰਕੇ ਉਹ ਮਨੁੱਖ ਨੂੰ ਨਿਰਮਾਣਤਾ ਦਾ ਅਧਿਆਇ ਵੀ ਪੜ੍ਹਾਉਂਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਕਾਸ਼ੀ ਬਨਾਰਸ ਵਿਖੇ ਵਿਦਵਾਨ ਪੰਡਿਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਇਸ ਤਰ੍ਹਾਂ ਫਰਮਾਇਆ ਸੀ--ਸੋਨਾ ਕਿੰਨੀ ਉਤਮ ਵਸਤੂ ਹੈ ਪਰ ਇਸ ਵਿੱਚ ਜੇਕਰ ਸੁਗੰਧੀ ਆ ਜਾਵੇ ਤਾਂ ਫੇਰ ਇਹ ਸੋਨੇ ਤੇ ਸੁਹਾਗੇ ਵੀਲਾ ਗੱਲ ਬਣ ਜਾਵੇਗੀ। ਇਸੇ ਤਰ੍ਹਾਂ ਵਿਦਵਾਨ ਤੇ ਹਨ ਪਰ ਜੇਕਰ ਇਹ ਆਸਥਾ ਵਿੱਚ ਆ ਜਾਣ, ਧਾਰਮਿਕ ਵਿਵਸਥਾ ਵਿੱਚ ਆ ਜਾਣ ਤਾਂ ਕੀ ਕਹਿਣੇ।

ਸਤਿਗੁਰ ਜੀ ਕਿਰਪਾ ਕਰਨ ਤੇ ਆਪਣੇ ਉਪਰੋਕਤ ਬਚਨਾ ਅਨੁਸਾਰ ਬੁੱਧੀਜੀਵੀਆਂ ਨੂੰ ਜਿੱਥੇ ਉਹਨਾਂ ਨੂੰ ਦੁਨਿਆਵੀ ਵਿੱਦਿਆ ਦੇ ਭੰਡਾਰ ਬਖਸੇ ਹਨ, ਉਥੇ ਉਹਨਾਂ ਨੂੰ ਅਧਿਆਤਮਕ ਉੱਚਾਈਆਂ, ਤੇ ਸ਼ਰਧਾ ਭਾਵਨਾ ਨਾਲ ਵੀ ਨਿਵਾਜਣ ਦੀ ਬਖਸ਼ਿਸ਼ ਕਰਨ। ਇਸ ਨਾਲ ਸਿੱਖ ਇਤਿਹਾਸ ਦੀ ਰੂਪ ਰੇਖਾ ਹੀ ਨਿਵੇਕਲੀ ਹੋ ਕੇ ਉਘੜੇਗੀ ਅਤੇ ਵਿਸ਼ਵ ਪੱਧਰ ਤੇ ਗੁਰਸਿੱਖੀ ਪ੍ਰਚਾਰ ਵਧੇਰੇ ਅਸਰਦਾਇਕ ਅਤੇ ਲਾਭਦਾਇਕ ਸਾਬਤ ਹੋਵੇਗਾ। ਅਸੀਂ ਆਪਣੇ ਸਤਿਗੁਰੂ ਸਾਹਿਬਾਨ ਨੂੰ ਵੀ ਸਹੀ ਰੂਪ ਵਿਚ ਜਗਤ ਵਿੱਚ ਪ੍ਰਸਾਰਨ ਕਰ ਸਕਾਂਗੇ।

ਇਹ ਤੇ ਉਹਨਾਂ ਦੀਆਂ ਕੁਝ ਕੁ ਦਨਿਆਵੀ ਪ੍ਰਾਪਤੀਆਂ ਦਾ ਵਰਨਨ ਹੈ। ਵੈਸੇ ਉਹਨਾਂ ਦਾ ਮੁੱਢਲਾ ਨਾਮ ਵੀ ਬੇਅੰਤ ਜੀ ਹੈ ਅਤੇ ਉਹ ਹੈਨ ਵੀ ਸੱਚ ਮੁੱਚ ਬੇਅੰਤ।

*ਐਡ-੨੧੩-ਏ੧, ਮਾਨਸਰੋਵਰ ਗਾਰਡਨ*
*ਨਵੀਂ ਦਿੱਲੀ - ੧੧੦੦੧੫.*
*ਮੋਬ. ੯੮੬੮੧੨੨੦੨੮*



Namdhari Elibrary NamdhariElibrary@gmail.com

# ਦੋ ਗੀਤ/—ਨਿਰਵੈਰ ਸਿੰਘ ਅਰਸ਼ੀ

## ਮੇਰੀ ਇਹ ਮਲੂਕ ਜਿੰਦੜੀ....

ਮੇਰੀ ਇਹ ਮਲੂਕ ਜਿੰਦੜੀ,
ਕਿੱਥੇ ਫਸ ਗਈ ਵਲੈਤ ਵਿਚ ਆ ਕੇ ?
ਦੱਸੋ ਭਲਾ ਕੀ ਖੱਟਿਆ,
ਸਾਰੀ ਜਿੰਦਗੀ ਦੀ ਰਾਸ ਲੁਟਾ ਕੇ?

ਇਕ ਪਾਸੇ ਗੋਰੇ ਅਤੇ ਦੂਜੇ ਪਾਸੇ ਕਾਲੇ ਨੇ।
ਸਾਡੇ ਜਿਹੇ ਵਿਚਾਰੇ, ਕਿਥੇ ਫਸ ਗਏ ਵਿਚਾਲੇ ਨੇ ?
ਕੋਈ ਰਲਦੀ ਨਾ ਬਾਤ, ਇੱਕ ਦਿਨ-ਦੂਜਾ ਰਾਤ,
ਅਣਚਾਹੀਆਂ ਸੌਗਾਤਾਂ ਪੱਲੇ ਪਾ ਕੇ।
ਦੱਸੋ ਭਲਾ ਕੀ ਖੱਟਿਆ.....

ਗਰਮੀ ਦੀ ਰੁੱਤ ਇਥੇ ਖਵਰੇ ਕਦ ਔਂਦੀ ਏ ?
ਬਾਰਾਂ ਹੀ ਮਹੀਨੇ ਠੰਢ ਰੱਜ ਕੇ ਸਤੌਂਦੀ ਏ।
ਕਿਤੇ ਸਾਹ ਦੀ ਬੀਮਾਰੀ, ਕਿਤੇ ਖੰਘ ਨਾਲ ਯਾਰੀ,
ਹੱਡਾਂ-ਗੋਡਿਆਂ ਦੇ ਰੋਗ ਲਗਾ ਕੇ। ਦੱਸੋ ਭਲਾ ਕੀ ਖੱਟਿਆ..

ਰਾਤ-ਦਿਨ ਕੰਮ ਕੰਮ, ਹੋਰ ਕੋਈ ਕੰਮ ਨਾ।
ਜਾਂਦੀ ਹੈ ਔਲਾਦ ਕਿੱਥੇ, ਏਸਦਾ ਵੀ ਗ਼ਮ ਨਾ।
ਜੋ ਸੀ ਅਸਲੀ ਖਜ਼ਾਨਾ, ਆਣ ਵਾਲੜਾ ਜ਼ਮਾਨਾ,
ਉਸ ਨੂੰ ਕੌਡੀਆਂ ਦੇ ਵਾਂਗ ਲੁਟਾ ਕੇ।
ਦੱਸੋ ਭਲਾ ਦੀ ਖੱਟਿਆ....

ਪੈਸੇ ਭਾਵੇਂ ਸਭਨਾਂ ਨੇ, ਔਖੇ-ਖਾਸੇ ਜੋੜ ਲਏ।
ਖੁਸ਼ੀਆਂ ਤੇ ਹਾਸੇ, ਏਸੇ ਦੌੜ ਵਿਚ ਰੋੜ੍ਹ ਲਏ।
ਉਹ ਮੁਹੱਬਤਾਂ-ਪਿਆਰ, ਉਚੇ-ਸੁੱਚੇ ਕਿਰਦਾਰ,
ਸੁਹਣਾ 'ਅਰਸ਼ੀ' ਸੰਸਾਰ ਗਵਾ ਕੇ।
ਦੱਸੋ ਭਲਾ ਕੀ ਖੱਟਿਆ...

ਮੇਰੀ ਇਹ ਮਲੂਕ ਜਿੰਦੜੀ,
ਕਿਥੇ ਫਸ ਗਈ ਵਲੈਤ ਵਿਚ ਆ ਕੇ ?
ਦੱਸੋ ਭਲਾ ਕੀ ਖੱਟਿਆ,
ਸਾਰੀ ਜ਼ਿੰਦਗੀ ਦੀ ਰਾਸ ਲੁਟਾ ਕੇ ?
(੧੯੯੪ ਤੋਂ ੧੯੯੯ ਤੀਕ ਇੰਗਲੈਂਡ ਰਹਿਣ ਦੌਰਾਨ ਲਿਖੀ ਰਚਨਾ)

## ਪੰਥ ਖ਼ਾਲਸਾ ਤੇਰੀ ਲੀਲ੍ਹਾ ਨਿਆਰੀ ਹੈ

ਪੰਥ ਖਾਲਸਾ ਤੇਰੀ ਲੀਲ੍ਹਾ ਨਿਆਰੀ ਹੈ।
ਮੇਰਾ ਰੋਮ-ਰੋਮ ਹੀ ਤੇਰੇ ਤੋਂ ਬਲਿਹਾਰੀ ਹੈ।

ਤੂੰ ਭਾਈ ਘਨੱਈਏ ਵਾਂਗੂੰ ਸਰਬੱਤ ਦਾ ਭਲਾ ਮਨਾਵੇਂ।
ਤੂੰ ਦੀਨਾਂ ਤੇ ਦੁਖੀਆਂ ਦੀ, ਸਭ ਪੀੜਾ ਹਰਦਾ ਜਾਵੇਂ।
ਤੇਰੀ ਕਿਰਤੀ ਲਾਲੋ ਨਾਲ ਹੀ ਮੁੱਢ ਤੋਂ ਯਾਰੀ ਹੈ।
ਪੰਥ ਖਾਲਸਾ....

ਬਾਣੀ ਦਾ ਪ੍ਰੇਮ ਹੈ ਤੈਨੂੰ, ਨਿੱਤਨੇਮ ਨੇਮ ਨਾਲ ਕਰਦਾ।
ਕਦੀ ਚੌਪਈ ਸਾਹਿਬ ਉਚਾਰੇਂ, ਕਦੀ ਸੁਖਮਨੀ ਹੈਂ ਪੜ੍ਹਦਾ।
ਦਿਨ-ਰਾਤ ਚੜ੍ਹੀ ਹੋਈ ਤੈਨੂੰ ਨਾਮ ਖੁਮਾਰੀ ਹੈ।
ਪੰਥ ਖਾਲਸਾ....

ਤੂੰ ਸਿਮਰ-ਸਿਮਰ ਕੇ ਸਾਈਂ, ਨਿਰਵੈਰ, ਨਿਮ ਹੈਂ ਬਣਿਆਂ।
ਕਦੀ ਦੇਸ਼ ਤੇ ਭੀੜਾ ਆਵੇ, ਤੂੰ ਵੈਰੀ ਸਾਹਵੇਂ ਤਣਿਆਂ।
ਤੇਰੇ ਇਕ ਹੱਥ ਮਾਲਾ, ਦੂਜੇ ਹੱਥ ਕਟਾਰੀ ਹੈ।
ਪੰਥ ਖ਼ਾਲਸਾ....

ਤੇਰੀ ਸ਼ਕਤੀ ਪਰਖਣ ਆਏ, ਕਈ ਨਾਦਰ ਤੇ ਅਬਦਾਲੀ।
ਰਣ ਭਖਿਆ ਵੇਖ ਕੇ ਸ਼ੇਰਾ, ਤੈਨੂੰ, ਚੜ੍ਹਦੀ ਗਿੱਠ-ਗਿੱਠ ਲਾਲੀ।
ਤੂੰ ਰੱਤ ਡੋਲ੍ਹ ਕੇ, ਸਾਰੀ ਧਰਤ ਸ਼ਿੰਗਾਰੀ ਹੈ।
ਪੰਥ ਖਾਲਸਾ....

ਲੱਖ ਲਸ਼ਕਰ ਆਵੇ ਚੜ੍ਹ ਕੇ, ਤੂੰ ਕੱਲ੍ਹਾ ਹੀ ਡਟ ਜਾਵੇਂ।
ਪੁਸ਼ਤਾਂ ਵੀ ਭੁੱਲਣ ਨਾ ਜੋ, ਤੂੰ ਐਸੇ ਹੱਥ ਵਿਖਾਵੇਂ।
ਤੇਰੇ ਸਿਰ 'ਤੇ 'ਅਰਸ਼ੀ' ਗੁਰਾਂ ਦੀ ਬਖਸ਼ਿਸ਼ ਭਾਰੀ ਹੈ।
ਪੰਥ ਖ਼ਾਲਸਾ ਤੇਰੀ ਲੀਲ੍ਹਾ ਨਿਆਰੀ ਹੈ।



Namdhari Elibrary NamdhariElibrary@gmail.com

## ਗ਼ਜ਼ਲ / ਨਿਰਮਲ ਸਿੰਘ ਭੰਡਾਲ

ਪਿਆਰ ਲੱਭਣ ਚੱਲੀਏ, ਸਤਿਕਾਰ ਲੱਭਣ ਚੱਲੀਏ।
ਰਿੰਦਾਂ ਦੀ ਮਹਿਫ਼ਲ 'ਚੋਂ, ਕਿਰਦਾਰ ਲੱਭਣ ਚੱਲੀਏ।

ਕੋਨਾ ਕੋਨਾ ਛਾਂਟੀਏ, ਦਿਸ਼ਾ ਦਿਸ਼ਾ ਭਾਲੀਏ,
ਮੁੜ ਆਪਣੇ ਪਿੰਡ ਦੀ, ਨੁਹਾਰ ਲੱਭਣ ਚੱਲੀਏ।

ਖੂਹ ਲੱਭਣ ਚੱਲੀਏ, ਖਰਾਸ ਲੱਭਣ ਚੱਲੀਏ,
ਆਓ ਆਪਣੇ ਪਿੰਡ 'ਚੋਂ, ਨਿਸਾਰ ਲੱਭਣ ਚੱਲੀਏ।

ਅਜੀਤ ਲੱਭਣ ਚੱਲੀਏ, ਜੁਝਾਰ ਲੱਭਣ ਚੱਲੀਏ,
ਭਗਤ ਸਿੰਘ ਵਰਗੇ, ਸਰਦਾਰ ਲੱਭਣ ਚੱਲੀਏ।

ਤਰਜ਼ ਲੱਭਣ ਚੱਲੀਏ, ਤਕਨੀਕ ਲੱਭਣ ਚੱਲੀਏ,
'ਨਿਰਮਲ' ਗ਼ਜ਼ਲ ਲਿਖਣ ਲਈ, ਵਿਚਾਰ ਲੱਭਣ ਚੱਲੀਏ।

## ਗ਼ਜ਼ਲ / ਕਸ਼ਮੀਰ ਨੀਰ

ਪਤਾ ਨਾ ਸੀ ਕਿ ਤੈਨੂੰ ਪਿਆਰ ਕਰਨਾ ਹੀ ਇਬਾਦਤ ਹੈ।
ਸਵੇਰੇ ਸ਼ਾਮ ਅੱਖੀਆਂ ਚਾਰ ਕਰਨਾ ਹੀ ਇਬਾਦਤ ਹੈ।

ਜੋ ਆਵੇਂ ਨਜ਼ਰ ਤੂੰ ਪੱਤੇ-ਪੱਤੇ ਜ਼ੱਰੇ ਜ਼ੱਰੇ ਅੰਦਰ
ਤੇਰੇ ਸੰਗ ਰਹਿਣ ਦਾ ਹੰਕਾਰ ਕਰਨਾ ਹੀ ਇਬਾਦਤ ਹੈ।

ਸ਼ੁਹਰਤਾਂ ਦੌਲਤਾਂ ਦੋ ਦਿਨ ਦੀਆਂ ਤੇ ਆਕੜੀ ਜਿਹੜੀ
ਖ਼ੁਦ ਆਪਣੀ ਧੌਣ ਉੱਤੇ ਵਾਰ ਕਰਨਾ ਹੀ ਇਬਾਦਤ ਹੈ।

ਕੁੱਲ ਦੁਨੀਆਂ 'ਚ ਸਭ ਤੋਂ ਖ਼ੂਬਸੂਰਤ ਹੈ ਜਿਦ੍ਹਾ ਮੁੱਖੜਾ
ਸਿਰਫ਼ ਉਸਨੂੰ ਤੱਕਣ ਦੀ ਕਾਰ ਕਰਨਾ ਹੀ ਇਬਾਦਤ ਹੈ।

ਰੂਹਾਨੀ ਰੂਹ ਤੋਂ, ਅਧਿਆਤਮਕ ਹੈ ਆਤਮਾ ਤੋਂ ਹੀ
ਬਦਨ ਦੀ ਆਸ ਦਾ ਸਸਕਾਰ ਕਰਨਾ ਹੀ ਇਬਾਦਤ ਹੈ।

ਇਹ ਗੱਲਾਂ ਨਾਲ ਨਹੀਂ ਹੁੰਦਾ ਕਿਸੇ ਲਈ ਮਰ ਕੇ ਹੁੰਦਾ ਹੈ
ਪਿਆਰਾ ਜਾਨ ਨਾਲੋਂ ਯਾਰ ਕਰਨਾ ਹੀ ਇਬਾਦਤ ਹੈ।

ਮੇਰੇ ਲਈ ਤੇਰੀਆਂ ਸੋਚਾਂ ਵਿਚਾਰਾਂ ਤੇ ਤਸੱਵਰ ਨੂੰ
ਜਿਸਮ ਆਪਣੇ ਅੰਦਰ ਮੁਖਤਿਆਰ ਕਰਨਾ ਹੀ ਇਬਾਦਤ ਹੈ।

ਅਸੂਲਾਂ ਵਾਸਤੇ ਹੈ 'ਨੀਰ' ਮਰਿਆ ਜਦ ਕਿ ਲੋਕਾਂ ਲਈ
ਅਸੂਲਾਂ ਦਾ ਸਿਰਫ਼ ਪ੍ਰਚਾਰ ਕਰਨਾ ਹੀ ਇਬਾਦਤ ਹੈ।

*8 A/24 ਦੂਜੀ ਫਲੋਰ*
*ਗੀਤਾ ਕਲੋਨੀ, ਨਵੀਂ ਦਿੱਲੀ-31*

## ਗ਼ਜ਼ਲ / ਸਿਰੀ ਰਾਮ ਅਰਸ਼

ਜਿਸ ਨੂੰ ਧੱਕੇ ਕਲ੍ਹ ਮਿਲੇ ਸਨ ਹੁਸਨ ਦੇ ਦਰਬਾਰ ਵਿਚ।
ਉਸ ਨੂੰ ਅੱਜ ਮਿਲ ਗਿਆ ਹੈ ਪਿਆਰ ਪੋਠੋਹਾਰ ਵਿਚ।

ਘੇਰ ਰੱਖਿਆ ਸੀ ਜਿਹਨੂੰ ਮਹਿਲਾਂ 'ਚ ਚਿੰਤਾਵਾਂ ਨੇ, ਉਹ,
ਤੁਰ ਪਿਆ ਤ੍ਰਿਪਤੀ ਨੂੰ ਢੂੰਡਣ ਦੁਖ-ਭਰੇ ਸੰਸਾਰ ਵਿਚ।

ਸ਼ਕਲ ਦੇਖੇ ਬਿਨ, ਜਿਨ੍ਹੇ ਭਗਵਾਨ ਦੀ ਸਿਰਜੀ ਨੁਹਾਰ,
ਹੋਏਗੀ ਸ਼ਕਤੀ ਅਲੌਕਿਕ, ਉਸ ਚਿੱਤਰਕਾਰ ਵਿਚ।

ਜੋ ਨਿਡਰਤਾ ਨਾਲ ਸੋਹਿਲੇ ਉਸ ਦੇ ਗਾਉਂਦਾ ਰਿਹਾ,
ਉਸ ਨੂੰ ਹੀ ਮਿਲਣੀ ਸੀ ਪਦਵੀ, ਵਕਤ ਦੀ ਸਰਕਾਰ ਵਿਚ।

ਹੁਣ ਮੁਹੱਬਤ ਨੂੰ ਛੁਪਾਉਣੇ ਦਾ ਕੋਈ ਫਾਇਦਾ ਨਹੀਂ,
ਛਪ ਗਈ ਸਾਰੀ ਕਹਾਣੀ ਸ਼ਹਿਰ ਦੇ ਅਖ਼ਬਾਰ ਵਿਚ।

ਦੁਸ਼ਮਣੀ ਜਿਹੜਾ ਨਿਭਾਉਂਦਾ ਹੀ ਰਿਹਾ ਕਲੀਆਂ ਦੇ ਨਾਲ,
ਆ ਗਿਆ ਹੈ ਕਿਸ ਲਈ ਉਹ ਸ਼ਖਸ ਅੱਜ ਗੁਲਜ਼ਾਰ ਵਿਚ।

ਉਸ ਨੇ ਮੇਰੇ ਘਰ 'ਚ ਆ ਕੇ ਖ਼ੂਬ ਮੈਨੂੰ ਭੰਡਿਆ,
ਮੈਂ ਕਮੀ ਕੋਈ ਨਾ ਛੱਡੀ ਸੀ ਜਿਦ੍ਹੇ ਸਤਿਕਾਰ ਵਿਚ।

'ਅਰਸ਼' ਸ਼ਾਇਦ ਏਸ ਨੂੰ ਹੀ ਆਖਦੇ ਹਨ ਇਨਕਲਾਬ,
ਵਸ ਗਈ ਹੈ ਕਿਰਤ ਦੀ ਖ਼ੁਸ਼ਬੂ ਹਰ ਇੱਕ ਰੁਜ਼ਗਾਰ ਵਿਚ।

*ਮੋਬਾਇਲ-੯੮੮੮੪੫੨੨੦੪*

## ਗ਼ਜ਼ਲ / ਮਹਿਮਾ ਸਿੰਘ ਤੂਰ

ਇਹ ਕਿਸ ਤਰ੍ਹਾਂ ਦੇ ਗੀਤ ਗਾਇਕ ਗਾਉਣ ਲੱਗੇ ਨੇ
ਸੁਣਕੇ ਉਨ੍ਹਾਂ ਨੂੰ ਭੰਡ ਵੀ ਸ਼ਰਮਾਉਣ ਲੱਗੇ ਨੇ

ਅਖਵਾ ਰਹੇ ਨੇ ਉਂਜ ਨਵੀਂ ਤਹਿਜ਼ੀਬ ਦੇ ਪਾਲਿਕ ਉਹ
ਖ਼ੁਦ ਖ਼ਾਕ ਆਪਣੇ ਹੀ ਸਿਰਾਂ ਵਿਚ ਪਾਉਣ ਲੱਗੇ ਨੇ

ਨਾ ਬਣ ਸਕਣ ਚੁੱਲ੍ਹੇ ਇਨ੍ਹਾਂ ਤੋਂ ਨਾ ਬੁੱਤ ਹੀ ਕੋਈ
ਇਹ ਕਿਸ ਤਰ੍ਹਾਂ ਦੀ ਲੋਕ ਮਿੱਟੀ ਤਾਉਣ ਲੱਗੇ ਨੇ

ਜੋ ਰੱਦ ਹੋ ਚੁੱਕੇ ਨੇ ਲੋਕਾਂ ਦੀ ਕਚਿਹਰੀ ਵਿਚ
ਗਲ ਵਿਚ ਉਨ੍ਹਾਂ ਦੇ ਹਾਰ ਆਕਾ ਪਾਉਣ ਲੱਗੇ ਨੇ

ਉਹ ਚੁੱਗ ਰਹੇ ਸੀ ਕੱਲ੍ਹ ਉਸ ਦੇ ਹੱਥਾਂ ਤੋਂ ਚੋਗ
ਉਹ ਹੁਣ ਸਿਆਸਤ 'ਤੂਰ' ਨੂੰ ਸਮਝਾਉਣ ਲੱਗੇ ਨੇ

ਸੁਣ ਕੇ ਉਨ੍ਹਾਂ ਨੂੰ ਭੰਡ ਵੀ ਸ਼ਰਮਾਉਣ ਲੱਗੇ ਨੇ
ਇਹ ਕਿਸ ਤਰ੍ਹਾਂ ਦੇ ਗੀਤ ਗਾਇਕ ਗਾਉਣ ਲੱਗੇ ਨੇ

*ਹਲਵਾਰਾ (ਲੁਧਿਆਣਾ), ੦੧੬੨੪-੨੧੩੪੯੦*



Namdhari Elibrary NamdhariElibrary@gmail.com

# "ਕੁਝ ਚੁਮਿਸਰੇ ਬੈਂਤ ਦੇ"

—ਡੀ. ਆਰ. ਧਵਨ

( ੧ )

ਢਾਈ ਅੱਖਰ ਦਾ ਸ਼ਬਦ ਹੈ ਪਿਆਰ ਕੇਵਲ; ਇਸ ਵਿਚ ਬਹੁਤੀ ਪੜ੍ਹਾਈ ਦੀ ਲੋੜ ਹੈ ਨਈਂ।
ਭਾਸ਼ਾ ਪਿਆਰ ਦੀ ਸਮਝਦੇ ਜਾਨਵਰ ਵੀ; ਬਹੁਤੀ ਅਕਲ ਦਾਨਾਈ ਦੀ ਲੋੜ ਹੈ ਨਈਂ।
ਪਿਆਰ ਵਿਚ ਪਵਿੱਤਰਤਾ ਰਹੇ ਕਾਇਮ; ਬਹੁਤੀ ਹੋਰ ਕਮਾਈ ਦੀ ਲੋੜ ਹੈ ਨਈਂ।
"ਧਵਨ" ਪਿਆਰ ਬਦਲੇ ਪਿਆਰ ਮੋੜਨਾ ਹੈ, ਬਹੁਤੀ ਢੋਆ ਢੁਆਈ ਦੀ ਲੋੜ ਹੈ ਨਈਂ।

( ੨ )

ਅਣਖ ਮਰੇ ਤਾਂ ਕੌਮ ਹੈ ਮਰ ਜਾਂਦੀ, ਅਕਲ ਮਰੇ ਤਾਂ ਬੰਦਾ ਵੀ ਮਰ ਜਾਂਦਾ।
ਜਿਸ 'ਤੇ ਲੱਗੇ ਕਲੰਕ ਬਦਨਾਮੀਆਂ ਦਾ, ਓਸ ਮਨੁੱਖ ਦਾ ਵੀ ਧੰਦਾ ਸਰ ਜਾਂਦਾ।
ਰਹਿਣ ਸਦਾ ਹੀ ਰੜਕਦੇ ਬੋਲ ਕੌੜੇ, ਜ਼ਖ਼ਮ ਤੀਰ ਤਲਵਾਰ ਦਾ ਭਰ ਜਾਂਦਾ;
ਜਿਹੜਾ ਦੇਸ਼ ਸ਼ਹੀਦਾਂ ਨੂੰ "ਧਵਨ" ਭੁੱਲੇ; ਬਾਜ਼ੀ ਜਿਤਦਾ ਜਿਤਦਾ ਹਰ ਜਾਂਦਾ।

( ੩ )

ਵਾਕਾ ਵਗਿਆ ਕੀ ਏਸ ਸੰਸਾਰ ਤਾਂਈਂ; ਨਾ ਉਹ ਯਾਰ ਲੱਭੇ ਨਾ ਉਹ ਪਿਆਰ ਲੱਭੇ।
ਜਿਹੜੀ ਸ਼ੈਅ ਸੀ ਆਮ ਨਸੀਬ ਹੁੰਦੀ; ਹੁਣ ਤਾਂ ਉਸੇ ਨੂੰ ਸਾਰਾ ਸੰਸਾਰ ਲੱਭੇ।
ਘਰ ਆਪਣਾ, ਘਰ ਵਿਚ ਲੋਕ ਆਪਣੇ; ਅਪਣੇਪਣ ਵਾਲੀ ਪਰ ਨਾ ਤਾਰ ਲੱਭੇ;
ਆਓ ਮਿਲ ਕੇ ਭਾਲੀਏ "ਧਵਨ" ਸਾਰੇ; ਕਿਤਿਓਂ ਪਿਆਰ ਦਾ ਕੋਈ ਸੰਸਾਰ ਲੱਭੇ।

( ੪ )

ਘੰਟੀ ਪਿਆਰ ਵਾਲੀ ਦਿਲ ਵਿਚ ਜਦੋਂ ਵੱਜੇ; ਉਸਦੇ ਸਾਹਮਣੇ ਤੀਰ ਤਲਵਾਰ ਕੀ ਏ।
ਕੰਧਾਂ, ਕੋਠੇ, ਸਰਹੱਦਾਂ ਨਾ ਟੱਪ ਜਾਵੇ; ਡਰੇ ਜੱਗ ਤੋਂ ਫੇਰ ਉਹ ਪਿਆਰ ਕੀ ਏ।
ਜਨਤਾ ਮਰੇ ਭੁੱਖੀ, ਲੀਡਰ ਕਰਨ ਮੌਜਾਂ, ਕੁਰਸੀ ਫੜੀ ਰੱਖੇ ਉਹ ਸਰਕਾਰ ਕੀ ਏ;
ਜਿਹੜਾ ਕਿਸੇ ਦੀ ਨੇਕੀ ਭੁਲਾ ਛੱਡੇ; ਓਸ ਬੰਦੇ ਦਾ "ਧਵਨ" ਕਿਰਦਾਰ ਕੀ ਏ।

( ੫ )

ਅੱਤ ਚੰਗੇ ਨਸੀਬਾਂ ਦੇ ਨਾਲ ਯਾਰੋ; ਕਿਸਮਤ ਵਾਲਿਆਂ ਦੇ ਹੱਥ ਆਏ ਕੁਰਸੀ।
ਹੱਕ-ਸੱਚ ਦੀ ਕਰੇ ਹਿਮਾਇਤ ਜਿਹੜਾ; ਓਸ ਲੀਡਰ ਨੂੰ ਖ਼ੂਬ ਸੁਹਾਏ ਕੁਰਸੀ।
ਕਿਤੇ ਫਰਸ਼ ਤੋਂ ਅਰਸ਼ ਚੜ੍ਹਾ ਦੇਵੇ; ਕਿਧਰੇ ਅਰਸ਼ ਤੋਂ ਫਰਸ਼ ਲਿਆਏ ਕੁਰਸੀ;
ਚਾਰ ਲੱਤਾਂ ਵਾਲੀ ਕੁਰਸੀ ਜਦੋਂ ਵਿਗੜੇ, ਚਾਰੋਂ ਖਾਨੇ ਹੀ ਚਿੱਤ ਕਰਵਾਏ ਕੁਰਸੀ।

( ੬ )

ਨਾ ਉਹ ਘਿਓ ਤੇ ਨਾ ਉਹ ਦੁੱਧ ਲੱਭੇ; ਨਾ ਉਹ ਕੁੰਢੀਆਂ ਤੇ ਨਾ ਉਹ ਬੂਰੀਆਂ ਨੇ।
ਟੀਕੇ ਲਾ ਕੇ ਚੋਈਦਾ ਦੁੱਧ ਜਿਹੜਾ, ਦੱਸੋ ਪਾਉਣੀਆਂ ਉਹਨੇ ਕੀ ਪੂਰੀਆਂ ਨੇ।
ਨੌਜਵਾਨ ਗਿੱਝੇ ਫਾਸਟ ਫੂਡ ਖਾਣੇ; ਦੂਰ ਹੋਣੀਆਂ ਕਿੱਦਾਂ ਕਮਜ਼ੋਰੀਆਂ ਨੇ;
ਮੁੰਡੇ ਸੁੱਕ ਗਏ ਵਾਂਗ ਕਰੇਲਿਆਂ ਦੇ; ਕੁੜੀਆਂ ਜਾਪਦੀਆਂ ਭਿੰਡੀਆਂ ਤੋਰੀਆਂ ਨੇ।



Namdhari Elibrary NamdhariElibrary@gmail.com

( ੭ )

ਪਿਆਰ ਵਿਚ ਨਾ ਚੱਲਦੀ ਛੋਟ ਕੋਈ; ਹਿਰਦਾ ਪਾਕ-ਪਵਿੱਤਰ ਤੇ ਸਾਫ ਹੋਵੇ।
ਨੀਅਤ ਖਰੀ ਹੋਵੇ ਨਾ ਸਵਾਰਥ ਹੋਵੇ; ਲੱਗਦਾ ਕਿਤੇ ਵੀ ਨਾ ਜ਼ਿਹਾਫ਼ ਹੋਵੇ।;
ਅੱਖਾਂ ਵਿਚ ਦੀ ਰੂਹ ਵਿਚ ਉਤਰ ਜਾਵੇ; ਏਨਾ ਪਿਆਰ ਦਾ ਰਸਤਾ ਸਾਫ਼ ਹੋਵੇ;
ਦੇਣੀ ਪਵੇ ਕੁਰਬਾਨੀ ਤਾਂ ਦਵੇ ਹੱਸ ਕੇ; ਫੇਰ ਪਿਆਰ ਦੇ ਨਾਲ ਇਨਸਾਫ਼ ਹੋਵੇ।

( ੮ )

ਏਧਰ ਪਿਆਰ ਤੇ ਓਧਰ ਸੰਸਾਰ ਸਾਰਾ; ਇਕੋ ਲੜੀ ਵਿਚ ਬੰਦਾ ਪਿਰੋ ਸਕਦਾ।
ਚਾਦਰ ਤਾਣ ਕੇ ਪਿਆਰ ਅਖ਼ਲਾਕ ਵਾਲੀ; ਸਾਰੇ ਕੀਤੇ ਗੁਨਾਹ ਲੁਕੋ ਸਕਦਾ।
ਪਾਕ-ਪਵਿਤਰ ਜੇ ਪਿਆਰ ਦਾ ਰੂਪ ਹੋਵੇ; ਬੰਦਾ ਆਪ ਦੇ ਪਾਪ ਹੈ ਧੋ ਸਕਦਾ;
ਢਾਈ ਅੱਖਰਾਂ ਤੇ ਅਮਲ ਕਰੇ ਜਿਹੜਾ; ਬੰਦਾ ਆਪ ਖ਼ੁਦਾ ਵੀ ਹੋ ਸਕਦਾ।

( ੯ )

ਜਿਹੜਾ ਸਭ ਨੂੰ ਜੋੜ ਕੇ ਰੱਖਦਾ ਹੈ; ਓਸ ਪਿਆਰ ਨੂੰ ਕੋਈ ਵੀ ਜਾਣਦਾ ਨਈਂ।
ਸਾਰੀ ਵਿਦਵਤਾ ਓਸ ਦੀ ਸਿਫ਼ਰ ਹੋਵੇ; ਜਿਹੜਾ ਪਿਆਰ ਦੀ ਭਾਸ਼ਾ ਪਛਾਣਦਾ ਨਈਂ।
ਪਿਆਰ ਹਵਾ ਹੈ, ਪਿਆਰ ਖ਼ੁਸ਼ਬੂ ਮਾਨਿੰਦ; ਇਸਦੇ ਗੁਣਾਂ ਨੂੰ ਕੋਈ ਬਿਆਨਦਾ ਨਈਂ।
ਓਸ ਬੰਦੇ ਦੀ ਜ਼ਿੰਦਗੀ ਨਰਕ "ਧਵਨ" ਜਿਹੜਾ ਪਿਆਰ ਅਨੰਦ ਨੂੰ ਮਾਣਦਾ ਨਈਂ।

( ੧੦ )

ਪਿਆਰ ਫ਼ਰਜ਼ਾਂ ਦੀ ਪਾਲਣਾ ਵਿਚ ਹੁੰਦਾ; ਪਿਆਰ ਮਿਲੇ ਤਾਂ ਫੇਰ ਗੁਆਈਦਾ ਨਈਂ।
ਏਸ ਪਿਆਰ ਵਿਚ ਬੱਝਾ ਬ੍ਰਹਿਮੰਡ ਸਾਰਾ; ਜੀਵਨ ਪਿਆਰ ਤੋਂ ਬਿਨਾਂ ਚਲਾਈਦਾ ਨਈਂ।
ਪਿਆਰ ਬੰਦਗੀ, ਰੌਸ਼ਨੀ, ਮਹਿਕ, ਮਸਤੀ; ਪਿਆਰ ਕਿਸੇ ਕਸਵੱਟੀ ਤੇ ਲਾਈਦਾ ਨਈਂ।
"ਧਵਨ" ਪਿਆਰ ਖ਼ੁਦਾਈ ਦਾ ਰੂਪ ਹੁੰਦੈ; ਇਮਤਿਹਾਨਾਂ ਵਿਚ ਪਿਆਰ ਨੂੰ ਪਾਈਦਾ ਨਈਂ।

( ੧੧ )

ਪਿਆਰ ਹੋਰ ਵੀ ਬਹੁਤ ਨੇ ਜੱਗ ਅੰਦਰ; ਐਪਰ ਮਾਂ ਦੇ ਪਿਆਰ ਦੀ ਰੀਸ ਕੋਈ ਨਈਂ।
ਪੁੱਤਰ ਤੜਪੇ ਤਾਂ ਮਾਂ ਨੂੰ ਦਰਦ ਹੋਵੇ; ਹੋਰ ਕਿਸੇ ਦੇ ਉੱਠਦੀ ਚੀਸ ਕੋਈ ਨਈਂ।
ਭਾਵੇਂ ਲੱਖ ਦੁਆਵਾਂ ਵੀ ਨਾਲ ਹੋਵਣ, ਮਾਂ ਦੇ ਪਿਆਰ ਜਿਹੀ ਹੋਰ ਅਸੀਸ ਕੋਈ ਨਈਂ।
"ਧਵਨ" ਮਤਲਬੀ ਪਿਆਰ ਨੇ ਜੱਗ ਅੰਦਰ; ਐਪਰ ਮਾਂ ਦੇ ਪਿਆਰ ਦੀ ਫੀਸ ਕੋਈ ਨਈਂ।

( ੧੨ )

ਦੁਨੀਆ ਵਾਲਿਓ ਪਿਆਰ ਦੇ ਅਰਥ ਸਮਝੋ; ਬਹੁਤੇ ਖੇਖਨਾਂ ਦੀ ਇਥੇ ਲੋੜ ਕੋਈ ਨਈਂ।
ਜਿਹੜੀ ਜਗ੍ਹਾ 'ਤੇ ਪਿਆਰ ਦਾ ਵਾਸ ਹੋਵੇ; ਰਹਿੰਦੀ ਓਸ ਥਾਂ ਕਦੀ ਵੀ ਥੋੜ ਕੋਈ ਨਈਂ।
ਪਿਆਰ ਵਸਦਾ ਦਿਲਾਂ ਦੀ ਕੋਠੜੀ ਵਿਚ; ਕੀਮਤ ਏਸ ਦੀ ਲੱਖ ਕਰੋੜ ਕੋਈ ਨਈਂ;
ਪਿਆਰ ਆਪਣੇ ਆਪ ਹੀ ਆ ਜਾਂਦਾ; ਕਰਨਾ ਪੈਂਦਾ ਬਹੁਤਾ ਜੋੜ ਤੋੜ ਕੋਈ ਨਈਂ।

*(ਜਾਨਸ਼ੀਨ ਦਹੂਰਾ-ਦਰਬਾਰ
ਉਸਤਾਦ ਦੀਪਕ ਜੈਤੋਈ ਜੀ)
ਮੋਬਾਇਲ - ੯੮੧੫੨-੯੯੪੧੯*



Namdhari Elibrary NamdhariElibrary@gmail.com

# ਉੱਚ ਸ਼ਖਸੀਅਤ ਦੇ ਮਾਲਕ—ਮਾਸਟਰ ਨਿਹਾਲ ਸਿੰਘ

*—ਸੁਲੱਖਣ ਸਿੰਘ ਭਿੰਡਰ*

ਮਾਸਟਰ ਜੀ ਦੀ ਸ਼ਖਸੀਅਤ ਬਾਰੇ ਜੇ ਕਦੇ ਗੱਲ ਕਰਨੀ ਹੋਵੇ ਤਾਂ ਉਹਨਾਂ ਦੀ ਸ਼ਖਸ਼ੀਅਤ ਦੀ ਪਹਿਲੀ ਪਹਿਚਾਣ ਨਾਮਧਾਰੀ ਪ੍ਰਚਾਰ ਨੂੰ ਧੜੱਲੇ ਨਾਲ ਕਰਨਾ। ਜਦੋਂ ਆਪ ਮੇਲਿਆਂ, ਹੋਲਿਆਂ ਮਹੌਲਿਆਂ ਵਿਚ ਆਪਣਾ ਭਾਸ਼ਣ ਦੇਂਦੇ ਸਨ ਉਸ ਵੇਲੇ ਆਪ ਜੀ ਸ਼ਖਸ਼ੀਅਤ ਦਾ ਇਕ ਖਾਸ ਪੱਖ ਉਜਾਗਰ ਹੁੰਦਾ ਸੀ। ਆਪ ਜੀ ਦੀ ਦੂਜੀ ਪਹਿਚਾਣ ਆਪ ਜੀ ਦੀਆਂ ਲਿਖਤਾਂ ਤੋਂ ਹੁੰਦੀ ਹੈ। ਆਪ ਜੀ ਦੀਆਂ ਲਿਖਤਾਂ ਤੋਂ ਧਾਰਮਿਕ ਰੁਚੀਆਂ ਦਾ ਪ੍ਰਗਟਾਵਾ ਹੁੰਦਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਜਿਤਨਾ ਸਾਹਿਤ ਆਪ ਨੇ ਲਿਖਿਆ ਅਸਲੋਂ ਧਾਰਮਿਕ ਹੈ।

ਮਾਸਟਰ ਜੀ ਇਕ ਵਿਸ਼ਾਲ ਗਿਆਨਵਾਨ, ਉਚ ਸ਼ਖਸੀਅਤ ਦੇ ਮਾਲਕ ਤੇ ਵਿਦਵਾਨ ਪੁਰਸ਼ ਸਨ। ਆਪ ਨਾਮਧਾਰੀ ਇਤਿਹਾਸ ਸਮੱਗਰੀ ਦਾ ਵਿਸ਼ਾਲ ਭੰਡਾਰ ਸਮੋਈ ਬੈਠੇ ਸਨ। ਬਹੁਤ ਸਾਰੇ ਨਾਮਧਾਰੀ-ਨੌਜਵਾਨਾਂ ਨੇ ਉਨ੍ਹਾਂ ਤੋਂ ਸਿਖਿਆ ਪ੍ਰਾਪਤ ਕੀਤੀ। ਆਪਣੇ ਸਿਖਿਆਰਥੀਆਂ ਦੀ ਪ੍ਰੀਖਿਆ ਲੈਣ ਵੇਲੇ ਆਪ ਬੜੇ ਬੇਲਾਗ, ਬਿਬੇਕ ਅਤੇ ਨਿਰਪੱਖ ਹੁੰਦੇ ਸਨ। ਆਪ ਇਤਿਹਾਸ ਦੇ ਦੁਰਲਭ ਸਰੋਤ ਸਨ ਤੇ ਮੌਖਿਕ ਰੂਪ ਵਿਚ ਉਹਨਾਂ ਕੋਲ ਨਾਮਧਾਰੀ ਤੇ ਭਾਰਤ ਦੇ ਇਤਿਹਾਸ ਨਾਲ ਸਬੰਧਿਤ ਅਥਾਹ ਤੇ ਕੀਮਤੀ ਤੱਥ ਸਾਂਭੇ ਹੋਏ ਸਨ।

**ਜਨਮ ਤੇ ਜਨਮ ਅਸਥਾਨ—** ਪੰਥ ਰਤਨ ਤੇ ਮਾਸਟਰ ਜੀ ਕਰਕੇ ਜਾਣੇ ਜਾਂਦੇ ਇਸ ਮਹਾਨ ਸ਼ਖਸ਼ੀਅਤ ਦਾ ਜਨਮ ੧੯੦੭ ਈਸਵੀ ਨੂੰ ਗਿਲ ਪਿੰਡ ਜ਼ਿਲ੍ਹਾ (ਸਿਆਲਕੋਟ ਜੋ ਕਿ ਹੁਣ ਪਾਕਿਸਤਾਨ ਵਿਚ ਹੈ) ਵਿਚ ਹੋਇਆ ਆਪ ਜੀ ਦੇ ਪਿਤਾ ਸੰਤ ਅਰੂੜ ਤੇ ਮਾਤਾ ਧੰਨ ਕੌਰ ਸਨ। ਆਪ ਦੇ ਪਿਤਾ ਖੁਲੇ ਡੁਲੇ ਸੁਭਾਅ ਦੇ ਸਨ ਤੇ ਦੇਹਧਾਰੀ ਗੁਰੂ ਤੇ ਭਰੋਸਾ ਰੱਖਣ ਵਾਲੇ ਤੇ ਪਕੇ ਨਾਮਧਾਰੀ ਸਨ ਗੁਰੂਘਰ ਦੇ ਸ਼ਰਧਾਲੂ ਸਨ। ਇਹਨਾਂ ਦੀ ਮਾਤਾ ਸਿਖੀ ਖਿਆਲਾਂ ਵਾਲੀ ਤੇ ਗੁਰੂਘਰ ਦੀ ਸੇਵਾ ਦੀ ਚਾਹਵਾਨ ਇਸਤਰੀ ਸੀ। ਉਸਦੀ ਸ਼ਖਸ਼ੀਅਤ ਦਾ ਪ੍ਰਭਾਵ ਨਿਸਚੇ ਹੀ ਉਸਦੇ ਪੁੱਤਰ ਤੇ ਪੈਣਾ ਸੀ। ਮਾਸਟਰ ਜੀ ਨੂੰ ਜੀਵਨ ਦੀ ਸੇਧ ਦੇਣ ਵਿਚ ਉਹਨਾਂ ਦੀ ਮਾਤਾ ਜੀ ਦਾ ਬੜਾ ਹੱਥ ਸੀ।

**ਵਿਦਿਅਕ ਯੋਗਤਾ ਤੇ ਨੌਕਰੀ—**ਮਾਸਟਰ ਨਿਹਾਲ ਸਿੰਘ ਜੀ ਨੇ ਬੀ. ਏ. ਅਤੇ ਗਿਆਨੀ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਦ ਖਾਲਸਾ ਸਕੂਲ ਰਾਵਲ ਪਿੰਡੀ ( ਪਾਕਿਸਤਾਨ) ਵਿਚ ਨੌਕਰੀ ਕੀਤੀ। ਸਕੂਲ ਹੈਡਮਾਸਟਰ ਸੁੰਦਰ ਸਿੰਘ ਮਾਸਟਰ ਜੀ ਦੇ ਕੰਮ ਤੋਂ ਸੰਤੁਸ਼ਟ ਸਨ ਪ੍ਰੰਤੂ ਇਹਨਾਂ ਦੇ ਨਾਮਧਾਰੀ ਹੋਣ ਤੇ ਨਾਮਧਾਰੀ ਦੀਵਾਨਾਂ ਵਿਚ ਜਾਣ ਤੇ ਖੁਸ਼ ਨਹੀਂ ਸਨ। ਮਾਸਟਰ ਜੀ ਵੀ ਆਜ਼ਾਦ ਰਹਿਣ ਦੇ ਆਦੀ ਸਨ। ਇਹੋ ਜਿਹੀਆਂ ਪਾਬੰਦੀਆਂ ਉਹਨਾਂ ਨੂੰ ਚੰਗੀਆਂ ਨਾ ਲੱਗੀਆਂ ਤੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

**ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੁਪਨੇ ਵਿਚ ਮਾਸਟਰ ਜੀ ਦੇ ਕਸ਼ਟ ਕਟਣੇ—**

ਹੇਠਾਂ ਲਿਖੀ ਜਿਸ ਸਾਖੀ ਦਾ ਜ਼ਿਕਰ ਕੀਤਾ ਜਾਂਦਾ ਹੈ ਉਹ ਮਾਸਟਰ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਮੇਹਰਾਂ ਬਖਸ਼ਿਸ਼ਾਂ ਦੀ ਅਪਾਰ ਕਿਰਪਾ ਦੀ ਅਮਿਟ ਛਾਪ ਛੱਡ ਗਈ ਹੈ। ਸੰਨ ੧੯੫੩ ਦੀ ਗੱਲ ਹੈ ਕਿ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਹਰਿਆਣਾ ਵਿਚ ਮਾ. ਨਿਹਾਲ ਸਿੰਘ ਜੀ ਸਤਿਜੁਗ ਦੀ ਸੰਪਾਦਕੀ ਦਾ ਕੰਮ ਬਾਖੂਬੀ ਨਾਲ ਨਿਭਾ ਰਹੇ ਸਨ। ਯਾਦ ਰਹੇ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰ ਅੰਦੇਸ਼ੀ ਸੀ ਕਿ ਹਿਦੂਸਤਾਨ ਪਾਕਿਸਤਾਨ ਦੇ ਬਟਵਾਰੇ ਤੋਂ ਪਹਿਲਾ ਹੀ ਚਾਰ ਪਿੰਡਾਂ ਦੀ ਜ਼ਮੀਨ ਖਰੀਦ ਲਈ ਇਹ ਚਾਰ ਪਿੰਡ ਸਨ ਚੁਚਾਲ (ਸ੍ਰੀ ਜੀਵਨ ਨਗਰ) ਜਗਮਲੇਰਾ (ਸੰਤ ਨਗਰ) ਅਲੀਪੁਰ (ਹਰੀਪੁਰਾ) ਕੰਜਰਾਂ ਵਾਲਾ (ਦਮਦਮਾ)।

ਜੀਵਨ ਨਗਰ ਦੇ ਇਲਾਕੇ ਵਿਚ ਉਜਾੜ ਸੀ। ਬਰਾਨੀ ਧਰਤੀ ਰੇਤ ਦੇ ਟਿਬੇ ਸਨ। ਕਿਤੇ ਕਿਤੇ ਹੀ ਬਰਾਨੀ ਫਸਲ ਜੌਂ, ਛੋਲੇ, ਸਰੋਂ ਆਦਿ ਹੁੰਦੇ ਸਨ। ਜੋ ਬਗੈਰ ਵਾਹੁਣ ਤੋਂ ਛਟਾ ਦੇ ਕਰ ਬੀਜੇ ਜਾਂਦੇ ਸਨ। ਬਹੁਤ ਝਾੜੀਆਂ, ਵਣ, ਕਰੀਰ, ਜੰਡ, ਮਲ੍ਹੇ ਆਦਿ ਹੁੰਦੇ ਸਨ। ਪਾਣੀ ਬਹੁਤ ਡੂੰਘਾ ਸੀ। ਮਾਸਟਰ ਜੀ ਇਕ ਦਿਨ ਖੂਹ ਤੋਂ ਪਾਣੀ ਲਿਆ ਰਹੇ ਸਨ ਤੇ ਸਪ ਨੇ ਡੰਗ ਮਾਰ ਦਿੱਤਾ। ਬਹੁਤ ਓੜ੍ਹ ਪੋੜ੍ਹ ਕੀਤਾ ਕੋਈ ਅਰਾਮ ਨਾ ਆਇਆ ਤੇ ਸਗੋਂ ਸੋਜ਼ ਜ਼ਿਆਦਾ ਵਧ ਗਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰੇ ਤੋਂ ਵਾਪਸ ਆਏ ਤਾਂ ਸੰਤ ਆਲਾ ਸਿੰਘ ਜੀ ਨੇ ਉਹਨਾਂ ਨੂੰ ਮਾਸੇਟਰ ਜੀ ਦੀ ਵਿਥਿਆ ਸੁਣਾਈ ਤੇ ਬਖਸ਼ਿਸ਼ ਦੀ ਅਰਜ਼ ਕੀਤੀ। ਸਤਿਗੁਰੂ ਜੀ ਮਾਸਟਰ ਜੀ ਨੂੰ ਦਰਸ਼ਨ ਦੇਣ ਗਏ ਤੇ ਦਿਲਾਸਾ ਦਿੱਤਾ ਘਬਰਾਉਣ ਦੀ ਲੋੜ ਨਹੀਂ ਸਭ ਲਹਿਣੇ ਦੇਣੇ ਦਾ ਸਬੰਧ ਮੁਕਿਆ। ਕਈ ਦਿਨਾਂ ਉਪਰੰਤ ਮਾਸਟਰ ਜੀ ਨੂੰ ਗੂੜੀ ਨੀਂਦ ਆਈ। ਸੁਪਨੇ ਵਿਚ ਕੀ ਵੇਖਦੇ ਹਨ ਕਿ ਉਹਨਾਂ ਨੂੰ ਇਕ ਸਾਧੂ ਨੇ ਮਾਲਿਸ਼ ਕੀਤੀ। ਤੇ ਲਹੂ ਪਾਕ ਦਾ ਛਪੜ ਲਗ ਗਿਆ। ਜਦੋਂ ਮਾਸਟਰ ਨੀਂਦ ਪੂਰੀ ਕਰਕੇ ਜਾਗੇ ਤਾਂ ਕੀ ਵੇਖਦੇ ਨੇ ਬਿਸਤਰਾ ਲਹੂਪਾਕ ਨਾਲ ਭਰਿਆ ਹੈ। ਮਾਸਟਰ ਜੀ ਨੌ ਬਰ ਨੌ ਹੋ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੁਪਨੇ ਵਿਚ ਸਾਧੂ ਬਣ ਕੇ ਮਾਸਟਰ ਜੀ ਦਾ ਕਸ਼ਟ ਕੱਟਿਆ।



Namdhari Elibrary NamdhariElibrary@gmail.com

ਪੁਸਤਕਾਂ— ਮਾਸਟਰ ਜੀ ਨੇ ਇਕ ਦਰਜਨ ਤੋਂ ਵਧ ਪੁਸਤਕ ਅੰਗਰੇਜ਼ੀ ਤੇ ਪੰਜਾਬੀ ਵਿਚ ਲਿਖ ਕੇ ਸਾਹਿਤ ਦੀ ਝੋਲੀ ਵਿਚ ਪਾਈਆਂ। ਮਾਸਟਰ ਜੀ ਦੀਆਂ ਪੁਸਤਕਾਂ ਵਿਚ ਜਿਥੇ ਵਿਦਵਤਾ ਦੇ ਝਲਕਾਰੇ ਪੈਂਦੇ ਹਨ। ਉਥੇ ਉਹਨਾਂ ਦੀਆਂ ਪੁਸਤਕਾਂ ਵਿਚਲੀ ਸ਼ੈਲੀ ਅਤੇ ਸਾਖੀਕਾਰੀ ਦੀ ਰਚਨਾ ਦੀ ਵਿਧੀ ਸਾਡੀ ਸਦੀਆਂ ਪੁਰਾਣੀ ਵਿਰਾਸਤ ਹੈ। ਮਾਸਟਰ ਜੀ ਦੀਆਂ ਪੁਸਤਕਾਂ ਵਿਚ ਕਰਾਮਾਤੀ ਅੰਸ਼ ਬਹੁਤ ਹੈ। ਮਾਸਟਰ ਜੀ ਸਾਰਾ ਸਾਹਿਤ ਨਿਰੋਲ ਧਾਰਮਿਕ ਹੈ।

ਮਾਸਟਰ ਜੀ ਦੀਆਂ ਰਚਨਾਵਾਂ ਦੀ ਪੇਸ਼ਕਾਰੀ—

ਕਾਵਿ ਵੰਨਗੀ-ਮਾਸਟਰ ਜੀ ਨੇ "ਸੀਤਲਤਾ ਦਾ ਸ੍ਰੋਤ" ਪੁਸਤਕ ਵਿਚ ਨਾਮਧਾਰੀ ਚਰਿਤਰ ਦਾ ਪ੍ਰਮਾਣੀਕ ਚਿਤਰ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ ਖੁਲੀ ਕਵਿਤਾ ਹੈ। ਮਾਸਟਰ ਜੀ ਦੀ ਖੁਲੀ ਕਵਿਤਾ ਦੀਆਂ ਕੁਝ ਸਤਰਾਂ ਇਸ ਤਰ੍ਹਾਂ ਹਨ-

ਤੂੰ ਧਰਤੀ ਨੂੰ ਪਾਣੀ ਵਿਚ ਖੜਾ ਵਖਾਇ।
ਆਕਾਸ਼ ਤੇ ਤਾਰਾ ਮੰਡਲ ਸਦੀਆਂ ਤੋਂ
ਬਿਨਾ ਸਹਾਰਾ ਟੁਟ ਜਾਂਦੇ ਹਨ।
ਸਭ ਗ੍ਰਹਿ ਆਪਣਾ ਆਪਣਾ ਧਰਮ
ਪੂਰਾ ਕਰ ਰਹੇ ਹਨ।

ਵਾਰਤਕ ਵੰਨਗੀ— ਗੁਣਾਂ ਭਰਪੂਰ ਸਤਿਗੁਰੂ-ਨਾਮ ਸਿਮਰਨ ਇਕ ਮੰਤਰ ਹੈ, ਜਿਹੜਾ ਕਿਲਿਆਂ ਨੂੰ ਸਰ ਕਰਦਾ ਹੈ। ਦੇਸ਼ ਬਦੇਸ਼ੀ ਵਸਦੇ ਨਾਮਧਾਰੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਿਮਰਨ ਕਰਦੇ ਹਨ, ਸੰਧ ਵੀ ਰੱਖਦੇ ਹਨ। ਬਾਣੇ ਚਿਟੇ ਹਨ, ਅੰਦਰੋਂ ਵੀ ਚਿਟੇ ਹਨ। ਇਹਨਾਂ ਦੇ ੮-੮, ੧੦-੧੦ ਸਾਲ ਦੇ ਬਚੇ ਵੀ ਕੱਕਰੀਲੀਆਂ ਰਾਤਾਂ ਸਮੇਂ, ਜਦ ਦੁਨੀਆਂ ਘੁਰਾੜੇ ਮਾਰ ਰਹੀ ਹੁੰਦੀ ਹੈ। ਇਹ ਸਣਕੇਸ਼ੀ ਇਸ਼ਨਾਨ ਕਰ, ਗਲੀਂ ਮਾਲਾ ਪਾ ਧਰਮਸਥਾਨੀ ਪੁਜ, ਆਸਣ ਵਛਾ, ਕੌਲ ਜਲ ਦੀਆਂ ਗੜਵੀਆਂ ਰੱਖ ਸਿਮਰਨ ਵਿਚ ਜੁੜਦੇ ਹਨ ਤੇ ਅਰਸ਼ਾਂ ਕੁਰਸ਼ਾਂ ਦੇ ਮਾਲਿਕ ਨਾਲ ਸੁਰਤਾਂ ਜੋੜਦੇ ਹਨ।

ਸੇਵਾਵਾਂ— ਸਤਿਜੁਗ ਦੀ ਸੰਪਾਦਕੀ ੧੯੪੫ ਤੋਂ ੧੯੫੩, ੧੯੯੩ ਤੋਂ ੧ ਅਪ੍ਰੈਲ ੨੦੦੧

ਸਕੂਲ ਸੇਵਾ— ੧੯੫੮ ਤੋਂ ੧੯੬੯

ਮੈਨੇਜਰ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ- ੧੯੬੯ ਤੋਂ ੧੯੮੨

ਪ੍ਰਧਾਨ ਨਾਮਧਾਰੀ ਵਿਦਿਅਕ ਜਥਾ- ੧੯੬੪ ਤੋਂ ੧੯੭੨

ਪ੍ਰਧਾਨ ਨਾਮਧਾਰੀ ਦਰਬਾਰ- ੧੯੭੧ ਤੋਂ ੧੯੯੬

ਸਤਿਗੁਰੂ ਜੀ ਵਲੋਂ ਪੰਥ ਰਤਨ ਦੀ ਉਪਾਧੀ ਨਾਲ ਸਨਮਾਨਿਤ ੧੦ ਮਾਰਚ ੧੯੮੫

ਵਿਸ਼ਵ ਪੰਜਾਬੀ ਕਾਨਫਰੰਸ ਵਲੋਂ ਸਨਮਾਨ ਕਰਨ ਸਮੇਂ ਗਿ. ਜ਼ੈਲ ਸਿੰਘ ਹਥੋਂ ਅਵਾਰਡ ਪ੍ਰਾਪਤ ਅਪ੍ਰੈਲ ੧੯੯੩

ਅਸ਼ੀਰਵਾਦ ਪੁਰਸਕਾਰ- ੧੯ ਜੂਨ ੧੯੯੬

ਵਿਦਵਾਨਾਂ ਦੇ ਵਿਚਾਰ—

—ਮਾਸਟਰ ਨਿਹਾਲ ਸਿੰਘ ਜੀ ਗੁਣਾਂ ਦੀ ਗੁਥਲੀ ਤੇ ਮਿਸਰੀ ਦਾ ਪਹਾੜ ਸਨ।

(ਸ. ਹਰਵਿੰਦਰ ਸਿੰਘ ਹੰਸਪਾਲ ਮੈਂਬਰ ਕੌਮੀਘਟ ਗਿਣਤੀ ਕਮਿਸ਼ਨ)

—ਇਕ ਯੁੱਗ ਦਾ ਖਾਤਮਾ ਹੋ ਗਿਆ ਹੈ। ਮੇਰੇ ਸੁਰਗਵਾਸੀ ਪਿਤਾ ਜਥੇਦਾਰ ਨਥਾ ਸਿੰਘ ਜੀ ਨੇ ਰਾਵਲ ਪਿੰਡੀ ਮਾਸਟਰ. ਜੀ ਤੋਂ ਪੰਜਾਬੀ ਪੜ੍ਹੀ। (ਸ. ਜਗਦੀਸ਼ ਸਿੰਘ ਮੁਖ ਸੰਪਾਦਕ 'ਵਰਿਆਮ')

—ਮਾਸਟਰ ਜੀ ਨੇ ਸਦਾ ਨਾਮਧਾਰੀਪੁਣੇ ਨੂੰ ਮੁੱਖ ਰਖਿਆ। ਏਸੇ ਲਈ ਲਿਖਿਆ ਤੇ ਬੋਲਿਆ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ ਮਾਣ ਤੇ ਅਸ਼ੀਰਵਾਦ ਦਿੱਤੇ ਹੋਰ ਸੰਸਥਾਵਾਂ ਨੂੰ ਵੀ ਉਹਨਾਂ ਨੂੰ ਐਵਾਰਡ ਦਿੱਤੇ। (ਪ੍ਰੋ. ਤਾਰਾ ਸਿੰਘ ਅਨਜਾਣ ਸੰਪਾਦਕ ਸਤਿਜੁਗ)

—ਮਾਸਟਰ ਜੀ ਸਮਰਪਨ ਭਾਵ ਵਾਲੇ ਸਿੱਖ ਸਨ। (ਸੇਵਕ ਹਰਪਾਲ ਸਿੰਘ)।

—ਮਾਸਟਰ ਜੀ ਕਲਮ ਦੇ ਜਰਨੈਲ ਸਨ। (ਕਾ. ਸੁਵਰਨ ਸਿੰਘ ਵਿਰਕ)

ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ—ਮਾਸਟਰ ਜੀ ਦੇ ਪਰਵਾਰ ਵਲੋਂ ਸ਼ਲਾਘਾਯੋਗ ਕਦਮ ਚੁੱਕ ਕੇ 'ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ" ਚਾਲੂ ਕਰਕੇ ਨਾਮਧਾਰੀ ਸਾਹਿਤਕਾਰਾਂ ਦੀ ਹੌਂਸਲਾ ਅਫਜਾਈ ਕੀਤੀ ਹੈ। ਤੇ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦੀ ਯਾਦ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

ਇੱਛਾ—ਮਾਸਟਰ ਜੀ ਦੀ ਅੰਤਿਮ ਇੱਛਾ ਸੀ ਕਿ ਜ਼ਿੰਦਗੀ ਦਾ ਅੰਤਿਮ ਪਲ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਬਤੀਤ ਹੋਵੇ ਤੇ ਪ੍ਰਾਣ ਪੰਖੇਰੂ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਉਡਾਰੀ ਭਰਨ ਸੋ ਉਹਨਾਂ ਦੀ ਅੰਤਿਮ ਇੱਛਾ ਪੂਰੀ ਹੋਈ। ਤੇ ਉਹ ਇਥੇ ਹੀ ਗੁਰਪੁਰੀ ਸਿਧਾਰ ਗਏ।

ਅਕਾਲ ਚਲਾਣਾ— ਨਾਮਧਾਰੀ ਇਤਿਹਾਸ ਖੋਜ ਖੇਤਰ ਵਿਚ ਨਾਮਧਾਰੀ ਪੰਥ ਦੀ ਵਡਮੁਲੀ ਸੇਵਾ ਨਿਭਾਉਂਦੇ ਹੋਏ। ਮਾਸਟਰ ਜੀ ਇਕ ਅਪ੍ਰੈਲ ੨੦੦੧ ਨੂੰ ੯੪ ਸਾਲ ਦੀ ਉਮਰ ਭੋਗ ਕੇ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਅਕਾਲ ਚਲਾਣਾ ਕਰ ਗਏ। ਨਾਮਧਾਰੀ ਸੰਗਤਾਂ ਪੂਰਨ ਗੁਰਸੇਵਕ ਪੰਥ ਰਤਨ, ਸਿੱਖਿਆ ਸ਼ਾਸਤਰੀ ਨਾਮਧਾਰੀ ਲੇਖਕ, ਉਚਕੋਟੀ ਦੇ ਪ੍ਰਚਾਰਕ ਤੇ ਮਹਾਨ ਵਿਅਕਤੀ ਤੋਂ ਵਾਂਝੀਆਂ ਹੋ ਗਈਆਂ।

*ਮਕਾਨ ਨੰ-੧੩੮, ਗਲੀ ਨੰ-੬,*
*ਸੰਧੂ ਕਲੋਨੀ, ਮੁਕਤਸਰ-੧੫੨੦੨੬ (ਪੰਜਾਬ)*
*ਮੋ-੦੯੫੬੯੦-੮੨੧੮੮*



Namdhari Elibrary NamdhariElibrary@gmail.com

# ਕੂਕਾ ਲਹਿਰ ਦਾ ਪੰਜਾਬੀ ਸਾਹਿਤ

*—ਪਿਆਰਾ ਸਿੰਘ ਭੋਗਲ*

ਵੱਡੇ ਆਕਾਰ ਦੇ ੪੯੮ ਸਫ਼ਿਆਂ ਉਤੇ ਫੈਲੀ ਸ. ਸੁਵਰਨ ਸਿੰਘ ਵਿਰਕ ਦੀ ਲਿਖੀ ਪੁਸਤਕ 'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਪੰਜਾਬੀ ਸਾਹਿਤ ਦੇ ਖੋਜੀਆਂ ਅਤੇ ਪਾਠਕਾਂ ਦੀ ਬਹੁਤ ਵੱਡੀ ਥੋੜ ਪੂਰੀ ਕਰਦੀ ਹੈ। ਬਾਬਾ ਰਾਮ ਸਿੰਘ ਆਧੁਨਿਕ ਪੰਜਾਬ ਦੇ ਵਚਿਤਰ ਮਹਾਂਪੁਰਖ ਹੋਏ ਹਨ, ਜਿਨ੍ਹਾਂ ਦੀ ਬਹੁਪੱਖੀ ਦੇਣ ਦਾ ਪੰਜਾਬੀਆਂ ਨੇ ਅਜੇ ਠੀਕ ਮੁੱਲ ਨਹੀਂ ਪਾਇਆ। ਉਨ੍ਹਾਂ ਦਾ ਵਿਅਕਤਿਤਵ ਕਿੰਨਾ ਕਰਾਮਾਤੀ ਸੀ, ਇਹ ਸਮਝਣ ਲਈ ਉਨ੍ਹਾਂ ਦੇ ਕਸ਼ਟਾਂ ਭਰੇ ਜੀਵਨ ਦਾ ਸਿਰਫ਼ ਇਕ ਤੱਥ ਜਾਨਣਾ ਹੀ ਕਾਫ਼ੀ ਹੈ। ਉਨ੍ਹਾਂ ਦੇ ਸਿਦਕਵਾਨ ਸਿੱਖ, ਅੰਗਰੇਜ਼ ਸਰਕਾਰ ਵਲੋਂ ਫੈਲਾਈ ਭਿਆਨਕ ਦਹਿਸ਼ਤ ਤੋਂ ਬੇਪ੍ਰਵਾਹ ਹੋ ਕੇ ਦੂਰ ਬਰਮਾ ਵਿਚ ਜਫਰ ਜਾਲ ਕੇ ਪਹੁੰਚਦੇ ਰਹੇ। ਆਪਣੇ ਸਤਿਗੁਰੂ ਦੇ ਸੰਦੇਸ਼ ਲਿਆਉਂਦੇ ਰਹੇ। ਇਕ ਹੋਰ ਤੱਥ ਵੀ ਅੱਜ ਹਰ ਪੰਜਾਬੀ ਲਈ ਵਿਚਾਰਨਯੋਗ ਹੈ। ਅੰਗਰੇਜ਼ ਸਰਕਾਰ ਨੇ ਨਾਮਧਾਰੀ ਸੰਪਰਦਾ, ਇਸ ਦੇ ਜਨਮ-ਕਾਲ ਵਿਚ ਹੀ ਤਬਾਹ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਪਰ 'ਅਸੀਂ ਦੂਣ ਸਵਾਇ ਹੋਇ' ਦੇ ਕਥਨ ਅਨੁਸਾਰ ਨਾਮਧਾਰੀ ਸੰਪਰਦਾ ੧੯੪੭ ਤੱਕ ਖ਼ੂਬ ਫੈਲੀ। ਅੱਜ ਵੀ ਪੂਰੇ ਜਲੋ ਵਿਚ ਹੈ।

ਜਦੋਂ ਅਸੀਂ ਆਪਣਾ 'ਪੰਜਾਬੀ ਸਾਹਿਤ ਦਾ ਇਤਿਹਾਸ' ੧੯੬੯ ਵਿਚ ਲਿਖਿਆ ਤੇ ਛਪਵਾਇਆ ਤਾਂ ਬੜੀ ਇੱਛਾ ਸੀ, 'ਨਾਮਧਾਰੀ ਸਾਹਿਤ' ਦਾ ਵੀ ਇਸ ਵਿਚ ਮੁੱਲਾਂਕਣ ਹੋਵੇ। ਪਰ ਕੋਈ ਸਾਹਿਤ ਨਾ ਪ੍ਰਾਪਤ ਹੋਇਆ। ੧੮੫੦-੧੯੦੦ ਦੇ ਕਾਲ ਵਿਚ ਰਚੇ ਗਏ ਸਾਹਿਤ ਵਿਚ ਨਾਮਧਾਰੀ ਪੰਥ ਬਾਰੇ ਇਕ ਬਾਰਾਮਾਹ ਲਿਖੇ ਜਾਣ ਦੀ ਸੋਅ ਪ੍ਰਾਪਤ ਹੋਈ। ਪਰ ਪਾਠ ਪ੍ਰਾਪਤ ਨਾ ਹੋਇਆ। ਇਸੇ 'ਇਤਿਹਾਸ' ਦੇ ੧੯੭੧, ੧੯੭੫ ਅਤੇ ੧੯੮੪ ਵਿਚ ਤਿੰਨ ਸੋਧੇ ਤੇ ਵਧਾਏ ਹੋਏ ਐਡੀਸ਼ਨ ਹੋਰ ਵੀ ਛਪੇ, ਪਰ ਅਸੀਂ ਨਾਮਧਾਰੀ ਸਾਹਿਤ ਦੀਆਂ ਰਚਨਾਵਾਂ ਪ੍ਰਾਪਤ ਨਾ ਕਰ ਸਕੇ।

ਸ. ਸੁਵਰਨ ਸਿੰਘ ਵਿਰਕ ਨੇ ਇਹ ਖੱਪਾ ਪੂਰਿਆ ਹੈ। ਇਸ ਪੁਸਤਕ ਵਿਚ ਮਹੱਤਵਪੂਰਨ ਸਾਹਿਤ-ਪਾਠਾਂ ਦੀਆਂ ਨਕਲਾਂ ਨਹੀਂ ਛਾਪੀਆਂ ਗਈਆਂ। ਅਸੀਂ ਚਾਹੁੰਦੇ ਹਾਂ, ਨਾਮਧਾਰੀ ਰਚਨਾਵਾਂ ਵਿਚੋਂ, ਸਾਹਿਤਕ-ਮਹੱਤਵ ਰੱਖਣ ਵਾਲੀਆਂ ਰਚਨਾਵਾਂ ਦਾ, ਇਕ ਚੋਣਵਾਂ ਅਤੇ ਪ੍ਰਤੀਨਿਧ ਸੰਗ੍ਰਹਿ ਵੀ ਛਾਪਿਆ ਜਾਵੇ। ਇਸ ਨਾਲ ਖੋਜੀਆਂ ਤੇ ਵਿਦਿਆਰਥੀਆਂ ਲਈ ਇਸ ਸਾਹਿਤਕ ਵੰਨਗੀ ਦਾ ਅਧਿਐਨ ਕਰਨਾ ਸੌਖਾ ਹੋ ਜਾਏਗਾ।

ਵਿਰਕ ਸਾਹਿਬ ਨੇ ਆਪਣੀ ਪੁਸਤਕ ਵਿਚ ਨਾਮਧਾਰੀ ਸਾਹਿਤ ਦਾ ਪ੍ਰਸੰਸਾਤਮਿਕ ਪ੍ਰੀਚੈ ਦੇਣ ਦਾ ਉਪਰਾਲਾ ਬਹੁਤ ਮਿਹਨਤ ਤੇ ਸਿਰੜ ਨਾਲ ਕੀਤਾ ਹੈ। ਉਨ੍ਹਾਂ ਦੇ ਇਹ ਲੇਖ ਪਿਛਲੇ ਕੁਝ ਸਾਲਾਂ ਤੋਂ ਸ. ਜਗਦੀਸ਼ ਸਿੰਘ ਦੇ ਮਾਸਕ ਪੱਤਰ 'ਵਰਿਆਮ' ਜਲੰਧਰ ਵਿਚ ਛਪਦੇ ਰਹੇ ਹਨ। ਹੁਣ ਉਨ੍ਹਾਂ ਦੀ ਇਹ ਪੁਸਤਕ ਪਾਠਕਾਂ ਲਈ ਹਵਾਲਾ-ਗ੍ਰੰਥ ਬਣ ਗਈ ਹੈ।

ਨਾਮਧਾਰੀ ਸਾਹਿਤ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਉਹ 'ਹੁਕਮਨਾਮੇ' ਹਨ, ਜੋ ਨਾਮਧਾਰੀ ਸ਼ਰਧਾਲੂ ਰੰਗੂਨ ਪਹੁੰਚ ਕੇ ਆਪਣੇ ਪਿਆਰੇ ਸਤਿਗੁਰੂ ਰਾਮ ਸਿੰਘ ਤੋਂ ਪ੍ਰਾਪਤ ਕਰਦੇ ਰਹੇ। ਸਾਰੇ ਹੁਕਮਨਾਮੇ ਪ੍ਰਾਪਤ ਨਹੀਂ। ਕੁਝ ਅਲੋਪ ਹੋ ਗਏ। ਪਰ ੬੫ ਹੁਕਮਨਾਮੇ ਸ. ਜਸਵਿੰਦਰ ਸਿੰਘ ਹਿਸਟੋਰੀਅਨ ਨੇ ਸੰਪਾਦਿਤ ਕਰ ਕੇ ਛਪਵਾਏ ਹਨ। ਇਹ ੧੮੫੦-੧੯੦੦ ਈ. ਦੀ ਗੱਲਬਾਤੀ-ਵਾਰਤਕ ਦਾ ਸੁੰਦਰ ਨਮੂਨਾ ਹਨ। ਇਨ੍ਹਾਂ ਦਾ ਇਤਿਹਾਸਕ ਮਹੱਤਵ ਤਾਂ ਹੈ ਹੀ, ਪਰ ਇਹ ਸਮਾਜਿਕ-ਸੱਭਿਆਚਾਰਕ ਦਸਤਾਵੇਜ਼ ਵੀ ਹਨ। ਦੂਜੀ ਮਹੱਤਵਪੂਰਨ ਰਚਨਾ ਸੰਤੋਖ ਸਿੰਘ ਬਾਹੋਵਾਲ ਦਾ ਰਚਿਆ ਸਤਿਗੁਰੂ ਬਿਲਾਸ (ਭਾਗ ਦੋ) ਹੈ। ਇਹ ਵਾਰਤਕ-ਰਚਨਾ ਹੈ। ਸੰਤੋਖ ਸਿੰਘ ਗਰੀਬੜਾ ਸਿੱਖ ਸੀ, ਪਰ ਨਾਮਧਾਰੀ ਪੰਥ ਬਾਰੇ ਕੀਮਤੀ ਲਿਖਤ ਛੱਡ ਗਿਆ। ਜਿਸ ਬਾਰਾਮਾਹੇ ਬਾਰੇ ਮਿਲਦੀ ਸੋਅ ਦਾ ਅਸੀਂ ਪਿੱਛੇ ਜ਼ਿਕਰ ਕੀਤਾ ਹੈ, ਉਹ ਚੰਦਾ ਸਿੰਘ ਭੱਬਰ ਰਚਿਤ ਕਾਵਿ-ਰਚਨਾ ਸੀ, ਜਿਸ ਵਿਚ ਉਸ ਨੇ ਬਾਬਾ ਰਾਮ ਸਿੰਘ ਦੀ ਜਲਾਵਤਨੀ ਦੇ ਦੁੱਖ ਨੂੰ ਕਵਿਤਾ ਵਿਚ ਪ੍ਰੋਇਆ। ਇਕ ਹੋਰ ਬਾਰਾਮਾਹ ਨਿਹਾਲ ਸਿੰਘ ਦਾ ਰਚਿਆ ਮਿਲਿਆ ਹੈ। ਕਾਹਲਾ ਸਿੰਘ ਦੀ ਪੈਂਤੀ ਅੱਖਰੀ ਮਲੇਰਕੋਟਲੇ ਦੇ ਸਾਕੇ ਦਾ ਇਤਿਹਾਸ ਸੰਭਾਲਣ ਵਾਲੀ ਕਾਵਿ-ਰਚਨਾ ਹੈ। ਵੀਹਵੀਂ ਸਦੀ ਵਿਚ ਜਦੋਂ ਬਾਬਾ ਪ੍ਰਤਾਪ ਸਿੰਘ ਨੇ ਨਾਮਧਾਰੀ ਗੁਰਗੱਦੀ ਸੰਭਾਲੀ ਤਾਂ ਸੰਤ ਨਿਧਾਨ ਸਿੰਘ ਆਲਮ ਤੇ ਸੰਤ ਇੰਦਰ ਸਿੰਘ ਚੱਕਰਵਰਤੀ ਨਾਮਧਾਰੀ-ਲੇਖਕਾਂ ਦੇ ਤੌਰ 'ਤੇ ਉਭਰੇ। ਚੱਕਰਵਰਤੀ ਦਾ 'ਮਾਲਵੇਂਦ੍ਰ' ਯਾਦਗਾਰੀ ਰਚਨਾ ਹੈ। ਪ੍ਰੀਤਮ ਸਿੰਘ ਕਵੀ ਦੇ ਅਸੀਂ ਜਲੰਧਰ ਵਿਚ ਲੰਮਾ ਸਮਾਂ ਦਰਸ਼ਨ ਕਰਦੇ ਰਹੇ। ਉਹ ਅਜੋਕੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਮ-ਸਫ਼ਰ ਰਹੇ। ਉਨ੍ਹਾਂ ਦੇ ਦੌਰਿਆਂ ਸਮੇਂ ਉਨ੍ਹਾਂ ਦੇ ਪ੍ਰਵਚਨਾਂ ਅਤੇ ਉਨ੍ਹਾਂ ਦੇ ਸ਼ਰਧਾਵਾਨ ਸਿੱਖਾਂ ਦੇ ਵੇਰਵੇ 'ਬੀਤੇ ਦੀਆਂ ਪੈੜਾਂ' ਪੁਸਤਕ ਵਿਚ ਲਿਖ ਕੇ ਸੰਭਾਲਦੇ ਰਹੇ। ਇਹ ਪੁਸਤਕ ਕਈ ਭਾਗਾਂ ਵਿਚ ਛਪੀ ਹੈ। ਇਹ ਪੰਜਾਬੀ ਜਨਮ ਸਾਖੀ ਸਾਹਿਤ ਦਾ ਨਵਾਂ ਵਿਸਥਾਰ ਹੈ।

ਸੁਵਰਨ ਸਿੰਘ ਵਿਰਕ ਨੇ ਉਪਰੋਕਤ ਰਚਨਾਵਾਂ ਅਤੇ ਹੋਰ ਅਨੇਕ ਰਚਨਾਵਾਂ ਬਾਰੇ ਲੇਖ ਆਪਣੀ ਪੁਸਤਕ ਵਿਚ ਸ਼ਾਮਿਲ ਕੀਤੇ ਹਨ। ਸੁਵਰਨ ਸਿੰਘ ਵਿਰਕ ਪੜ੍ਹਿਆ-ਲਿਖਿਆ ਵਿਦਵਾਨ ਹੈ। ਖੋਜੀ ਹੈ। ਤਾਂ ਵੀ, ਨਾਮਧਾਰੀ ਸਾਹਿਤ ਬਾਰੇ ਸ਼ਰਧਾਲੂ ਹੈ। ਇਹ ਪੁਸਤਕ ਸ਼ਰਧਾਵਾਨ ਲੇਖਕ ਦੀ ਲਿਖਤ ਹੈ। ਇਹ ਪੁਸਤਕ ਬਹੁਤ ਲੋੜੀਂਦੀ ਸੀ। ਅਸੀਂ ਇਸ ਦਾ ਸਵਾਗਤ ਕਰਦੇ ਹਾਂ। ਤਾਂ ਵੀ ਇਸ ਸਾਹਿਤ ਨੂੰ ਇਕ ਫ਼ਾਸਲੇ ਉਤੇ ਖੜੋ ਕੇ ਪੜ੍ਹਨ ਦੀ ਲੋੜ ਹੈ ਤਾਂ ਜੋ ਇਸ ਦਾ ਸਹੀ ਇਤਿਹਾਸਕ ਤੇ ਸਾਹਿਤਕ ਮੁੱਲ ਅੰਕਿਆ ਜਾ ਸਕੇ।

*੬੨੮, ਗਰੀਨ ਮਾਡਲ ਟਾਊਨ, ਜਲੰਧਰ*

*(ਅਜੀਤ ਮਿਤੀ ੭ ਫਰਵਰੀ ੨੦੧੦ ਤੋਂ ਧੰਨਵਾਦ ਸਹਿਤ)*



Namdhari Elibrary NamdhariElibrary@gmail.com

# ਸੰਤ, ਸੰਤੋਖ ਸਿੰਘ ਬਾਹੋਵਾਲ ਬਾਰੇ ਨਵੀਂ ਖੋਜ

*—ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)*

ਸੰਤ ਸੰਤੋਖ ਸਿੰਘ ਪਿੰਡ ਬਾਹੋਵਾਲ, ਗ੍ਰੰਥ ਸਤਿਗੁਰੂ ਬਿਲਾਸ ਦੇ ਮਹਾਨ ਲਿਖਾਰੀ ਹਨ। ਜਿਹਨਾਂ ਦੀ ਇਸ ਰਚਨਾ ਨੇ ਇਤਿਹਾਸ ਵਿਚ ਉਹਨਾਂ ਦਾ ਨਾਮ ਸਦਾ ਲਈ ਅਮਰ ਕਰ ਦਿੱਤਾ ਹੈ। ਭਵਿੱਖ ਵਿਚ ਜਦੋਂ ਵੀ ਸਤਿਗੁਰੂ ਬਿਲਾਸ ਗ੍ਰੰਥ ਦੀ ਗਲ ਵਿਦਵਾਨ ਖੋਜੀ ਕਰਿਆ ਕਰਨਗੇ, ਕਥਾ ਵਾਚਕ, ਕਥਾ ਕਰਿਆ ਕਰਨਗੇ, ਉਦੋਂ ਸੰਤ ਸੰਤੋਖ ਸਿੰਘ ਬਾਹੋਵਾਲ ਨੂੰ ਆਦਰ ਤੇ ਸਤਿਕਾਰ ਨਾਲ ਯਾਦ ਕਰਿਆ ਕਰਨਗੇ। ਇਹ ਗ੍ਰੰਥ ਨਾਮਧਾਰੀ ਇਤਿਹਾਸ ਦਾ ਭੰਡਾਰ ਹੈ, ਸਿਖ ਮਰਯਾਦਾ ਦਾ ਖਜ਼ਾਨਾ ਹੈ ਅਤੇ ਨਾਮਧਾਰੀ ਇਤਿਹਾਸ ਦੇ ਮੁਢਲੇ ਸਰੋਤਾਂ ਵਿਚੋਂ ਇਹ ਇਕ ਪ੍ਰਮੁੱਖ ਸਰੋਤ ਮੰਨਿਆ ਜਾਂਦਾ ਹੈ। ਭਾਵੇਂ ਉਸੇ ਸਮੇਂ ਦੀ ਇਕ ਹੋਰ ਰਚਨਾ ਸਤਿਗੁਰੂ ਬਿਲਾਸ ਸੰਤ ਧਿਆਨ ਸਿੰਘ ਕਾਦਰਾਬਾਦ ਵਾਲਿਆਂ ਦਾ ਵੀ ਹੈ। ਪਰੰਤੂ ਗ੍ਰੰਥ ਕਵਿਤਾ ਵਿਚ ਹੋਣ ਕਰਕੇ ਤੱਥਾਂ ਦੇ ਵਿਸਥਾਰ ਵਿਚ ਨਹੀਂ ਜਾਂਦਾ ਹੈ। ਸੋ ਭਾਈ ਸੰਤੋਖ ਸਿੰਘ ਜੀ ਹੀ ਐਸੇ ਮਹਾਨ ਲਿਖਾਰੀ ਹਨ ਜੋ ਹਰ ਘਟਨਾ ਦੇ ਵਿਸਥਾਰ ਵਿਚ ਗਏ ਅਤੇ ਪੂਰੀ ਪੜਚੋਲ ਅਤੇ ਤਰਤੀਬ ਨਾਲ ਉਸ ਨੂੰ ਕਲਮ ਬੰਦ ਕੀਤਾ ਹੈ। ਫਿਰ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਆਪਣੀ ਲਿਖਤ ਤੇ ਪ੍ਰਵਾਨਗੀ ਦੀ ਮੋਹਰ ਲਗਾਉਣ ਲਈ ਉਹ ਸਵੇਰੇ ਸਵੇਰੇ ਪੁਲੀਸ ਚੌਕੀ ਤੋਂ ਅੱਖ ਬਚਾ ਕੇ ਸਤਿਗੁਰੂ ਹਰੀ ਸਿੰਘ ਜੀ ਕੋਲ ਪਹੁੰਚ ਜਾਂਦੇ ਅਤੇ ਆਪਣੀ ਲਿਖਤ ਸਤਿਗੁਰਾਂ ਨੂੰ ਸੁਣਾ ਕੇ ਜਾਂ ਪੜ੍ਹਾ ਕੇ ਸੋਧ ਕਰਵਾ ਲਿਆ ਕਰਦੇ ਸਨ। ਇਹ ਉਹ ਸਮਾਂ ਸੀ ਜਦੋਂ ਕਿ ਸਤਿਗੁਰੂ ਰਾਮ ਸਿੰਘ ਜੀ ੧੮੭੨ ਈਸਵੀ ਵਿਚ ਰੰਗੂਨ ਜਾ ਚੁੱਕੇ ਸਨ ਅਤੇ ਸ੍ਰੀ ਭੈਣੀ ਸਾਹਿਬ ਦੇ ਮੁੱਖ ਦੁਆਰ ਅਗੇ ਅੰਗਰੇਜ਼ ਸਰਕਾਰ ਦੀ ਪੁਲੀਸ ਚੌਕੀ ਤਾਇਨਾਤ ਹੋ ਚੁੱਕੀ ਸੀ ਜੋ ਹਰ ਆਏ ਗਏ ਨਾਮਧਾਰੀ ਸਿਖ ਸ਼ਰਧਾਲੂ ਦੀ ਤਲਾਸ਼ੀ ਲੈਂਦੀ ਅਤੇ ਦਸ ਤੋਂ ਵੱਧ ਨਾਮਧਾਰੀ ਗੁਰਦੁਆਰੇ ਅੰਦਰ ਜਾ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਨਹੀਂ ਕਰ ਸਕਦੇ ਸਨ।

**ਪਿੰਡ ਬਾਹੋਵਾਲ ਬਾਰੇ ਖੋਜ ਕਰਨ ਦਾ ਮੁਢ ਕਿਵੇਂ ਬੱਝਾ—**

ਸ੍ਰੀ ਸਤਿਗੁਰੂ ਰਾਮ ਸਿੰਘ ਨੇ ੧੮੫੭ ਦੀ ਵਿਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਚਿੱਟਾ ਝੰਡਾ ਲਹਿਰਾ ਕੇ ਸੰਤ ਖਾਲਸਾ ਨੂੰ ਪ੍ਰਗਟ ਕੀਤਾ ਸੀ। ਦਸਮੇ ਪਾਤਸ਼ਾਹ ਜੀ ਦੀ ਸਾਜੀ ਹੋਈ ਸਿੱਖੀ ਜੋ ਅਲੋਪ ਹੋ ਚੁੱਕੀ ਸੀ ਨੂੰ ਦੋਬਾਰਾ ਸੰਤ ਖਾਲਸਾ ਦੇ ਰੂਪ ਵਿਚ ਪ੍ਰਗਟ ਕਰਕੇ ਸਤਿਗੁਰੂ ਜੀ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਦਾ ਮੁੜ ਲੋਕਾਈ ਵਿਚ ਸੰਚਾਰ ਕੀਤਾ ਸੀ। ੨੦੦੭ ਈਸਵੀ ਵਿਚ ਸੰਤ ਖਾਲਸਾ ਨੂੰ ਪ੍ਰਗਟ ਕਰਨ ਦੀ ਇਤਿਹਾਸਕ ਘਟਨਾ ਨੂੰ ੧੫੦ ਸਾਲ ਹੋ ਗਏ ਸਨ ਜਿਸਨੂੰ ਨਾਮਧਾਰੀ ਪੰਥ ਅਤੇ ਪੰਜਾਬ ਸਰਕਾਰ ਵਲੋਂ ਵਿਆਪਕ ਪੱਧਰ ਤੇ ਮਨਾਇਆ ਗਿਆ ਹੈ।

ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਡੇਢ ਸੌ ਸਾਲ ਮਨਾਉਣ ਲਈ ਕਮੇਟੀਆਂ ਬਣਾਈਆਂ ਗਈਆਂ ਅਤੇ ਸਰਕਾਰੀ ਪੱਧਰ ਤੇ ਪ੍ਰੋਗਰਾਮ ਉਲੀਕੇ ਗਏ। ਜਿਥੇ ਸਾਰੇ ਜ਼ਿਲ੍ਹਿਆਂ ਵਿਚ ਕਮੇਟੀਆਂ ਬਣੀਆਂ, ਉਥੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵੀ ਕਮੇਟੀ ਬਣਾਈ ਗਈ। ਉਸ ਕਮੇਟੀ ਦਾ ਮੈਂਬਰ ਮੈਂ ਵੀ ਸਾਂ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋਂ ਜਦੋਂ ਵੀ ਕੋਈ ਮੀਟਿੰਗ ਹੁੰਦੀ ਸੀ, ਮੈਂ ਵੀ ਮੀਟਿੰਗ ਵਿਚ ਸ਼ਾਮਲ ਹੁੰਦਾ ਸਾਂ। ਉਦੋਂ ਮੇਰੇ ਮਨ ਵਿਚ ਵਿਚਾਰ ਆਇਆ ਕਿ ਜੇਕਰ ਸੰਤ ਸੰਤੋਖ ਸਿੰਘ ਜੀ ਬਾਰੇ ਬਾਹੋਵਾਲ ਪਿੰਡ ਵਿਚ ਸੰਤਾਂ ਦੇ ਨਾਮ ਕੋਈ ਯਾਦਗਾਰ ਸਥਾਪਤ ਹੋ ਜਾਵੇ ਤਾਂ ਬੜੀ ਵਧੀਆ ਗਲ ਹੋਵੇਗੀ। ਮੈਂ ਹੋਰ ਮੈਂਬਰਾਂ ਨਾਲ ਸਲਾਹ ਕਰ ਕੇ ਡਿਪਟੀ ਕਮਿਸ਼ਨਰ ਤਿਵਾੜੀ ਸਾਹਿਬ ਅੱਗੇ ਉਹ ਸੁਝਾਅ ਰਖਿਆ ਕਿ ਪੰਜਾਬ ਸਰਕਾਰ ਵਲੋਂ ਨਾਮਧਾਰੀ ਸ਼ਹੀਦਾਂ ਬਾਰੇ ਸੰਬੰਧਤ ਜ਼ਿਲਿਆਂ ਵਿਚ ਯਾਦਗਾਰਾਂ ਸਥਾਪਤ ਹੋ ਰਹੀਆਂ ਸਨ। ਸਾਡੇ ਜ਼ਿਲ੍ਹੇ ਵਿਚ ਕੋਈ ਨਾਮਧਾਰੀ ਸ਼ਹੀਦ ਨਹੀਂ ਹੋਇਆ ਜਾਂ ਕੋਈ ਨਾਮਧਾਰੀ ਦੇਸ਼ ਭਗਤ ਨਹੀਂ ਹੋਇਆ ਜਿਸਦੇ ਨਾਮ ਤੇ ਕੋਈ ਯਾਗਾਰ ਬਣ ਸਕੇ, ਸਿਰਫ ਇਹੋ ਮਹਾਂਪੁਰਸ਼ ਸੰਤ ਸੰਤੋਖ ਸਿੰਘ ਜੀ ਹੀ ਸਨ ਜਿਹਨਾਂ ਬਾਰੇ ਕੋਈ ਯਾਗਾਰ ਬਣ ਸਕਦੀ ਸੀ। ਡੀ.ਸੀ. ਸਾਹਿਬ ਨੇ ਸਾਡਾ ਸੁਝਾਅ ਮੰਨ ਲਿਆ। ਮੇਰੇ ਕੋਲੋਂ ਉਹਨਾਂ ਨੇ ਸੰਤ ਸੰਤੋਖ ਸਿੰਘ ਜੀ ਦੇ ਪਿੰਡ ਬਾਹੋਵਾਲ ਦੀ ਇਤਿਹਾਸਕ ਜਾਣਕਾਰੀ ਤੇ ਉਹਨਾਂ ਦੇ ਜੀਵਨ ਬਾਰੇ ਗਿਆਨ ਹਾਸਲ ਕਰਨਾ ਚਾਹਿਆ। ਮੇਰੇ ਕੋਲ ਜਸਵਿੰਦਰ ਸਿੰਘ ਹਿਸਟੋਰੀਅਨ ਦੀ ਭੂਮਿਕਾ ਵਿਚੋਂ ਕੁਝ ਅੰਕਿਤ ਸੀ, ਉਹ ਮੈਂ ਦੱਸਿਆ ਜੋ ਕਿ ਬਹੁਤ ਘਟ ਅਤੇ ਅਟਕਲਾਂ ਤੇ ਸਿਰਜਿਆ ਗਿਆਨ ਸੀ। ਬਾਹੋਵਾਲ ਪਿੰਡ ਕਿਥੇ ਹੈ, ਉਸਦਾ ਇਤਿਹਾਸ ਕੀ ਹੈ, ਉਸ ਕਿਸ ਤਹਿਸੀਲ ਜਾਂ ਥਾਣੇ ਨਾਲ ਸੰਬੰਧਤ ਪਿੰਡ ਹੈ, ਇਸ ਬਾਰੇ ਜਸਵਿੰਦਰ ਸਿੰਘ ਹਿਸਟੋਰੀਅਨ ਨੇ ਕੁਝ ਵੀ ਨਹੀਂ ਲਿਖਿਆ।

੨੦੦੮ ਵਿਚ ਮਈ ਮਹੀਨੇ, ਮੇਰੇ ਨਾਲ ਜਥੇਦਾਰ ਪ੍ਰਭਜੀਤ ਸਿੰਘ ਰਾਣੀ ਪਿੰਡ, ਸੂਬਾ ਗੁਲਜ਼ਾਰ ਸਿੰਘ, ਸੰਤੋਖ ਸਿੰਘ ਮਹਿਮੂਦਪੁਰ ਅਸੀਂ ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਨਾਲ ਮੀਟਿੰਗ ਕਰਕੇ ਅਰਦਾਸ ਕਰਕੇ ਚਲ ਪਏ। ਮੇਰੇ ਸਾਥੀਆਂ ਦਾ



Namdhari Elibrary NamdhariElibrary@gmail.com

ਕਹਿਣਾ ਸੀ ਕਿ ਅਸੀਂ ਪਹਿਲੀ ਵਾਰ ਜਾ ਰਹੇ ਹਾਂ, ਸਾਨੂੰ ਨਹੀਂ ਪਤਾ ਕਿ ਪਿੰਡ ਬਾਹੋਵਾਲ ਕਿਥੇ ਹੈ, ਤੂੰ ਹੀ ਲੱਭਣਾ ਹੈ। ਮੈਂ ਸੋਚਿਆ ਸੀ ਕਿ ਅਸੀਂ ਜਾਂਦਿਆਂ ਹੀ ਸੰਤਾਂ ਦੇ ਪਰਿਵਾਰ ਢੂੰਡ ਲਵਾਂਗੇ ਅਤੇ ਇਤਿਹਾਸਕ ਜਾਣਕਾਰੀ ਇਕੱਤਰ ਕਰ ਕੇ ਆ ਜਾਵਾਂਗੇ, ਇਹੋ ਵਿਸ਼ਵਾਸ ਮੈਂ ਨਾਲ ਦੇ ਸਾਥੀਆਂ ਨੂੰ ਦਿੱਤਾ ਸੀ। ਲਗਭਗ ਇਕ ਵਜੇ ਅਸੀਂ ਪਿੰਡ ਬਾਹੋਵਾਲ ਪਹੁੰਚ ਗਏ, ਗਰਮੀ ਜ਼ੋਰਾਂ ਤੇ ਸੀ, ਸਿਖਰ ਦੁਪਹਿਰ ਸਮੇਂ ਕੋਈ ਵੀ ਪਿੰਡ ਨਿਵਾਸੀ ਗਰਮੀ ਕਾਰਨ ਬਾਹਰ ਨਹੀਂ ਸੀ ਦਿਸ ਰਿਹਾ। ਗਰਮੀ ਨਾਲ ਸਾਡਾ ਵੀ ਮੰਦਾ ਹਾਲ ਹੋਇਆ ਪਿਆ ਸੀ। ਮੇਰੇ ਨਾਲ ਦੇ ਸਾਥੀ ਗਰਮੀ ਤੋਂ ਔਖੇ ਹੋਏ ਪਏ ਸਨ, ਪਸੀਨਾ ਸਿਰ ਤੋਂ ਪੈਰਾਂ ਤੱਕ ਜਾ ਰਿਹਾ ਸੀ, ਵਾਰ ਵਾਰ ਅਸੀਂ ਰੁਮਾਲਾਂ ਨਾਲ ਚੇਹਰੇ ਪੂੰਝ ਰਹੇ ਸਾਂ।

ਪਿੰਡ ਦੇ ਚਾਰੇ ਪਾਸੇ ਸੜਕ ਤੇ ਘੁੰਮੇ, ਸਾਨੂੰ ਇਕ ਪਿੰਡ ਦਾ ਨਿਵਾਸੀ ਮਿਲਿਆ ਜਿਸ ਤੋਂ ਅਸੀਂ ਪਿੰਡ ਦੇ ਸਰਪੰਚ ਦਾ ਘਰ ਪੁਛਿਆ। ਪਿੰਡ ਦੀ ਸਰਪੰਚ ਇਕ ਦਲਿਤ ਸਮਾਜ ਦੀ ਬੀਬੀ ਸੀ, ਉਸਦਾ ਪਤੀ ਜਿਸਦਾ ਨਾਮ ਕਾਮਰੇਡ ਸੁਰਜੀਤ ਹੈ, ਸਾਨੂੰ ਮਿਲਿਆ। ਜਦੋਂ ਅਸੀਂ ਸੰਤ ਸੰਤੋਖ ਸਿੰਘ ਦੇ ਪਰਿਵਾਰ ਬਾਰੇ ਉਹਨਾਂ ਨਾਲ ਗਲ ਕੀਤੀ ਤਾਂ ਉਸਨੇ ਜਵਾਬ ਦਿੱਤਾ, 'ਸਾਡੇ ਪਿੰਡ ਵਿਚ ਕੋਈ ਸੰਤੋਖ ਸਿੰਘ ਨਾਮਧਾਰੀ ਨਹੀਂ ਹੋਇਆ ਜੋ ਸ੍ਰੀ ਭੈਣੀ ਸਾਹਿਬ ਰਹਿੰਦਾ ਰਿਹਾ ਹੋਵੇ।" ਮੈਂ ਫਿਰ ਕਿਹਾ, ਸ੍ਰੀਮਾਨ ਜੀ, ਉਹ ਬਾਹੋਵਾਲ ਪਿੰਡ ਦੇ ਵਸਨੀਕ, ਸਨ ਜਿਸਦਾ ਨਾਮਧਾਰੀ ਪੰਥ ਦੇ ਸਾਹਿਤ ਵਿਚ ਜ਼ਿਕਰ ਆਉਂਦਾ ਹੈ। ਉਸਨੇ ਫਿਰ ਪਹਿਲਾਂ ਵਾਂਗ ਰੁੱਖਾ ਜਿਹਾ ਜਵਾਬ ਦਿੱਤਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੋਰ ਕਿਤੇ ਵੀ ਬਾਹੋਵਾਲ ਪਿੰਡ ਹੋ ਸਕਦਾ ਹੈ, ਸਾਡੇ ਏਥੇ ਪਿੰਡ ਵਿਚ ਕੋਈ ਸੰਤੋਖ ਸਿੰਘ ਨਾਮਧਾਰੀ ਨਹੀਂ ਹੋਇਆ।

ਅਸੀਂ ਉਸਦੇ ਘਰੋਂ ਨਿਰਾਸ਼ ਹੋ ਕੇ ਉਠ ਕੇ ਬਾਹਰ ਆ ਗਏ, ਮੇਰੇ ਸਾਥੀ ਕਹਿਣ, ਤੂੰ ਸਾਨੂੰ ਕਿਧਰ ਗਰਮੀ ਵਿਚ ਲਿਆ ਫਸਾਇਆ ਹੈ, ਚੰਗਾ ਬਾਹੋਵਾਲ ਦੇਖਣ ਆਏ ਹਾਂ। ਮੈਂ ਉਹਨਾਂ ਨੂੰ ਹੌਂਸਲਾ ਦੇਂਦਿਆ ਕਿਹਾ ਕੋਈ ਗੱਲ ਨਹੀਂ, ਖੋਜ ਇਸ ਤਰ੍ਹਾਂ ਹੀ ਕੀਤੀ ਜਾਂਦੀ ਹੈ। ਕਿਸੇ ਹੋਰ ਨੂੰ ਪੁੱਛ ਵੇਖਦੇ ਹਾਂ। ਥੋੜਾ ਅਗਾਂਹ ਹੋਏ ਤਾਂ ਸੜਕ ਦੇ ਕੰਢੇ ਇਕ ਪਿੰਡ ਨਿਵਾਸੀ ਦਰਖਤ ਹੇਠ ਬੈਠਾ ਪੱਖੀ ਝੱਲ ਰਿਹਾ ਸੀ। ਉਸ ਕੋਲ ਜਾ ਕੇ ਅਸੀਂ ਫਿਰ ਓਹੀ ਉਪਰੋਕਤ ਸਵਾਲ ਉਸਨੂੰ ਕੀਤਾ, ਉਹ ਵੀ ਕਹਿਣ ਲੱਗਾ ਕਿ ਏਥੇ ਕੋਈ ਸੰਤੋਖ ਸਿੰਘ ਨਹੀਂ ਹੋਇਆ ਜੋ ਸ੍ਰੀ ਭੈਣੀ ਸਾਹਿਬ ਚਲਾ ਗਿਆ ਹੋਵੇ। ਫਿਰ ਮੈਂ ਉਸਨੂੰ ਕਿਹਾ ਕਿ ਏਥੇ ਕੋਈ ਪੁਰਾਣਾ ਸੰਤਾਂ ਦਾ ਡੇਰਾ ਜਾਂ ਧਰਮਸ਼ਾਲਾ ਹੋਵੇ। ਉਸਨੇ ਕਿਹਾ ਜੀ ਇਕ ਉਦਾਸੀਨ ਸੰਤਾਂ ਦਾ ਡੇਰਾ ਜੀ.ਟੀ. ਰੋਡ ਤੋਂ ਪਾਰ ਹੈ, ਦੂਜਾ ਨਿਰਮਲੇ ਸੰਤਾਂ ਦਾ ਡੇਰਾ ਪਿੰਡ ਵਿਚ ਹੀ ਹੈ, ਉਹ ਇਸ ਬਾਰੇ ਤੁਹਾਨੂੰ ਦਸ ਸਕਦੇ ਹਨ।

ਅਸੀਂ ਫਿਰ ਨਿਰਮਲੇ ਸੰਤਾਂ ਦੇ ਡੇਰੇ ਵਲ ਗੱਡੀ ਦਾ ਮੂੰਹ ਕਰ ਦਿੱਤਾ ਅਤੇ ਡਰਾਈਵਰ ਕਾਰ ਨੂੰ ਸੰਤਾਂ ਦੇ ਡੇਰੇ ਵਿਚ ਹੀ ਲੈ ਗਿਆ। ਡੇਰੇ ਦੇ ਮਹੰਤ ਅਜੀਤ ਸਿੰਘ ਜੀ ਸਨ ਜੋ ਸਾਨੂੰ ਪਿਆਰ ਨਾਲ ਮਿਲੇ। ਅਸੀਂ ਉਸ ਕੋਲ ਆਪਣੇ ਆਉਣ ਦਾ ਪ੍ਰਯੋਜਨ ਦੱਸਿਆ। ਉਹਨਾਂ ਵੀ ਕਿਹਾ ਕਿ ਏਥੇ ਕੋਈ ਵੀ ਸੰਤ ਸੰਤੋਖ ਸਿੰਘ ਨਾਮਧਾਰੀ ਨਹੀਂ ਹੋਇਆ। ਉਂਝ ਇਹ ਪਿੰਡ ਦੇਸ਼ ਭਗਤਾਂ ਦਾ ਪਿੰਡ ਹੈ, ਜਰਨੈਲ ਮੂਲਾ ਸਿੰਘ ਬਾਹੋਵਾਲ ਦੇਸ਼ ਭਗਤ ਇਸ ਪਿੰਡ ਦੇ ਹੀ ਹੋਏ ਹਨ। ਉਜਲ ਸਿੰਘ ਦੁਸਾਂਝ ਉਹਨਾਂ ਦਾ ਦੋਹਤਰਾ ਹੈ ਜੋ ਬ੍ਰਿਟਿਸ਼ ਕੋਲੰਬੀਆ ਦਾ ਪ੍ਰਧਾਨ ਮੰਤਰੀ ਰਹਿ ਚੁੱਕਾ ਹੈ। ਉਸਨੇ ਪਿੰਡ ਦੀ ਤਰੱਕੀ ਲਈ ਬਹੁਤ ਕੁਝ ਕੀਤਾ ਹੈ। ਸਾਡੇ ਪਿੰਡ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ। ਇਹ ਗੁਰਦੁਆਰਾ ਉਸ ਸਥਾਨ ਤੇ ਹੀ ਹੈ, ਮਹਾਰਾਜਾ ਰਣਜੀਤ ਸਿੰਘ ਨੇ ਇਸ ਸਥਾਨ ਦੇ ਨਾਮ ਸੌ ਘੁਮਾਂ ਜ਼ਮੀਨ ਲਗਾਈ ਸੀ, ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਪੁਰਾਤਨ ਸਰੂਪ, ਗੁਰੂ ਸਾਹਿਬਾਨ ਦੇ ਸਮੇਂ ਦਾ ਮੌਜੂਦ ਸੀ ਜੋ ਅਸੀਂ ਭਾਈ ਵੀਰ ਸਿੰਘ ਸਦਨ, ਗੋਲ ਮਾਰਕੀਟ ਨਵੀਂ ਦਿੱਲੀ ਦੇ ਆਏ ਸਾਂ। ਸਾਡਾ ਉਸਦੀਆਂ ਉਪਰੋਕਤ ਗੱਲਾਂ ਵਲ ਧਿਆਨ ਘਟ ਹੀ ਸੀ, ਅਸੀਂ ਤਾਂ ਸੰਤੋਖ ਸਿੰਘ ਜੀ ਬਾਰੇ ਕੁਝ ਸੁਣਨ ਦੇ ਚਾਹਵਾਨ ਸਾਂ।

ਸੰਤਾਂ ਨੇ ਫਿਰ ਕਿਹਾ ਕਿ ਕੋਈ ਗੱਲ ਨਹੀਂ, ਅਸੀਂ ਗੁਰਦੁਆਰੇ ਵਿਚ ਪਿੰਡ ਦੇ ਬਜ਼ੁਰਗਾਂ ਅਤੇ ਅਗਾਂਹਵਧੂ ਖਿਆਲਾਂ ਦੇ ਨੌਜਵਾਨਾਂ ਦੀ ਮੀਟਿੰਗ ਕਰਕੇ ਸੰਤ ਸੰਤੋਖ ਸਿੰਘ ਜੀ ਬਾਰੇ ਪਤਾ ਕਰਾਂਗੇ। ਉਥੋਂ ਵਾਪਸ ਆਉਂਦੇ ਸਮੇਂ ਅਸੀਂ ਆਪਣੇ ਫੋਨ ਨੰਬਰ ਸੰਤ ਅਜੀਤ ਸਿੰਘ ਹੋਰਾਂ ਨੂੰ ਦੇ ਆਏ ਸਾਂ। ਪਿੰਡ ਆ ਕੇ ਅਸੀਂ ਸਤਿਗੁਰੂ ਬਿਲਾਸ (ਪਹਿਲਾ ਹਿੱਸਾ) ਦੀ ਭੂਮਿਕਾ ਜੋ ਜਸਵਿੰਦਰ ਸਿੰਘ ਜੀ ਨੇ ਲਿਖੀ ਹੈ ਉਸਦੀਆਂ ਦੋ ਫੋਟੋ ਸਟੇਟ ਕਾਪੀਆਂ ਤਿਆਰ ਕਰ ਕੇ ਡਾਕ ਰਾਹੀਂ ਸਰਪੰਚ ਕਾਮਰੇਡ ਸੁਰਜੀਤ ਅਤੇ ਨਿਰਮਲੇ ਸੰਤ ਅਜੀਤ ਸਿੰਘ ਜੀ ਨੂੰ ਭੇਜ ਦਿੱਤੀਆਂ। ਕਾਫੀ ਸਮਾਂ ਉਹਨਾਂ ਦੇ ਜਵਾਬ ਦੀ ਉਡੀਕ ਕੀਤੀ ਪਰੰਤੂ ਕੋਈ ਜਵਾਬ ਨਾ ਆਇਆ। ਅਸੀਂ ਆਸਾਂ ਲਾਹ ਦਿੱਤੀਆਂ, ਇਸ ਪ੍ਰਕਾਰ ਸਾਰਾ ਸਾਲ ਲੰਘ ਗਿਆ। ਇਕ ਦਿਨ ਮਾਰਚ ੨੦੦੯ ਨੂੰ ਸੰਤ ਅਜੀਤ ਸਿੰਘ ਦਾ ਫੋਨ ਆਇਆ, ਅਸੀਂ ਸੰਤ ਸੰਤੋਖ ਸਿੰਘ ਦੇ ਪ੍ਰਵਾਰ ਨੂੰ ਲਭ ਲਿਆ ਹੈ, ਤੁਸੀਂ ਆਵੋ ਅਤੇ ਇਸ ਸਾਰੇ ਇਤਿਹਾਸ ਬਾਰੇ ਪੁਛ ਗਿਛ ਕਰ ਲਵੋ।



Namdhari Elibrary NamdhariElibrary@gmail.com

**ਇਤਿਹਾਸ ਦੀ ਪੈੜ ਵਿਚ ਪਿੰਡ ਬਾਹੋਵਾਲ—**

ਵਰਤਮਾਨ ਪਿੰਡ ਬਾਹੋਵਾਲ ਸ਼ਿਵਾਲਕ ਪਹਾੜੀਆਂ ਦੇ ਪੈਰਾਂ ਵਿਚ ਮੈਲ੍ਹੀ ਚੋਅ ਦੇ ਕੰਢੇ ਹੁਸ਼ਿਆਰਪੁਰ ਤੋਂ ੧੯ ਕਿਲੋਮੀਟਰ ਦਖਣ ਵਲ ਹੁਸ਼ਿਆਰਪੁਰ ਚੰਡੀਗੜ੍ਹ ਸ਼ਾਹ ਰਾਹ ਤੇ ਮਾਹਿਲਪੁਰ ਤੋਂ ਤਿੰਨ ਕਿਲੋਮੀਟਰ ਦੂਰ ਘੁਗ ਵਸਦਾ ਪਿੰਡ ਹੈ। ਪਹਿਲਾਂ ਇਸਦਾ ਨਾਮ ਬਾਗਾਂਵਾਲੀ ਸੀ, ਉਸਦੇ ਹਦ ਬਸਤ ਨੰਬਰ ੩੯ ਅਨੁਸਾਰ ਇਸ ਦੀ ਕੁਲ ਮਾਲਕੀ ੧੫੧੬ ਏਕੜ ਹੈ। ਪਿੰਡ ਬਾਹੋਵਾਲ, ਮਾਹਿਲਪੁਰ ਦੀ ਇਕ ਪੱਤੀ ਹੀ ਸੀ। ਮਾਹਿਲਪੁਰ ਸੱਤ ਪੱਤੀਆਂ ਵਿਚ ਵੰਡਿਆ ਹੋਇਆ ਸੀ ਜੋ ਇਸ ਪ੍ਰਕਾਰ ਸਨ— (੧) ਪਤੀ ਚੱਕ ਵਾਲੀ (੨) ਪਤੀ ਦਾਸੋ ਵਾਲ (੩) ਪੱਤੀ ਚਰਨਪੁਰ (੪) ਪੱਤੀ ਲੱਧੇਵਾਲ (੫) ਪੱਤੀ ਫਾਗੋ (੬) ਪੱਤੀ ਹਵੇਲੀ (੭) ਪੱਤੀ ਹਸਟੀਆਂ। ਪੱਤੀ ਦਾਸੋਵਾਲ ਤੋਂ ਬਾਹੋਵਾਲ ਦਾ ਹੁਣ ਵਾਲਾ ਵਜੂਦ ਉਸਰਿਆ ਮੰਨਿਆ ਗਿਆ ਹੈ।

ਪਿੰਡ ਬਾਹੋਵਾਲ ਦੀ ਧਰਤੀ ਨੇ ਸਮੇਂ ਦੇ ਕਈ ਰਾਜਸੀ ਰੰਗ ਦੇਖੇ ਹਨ। ੧੮ਵੀਂ ਸਦੀ ਵਿਚ ਇਸ ਧਰਤੀ ਤੇ ਜਸਵਾਲ ਰਾਜਿਆਂ ਦਾ ਕਬਜਾ ਹੋ ਗਿਆ ਸੀ ਜਿਨ੍ਹਾਂ ਨੂੰ ਜੰਮੂ ਦੇ ਰਾਜੇ ਸੰਸਾਰ ਚੰਦ ਦੀ ਹਮਾਇਤ ਹਾਸਲ ਸੀ। ਰਾਜਾ ਸੰਸਾਰ ਚੰਦ ਕਟੋਚ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਸੀ। ਉਹਨਾਂ ਨੇ ਮਾਹਿਲਪੁਰ ਦੇ ਇਲਾਕੇ ਵਿਚ ਸੁਰੱਖਿਆ ਲਈ ਛੋਟੀਆਂ ਗੜ੍ਹੀਆਂ ਬਣਾਈਆਂ ਸਨ। ਜੋ ਬਾਅਦ ਵਿਚ ਕਿਲ੍ਹੇ ਕਹਾਏ ਸਨ। ਬਾਹੋਵਾਲ ਦੇ ਸੀਰਾਂ ਵਾਲੇ ਚੋਅ ਦੇ ਕੰਢੇ ਇਕ ਕਿਲ੍ਹਾ ਬਣਿਆ ਹੋਇਆ ਸੀ ਜੋ ਲਗਭਗ ੨੨ ਕਨਾਲ ਰਕਬੇ ਵਿਚ ਫੈਲਿਆ ਹੋਇਆ ਸੀ। ਇਸ ਪਿੰਡ ਦਾ ਨਾਮਕਰਣ ਉਥੋਂ ਦੇ ਵਡੇਰੇ 'ਬਾਹੋ' ਤੋਂ ਮੰਨਿਆ ਜਾਂਦਾ ਹੈ। ਜੋ ਬੈਸੇ ਗੋਤ ਦਾ ਜੱਟ ਸੀ, ਉਸਦਾ ਮੁਢ ਇਤਿਹਾਸ ਅਨੁਸਾਰ ਮਹਾਂਭਾਰਤ ਦੇ ਦਾਨਵੀਰ ਕਰਣ ਨਾਲ ਜਾ ਜੁੜਦਾ ਹੈ।

੧੮੫੭ ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਦੀ ਸਾਜਣਾ ਕਰਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਦਾ ਮੁੜ ਪ੍ਰਚਾਰ ਕੀਤਾ ਸੀ। ਧਰਮ ਪ੍ਰਚਾਰ ਅਤੇ ਅੰਗਰੇਜ ਹਕੂਮ ਵਿਰੁਧ ਲੋਕਾਈ ਨੂੰ ਲਾਮਬੰਦ ਕਰਨ ਲਈ ਉਹਨਾਂ ਨੇ ੨੨ ਸੂਬਿਆਂ ਦੀ ਰਚਨਾ ਕੀਤੀ ਜਿਹਨਾਂ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਧਰਮ ਪ੍ਰਚਾਰ ਕਰਨਾ ਸ਼ੁਰੂ ਕੀਤਾ। ਜਿਲ੍ਹਾ ਹੁਸ਼ਿਆਰਪੁਰ ਵਿਚ ਸਮੇਂ ਸਮੇਂ ਸੂਬਾ ਲੱਖਾ ਸਿੰਘ, ਸੂਬਾ ਕਾਹਨ ਸਿੰਘ ਤੇ ਮਾਈ ਹੁਕਮੀ ਨੇ ਨਾਮਧਾਰੀ ਮੱਤ ਦਾ ਪ੍ਰਚਾਰ ਕੀਤਾ ਸੀ ਅਤੇ ਪ੍ਰਾਣੀਆਂ ਨੂੰ ਗੁਰਮੁਖ ਬਣਾਇਆ। ਉਪਰੋਕਤ ਮਹਾਂਪੁਰਸ਼ਾਂ ਤੋਂ ਬਿਨਾਂ ਸੰਤ ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ ਵਾਲਿਆਂ ਦਾ ਵੀ ਜਿਲ੍ਹਾ ਹੁਸ਼ਿਆਰਪੁਰ ਵਿਚ ਬਹੁਤ ਪ੍ਰਭਾਵ ਸੀ, ਜਿਹਨਾਂ ਗੜ੍ਹਦੀਵਾਲਾ ਦੇ ਜਾਗੀਰਦਾਰ ਸ਼ਿਵ ਸਿੰਘ ਜਿਹੇ ਵਿਲਾਸੀ ਅਤੇ ਨਾਚ ਮੁਜਰੇ ਦੇ ਸ਼ੁਕੀਨ ਨੂੰ ਧਰਮੀ ਪੁਰਸ਼ ਬਣਾ ਦਿੱਤਾ ਸੀ ਜਿਹਨਾਂ ਬਾਰੇ ਵੇਰਵੇ ਸਹਿਤ ਜ਼ਿਕਰ ਮੈਂ ਕਿਸੇ ਹੋਰ ਲੇਖ ਵਿਚ ਕਰਾਂਗਾ। ਸੰਤ ਬਾਬਾ ਹਰਨਾਮ ਸਿੰਘ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ ਸਿਖ ਸਨ।

ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਇਹ ਸਾਰਾ ਇਲਾਕਾ ਨਾਮਧਾਰੀ ਮੱਤ ਤੋਂ ਪ੍ਰਭਾਵਿਤ ਹੋ ਚੁੱਕਾ ਸੀ। ਜਸਵਿੰਦਰ ਸਿੰਘ ਹਿਸਟੋਰੀਅਨ ਦੀ ਪੁਸਤਕ "ਕੂਕਾਜ਼ ਆਫ ਨੋਟ ਇਨ ਦੀ ਪੰਜਾਬ" ਦੇ ਪੰਨਾ ੫ ਅਤੇ ੬ ਅਨੁਸਾਰ ਇਹ ਸਾਰਾ ਇਲਾਕਾ ਭਾਵ ਮਾਹਿਲਪੁਰ ਅਤੇ ਹੁਸ਼ਿਆਰਪੁਰ ਪੁਲਿਸ ਸਟੇਸ਼ਨਾਂ ਦੇ ਪਿੰਡ ਨਾਮਧਾਰੀਆਂ ਦੇ ਪਿੰਡ ਅਖਵਾਉਂਦੇ ਸਨ। ਉਸ ਅਨੁਸਾਰ ਹੁਸ਼ਿਆਰਪੁਰ ਦੇ ਪੋਲੀਸ ਥਾਣੇ ਦੇ ਇਹ ਪਿੰਡ ਸ਼ਮੀ ਖੇਲ, ਚਗਰਾਂ, ਡੁਗਲਾਨਾ, ਬਡਾਲਾ ਮਾਹੀ, ਹੁਸ਼ਿਆਰਪੁਰ, ਪੁਰ ਹੀਰਾਂ, ਖਾਨਪੁਰ, ਕਪਾਹਟ, ਦੇਗਾਣਾ ਅਤੇ ਖਬਾਸਪੁਰ ਨਾਮਧਾਰੀਆਂ ਦੇ ਪਿੰਡ ਸਨ। ਇਸੇ ਤਰ੍ਹਾਂ ਮਾਹਿਲਪੁਰ ਪੁਲਿਸ ਥਾਣੇ ਦੇ ਇਹ ਪਿੰਡ ਮਾਹਿਲਪੁਰ, ਸਿੰਘ ਪੁਰ, ਬੰਬੇਲੀ, ਨੰਗਲ ਕਲਾਂ, ਟੂਟੋ ਮਜਾਰਾ, ਗੰਗੋਵਾਲਾ, ਹਕੂਮਤਪੁਰ, ਬਹਿਲਪੁਰ, ਈਸਪੁਰ ਆਦਿਕ ਨਾਮਧਾਰੀਆਂ ਦੇ ਪਿੰਡ ਸਨ।

ਉਪਰੋਕਤ ਸਾਰੇ ਪਿੰਡ ਬਾਹੋਵਾਲ ਪਿੰਡ ਦੇ ਇਰਦ ਗਿਰਦ ਅਤੇ ਦੂਰ ਨੇੜੇ ਦੇ ਹੀ ਹਨ। ਮੈਲੀ ਚੋਅ ਜਿਸਦੇ ਕੰਢੇ ਤੇ ਬਾਹੋਵਾਲ ਪਿੰਡ ਵਸਿਆ ਹੈ, ਉਹ ਮੈਲੀ ਦਾ ਇਲਾਕਾ ਪੂਰਾ ਪਹਾੜੀ ਇਲਾਕਾ ਹੈ, ਖੁਸ਼ਕ ਪਹਾੜੀਆਂ ਹਨ। ਮੈਂ ਇਹ ਸਾਰਾ ਇਲਾਕਾ ਘੁੰਮ ਫਿਰ ਕੇ ਦੇਖਿਆ ਹੈ। ਉਨੀਵੀਂ ਸਦੀ ਦੇ ਅਖੀਰ ਵਿਚ ਉਠੀਆਂ ਲਹਿਰਾਂ ਵਿਚ ਸ਼ਾਮਲ ਸਿਖ ਦੇਸ਼ ਭਗਤਾਂ ਲਈ ਮੈਲੀ ਦੀਆਂ ਪਹਾੜੀਆਂ ਸ਼ਰਨਗਾਹ ਰਹੀਆਂ ਹਨ। ਸੂਬਾ ਕਾਹਨ ਸਿੰਘ ਜੀ ਨੇ ਵੀ ਮੈਲ੍ਹੀ ਦੀਆਂ ਪਹਾੜੀਆਂ ਵਿਚ ਕੁਝ ਸਮਾਂ ਬਿਤਾਇਆ ਮੰਨਿਆ ਜਾਂਦਾ ਹੈ। ਇਹ ਇਲਾਕਾ ਉਦਾਸੀਨ ਸੰਤਾਂ ਮਹਾਤਮਾਵਾਂ ਤੋਂ ਪ੍ਰਭਾਵਿਤ ਹੁੰਦਾ ਰਿਹਾ ਹੈ। ਹੁਸ਼ਿਆਤਪੁਰ ਤੋਂ ਬਾਹੋਵਾਲ ਅਤੇ ਬਾਹੋਵਾਲ ਤੋਂ ਮਾਹਿਲਪੁਰ ਅਤੇ ਫਿਰ ਮੈਲੀ ਤਕ ਅਨੇਕ ਬਾਬਾ ਸ੍ਰੀ ਚੰਦ ਜੀ ਦੇ ਵਰੋਸਾਏ ਉਦਾਸੀਨ ਸੰਤਾਂ ਦੇ ਆਸ਼ਰਮ ਹਨ, ਜਿਹਨਾਂ ਵਿਚ ਸਾਡੇ ਲੇਖ ਦੇ ਨਾਇਕ ਸੰਤ ਸੰਤੋਖ ਸਿੰਘ, ਨੇ ਨਾਮਧਾਰੀ ਸਿੰਘ ਸਜਣ ਤੋਂ ਪਹਿਲਾਂ ਉਦਾਸੀਨ ਸੁਥਰੇ ਨਾਂਗੇ ਸਾਧੂਆਂ ਦੀ ਸ਼ਰਨ ਜਾਣ ਦਾ ਜ਼ਿਕਰ ਜੋ ਸਤਿਗੁਰੂ ਬਿਲਾਸ ਵਿਚ ਕੀਤਾ ਹੈ, ਉਹ ਇਹ ਸਾਧੂ ਹੀ ਹਨ। ਉਹਨਾਂ ਸਾਧੂਆਂ ਵਾਂਗ ਪੰਜ ਕੁ ਸਾਲ ਪਹਿਲਾਂ ਮੈਲੀ ਵਿਖੇ ਸਥਾਪਤ ਦੋ ਉਦਾਸੀਨ ਸਾਧੂ ਨਿਰਬਾਣ ਗੰਗਾ ਦਾਸ ਅਤੇ ਨਿਰਬਾਣ ਕੁੰਭ ਦਾਸ ਦੀ ਵੀ ਬਹੁਤ ਚਰਚਾ ਹੁੰਦੀ ਹੈ। ਜੋ ਨਾਂਗੇ ਲੰਗੋਟ ਧਾਰੀ ਸਾਧੂ ਸਨ। ਉਹਨਾਂ ਦੀ ਸੰਪ੍ਰਦਾਇ ਦੇ ਸਾਧੂਆਂ



Namdhari Elibrary NamdhariElibrary@gmail.com

ਦੇ ਬਜ਼ੁਰਗਾਂ ਕੋਲ ਸੰਤ ਸੰਤੋਖ ਸਿੰਘ ਜੀ ਗਏ ਹੋਏ ਹਨ ਪ੍ਰੰਤੂ ਮਨ ਨੂੰ ਸ਼ਾਂਤੀ ਨਹੀਂ ਆਈ। ਫਿਰ ਉਹ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੀ ਚਰਨ ਸ਼ਰਣ ਵਿਚ ਪਹੁੰਚੇ ਜਿਨ੍ਹਾਂ ਬਾਰੇ ਉਹ ਪਹਿਲਾਂ ਹੀ ਜਾਣੂ ਸਨ ਕਿਉਂਕਿ ਇਲਾਕੇ ਵਿਚ ਨਾਮਧਾਰੀ ਪੰਥ ਦੇ ਮੱਤ ਦੀ ਪਹਿਲਾਂ ਹੀ ਡੂੰਘੀ ਛਾਪ ਲਗ ਚੁੱਕੀ ਸੀ। ਫਿਰ ਉਹਨਾਂ ਦੀ ਪ੍ਰੇਰਣਾ ਅਤੇ ਜਾਗ ਸਦਕਾ ਪਿੰਡ ਬਾਹੋਵਾਲ ਵਿਚੋਂ ਅਨੇਕ ਦੇਸ਼ ਭਗਤ ਪੈਦਾ ਹੋਏ ਜਿਹਨਾਂ ਨੇ ਸਮੇਂ ਸਮੇਂ ਸਿਰ ਉਠੀਆਂ ਦੇਸ਼ ਭਗਤੀ ਦੀਆਂ ਲਹਿਰਾਂ ਵਿਚ ਯੋਗਦਾਨ ਪਾਇਆ। ਉਹਨਾਂ ਦੇਸ਼ ਭਗਤਾਂ ਦੇ ਨਾਮ ਇਸ ਪ੍ਰਕਾਰ ਹਨ—

| | ਸ਼ਹੀਦ ਦਾ ਨਾਮ | ਲਹਿਰ | ਸਜ਼ਾ |
|---|---|---|---|
| ੧. | ਸ਼ਹੀਦ ਵੀਰ ਸਿੰਘ | ਗਦਰ ਪਾਰਟੀ | ਫਾਂਸੀ |
| ੨. | ਦੇਸ਼ ਭਗਤ ਨਰੈਣ ਸਿੰਘ (ਦਲੀਪ ਸਿੰਘ) | ਗਦਰ ਪਾਰਟੀ | ਮਦਦ/ਦੇਸ਼ ਵਾਪਸੀ |
| ੩. | ਦੇਸ਼ ਭਗਤ ਨਰਿੰਦਰ ਸਿੰਘ (ਜੀਤਾ ਸਿੰਘ) | ਗਦਰ ਪਾਰਟੀ | ਮਦਦ/ਦੇਸ਼ ਵਾਪਸੀ |
| ੪. | ਦੇਸ਼ ਭਗਤ ਸਰਵਣ ਸਿੰਘ | ਗਦਰ ਪਾਰਟੀ | ਮਦਦ |
| ੫. | ਦੇਸ਼ ਭਗਤ ਹਰਨਾਮ ਸਿੰਘ | ਕਾਮਾਗਾਟਾਮਾਰੂ | ਦੇਸ਼ ਵਾਪਸੀ |
| ੬. | ਦੇਸ਼ ਭਗਤ ਸੰਤਾ ਸਿੰਘ | ਆਜ਼ਾਦ ਹਿੰਦ ਫ਼ੌਜ | ਕੈਦ |
| ੭. | ਦੇਸ਼ ਭਗਤ ਦੀਵਾਨ ਸਿੰਘ | ਬਬਰ ਅਕਾਲੀ ਲਹਿਰ | ਕੈਦ |
| ੮. | ਦੇਸ਼ ਭਗਤ ਚੰਨਣ ਸਿੰਘ | ਜੈਤੋ ਦਾ ਮੋਰਚਾ | ਕੈਦ |
| ੯. | ਦੇਸ਼ ਭਗਤ ਬੰਤਾ ਸਿੰਘ | ਗੁਰੂ ਕਾ ਬਾਗ ਦਾ ਮੋਰਚਾ | ਕੈਦ |
| ੧੦. | ਦੇਸ਼ ਭਗਤ ਕਰਤਾਰ ਸਿੰਘ ਕਿਲ੍ਹੇ ਵਾਲਾ | ਗੁਰਦੁਆਰਾ ਸੁਧਾਰ ਲਹਿਰ | ਕੈਦ |
| ੧੧. | ਦੇਸ਼ ਭਗਤ ਪੂਰਨ ਸਿੰਘ | ਗੁਰੂ ਕੇ ਬਾਗ ਦਾ ਮੋਰਚਾ ਜੈਤੋ ਦਾ ਮੋਰਚਾ | ਤਸ਼ਦਦ (ਹਵਾਲਾਤ ਤੇ ਕੈਦ) |

ਇਹਨਾਂ ਤੋਂ ਬਿਨਾਂ ਸ੍ਰ. ਕਿਸ਼ਨ ਸਿੰਘ, ਕਰਤਾਰ ਸਿੰਘ, ਚੈਂਚਲ ਸਿੰਘ, ਮਈਆ ਸਿੰਘ ਕਾਮਰੇਡ ਕਰਮ ਸਿੰਘ, ਕਾਮਰੇਡ ਚੌਧਰੀ ਰੁਲੀਆ ਰਾਮ, ਡਾ. ਵਿਦਿਆ ਸਾਗਰ, ਚੌਧਰੀ ਸ਼ਰਨਦਾਸ, ਗੁਰਬਖਸ਼ ਸਿੰਘ ਆਦਿਕ ਸਾਰੇ ਪਿੰਡ ਬਾਹੋਵਾਲ, ਬਲਾਕ ਮਾਹਿਲਪੁਰ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਲ ਸੰਬੰਧਤ ਹਨ। ਉਪਰੋਕਤ ਸਾਰੇ ਦੇਸ਼ ਭਗਤਾਂ ਤੋਂ ਬਿਨਾਂ ਜਰਨੈਲ ਮੂਲਾ ਸਿੰਘ ਬਾਹੋਵਾਲ ਦੇ ਅਦੁੱਤੀ ਯੋਗਦਾਨ ਨੂੰ ਵੀ ਕਦੇ ਨਹੀਂ ਭੁਲਾਇਆ ਜਾ ਸਕਦਾ ਜਿਸਨੇ ਹਰ ਉਠਦੀ ਲਹਿਰ ਨੂੰ ਸਲਾਮ ਕੀਤੀ, ਅਤੇ ਭਰਪੂਰ ਯੋਗਦਾਨ ਦਿੱਤਾ। ਉਹ ਕਾਂਗਰਸੀ ਵੀ ਰਿਹਾ, ਅਕਾਲੀ ਵੀ ਰਿਹਾ ਅਤੇ ਦਾਤੀ ਹਥੌੜੇ ਵਾਲੇ ਲਾਲ ਝੰਡੇ ਨੂੰ ਵੀ ਸਲਾਮਾਂ ਕਰਦਾ ਰਿਹਾ।

(ਉਪਰੋਕਤ ਦੇਸ਼ ਭਗਤਾਂ ਦੀ ਸਾਰੀ ਸੂਚੀ ਪੁਸਤਕ ਜੀਵਨੀ ਜਰਨੈਲ ਮੂਲਾ ਸਿੰਘ ਬਾਹੋਵਾਲ ਵਿਚੋਂ ਧੰਨਵਾਦ ਸਹਿਤ ਲਈ ਗਈ ਹੈ।

ਉਪਰੋਕਤ ਦੇਸ਼ ਭਗਤਾਂ ਨੂੰ ਦੇਸ਼ ਭਗਤੀ ਦੀ ਜਾਗ ਲਗਾਉਣ ਵਾਲੇ ਸਾਡੇ ਲੇਖ ਦੇ ਨਾਇਕ ਸੰਤ ਸੰਤੋਖ ਸਿੰਘ ਬਾਹੋਵਾਲ (ਲਿਖਾਰੀ ਸਤਿਗੁਰੂ ਬਿਲਾਸ) ਹੀ ਹਨ ਜਿਹਨਾਂ ਦੀ ਘਾਲਣਾ ਨੂੰ ਅੱਜ ਬਾਹੋਵਾਲ ਪਿੰਡ ਦੇ ਵਸਨੀਕ ਭੁਲ ਹੀ ਚੁੱਕੇ ਹਨ।

**ਸੰਤ ਸੰਤੋਖ ਸਿੰਘ ਜੀ ਬਾਰੇ ਜਾਣਕਾਰੀ—**

ਜਸਵਿੰਦਰ ਸਿੰਘ ਹਿਸਟੋਰੀਅਨ ਨੇ ਸਤਿਗੁਰੂ ਬਿਲਾਸ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਸੰਤ ਜੀ ਜਾਤ ਦੇ ਕਲਾਲ ਸਨ, ਇਹ ਤੱਥ ਠੀਕ ਹੈ। ਪ੍ਰਸਿੱਧ ਅੰਗਰੇਜ਼ ਲਿਖਾਰੀ ਐਚ.ਏ. ਰੋਜ਼ ਪੁਸਤਕ "ਗਲੌਸਰੀ ਆਫ ਦੀ ਟਰਾਈਬਜ਼ ਐਂਡ ਕਾਸਟਜ਼ ਆਫ ਦੀ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪੰਜਾਬ ਦੇ ਸਫਾ ੪੩੮-੪੩੯ ਅਨੁਸਾਰ ਕਲਾਲ ਮੁਸਲਮਾਨਾਂ ਵਿਚ ਵੀ ਹਨ ਜੋ ਖੇਤੀ ਦਾ ਕੰਮ ਕਰਦੇ ਹਨ ਅਤੇ ਮਿੰਟਗੁਮਰੀ ਅਤੇ ਮੁਲਤਾਨ ਵਿਚ ਪਾਏ ਜਾਂਦੇ ਹਨ। ਇਹਨਾਂ ਤੋਂ ਬਿਨਾਂ ਇਹ ਹਿੰਦੂਆਂ ਰਾਜਪੂਤਾਂ ਵਿਚ ਵੀ ਇਹ ਪਾਏ ਜਾਂਦੇ ਹਨ ਇਹਨਾਂ ਦੇ ੫੨ ਗੋਤ ਹਨ ਜਿਨ੍ਹਾਂ ਵਿਚੋਂ ਇਕ ਗੋਤ ਭਾਗੜ ਜਾਂ ਭੰਗੜ ਵੀ ਹੈ। ਜੋ ਸਾਡੇ ਲੇਖ ਦੇ ਨਾਇਕ ਸੰਤ ਸੰਤੋਖ ਸਿੰਘ ਜੀ ਦਾ ਗੋਤ ਸੀ।



Namdhari Elibrary NamdhariElibrary@gmail.com

ਸੰਤ ਸੰਤੋਖ ਸਿੰਘ ਦੀ ਬੰਸਾਵਲੀ

ਹਮੀਰਾ

| ਸੁਰਜਨ ਸਿੰਘ | ਅਮਰ ਸਿੰਘ | ਬਸੰਤ ਸਿੰਘ |
|---|---|---|
| ਕਰਨੈਲ ਸਿੰਘ | ਬਲਵੰਤ ਸਿੰਘ | ਤਾਰਾ ਸਿੰਘ |
| ਕੁਲਦੀਪ ਸਿੰਘ | (ਨਿਰਸੰਤਾਨ ਰਿਹਾ, ਉੜੀਸਾ ਵਲ ਚਲਾ ਗਿਆ ਸੀ) | ਦਲਜੀਤ ਸਿੰਘ |

ਦੂਜੀ ਵਾਰ ਮੈਂ, ਜਥੇਦਾਰ ਪ੍ਰਭਜੀਤ ਸਿੰਘ ਰਾਣੀ ਪਿੰਡ ਨੌਜਵਾਨ ਜਥੇਦਾਰ ਪਾਲਾ ਸਿੰਘ, ਪੁੱਤਰ ਜਥੇਦਾਰ ਪ੍ਰਭਜੀਤ ਸਿੰਘ ਰਾਣੀ ਪਿੰਡ ਅਤੇ ਸੂਬਾ ਗੁਲਜਾਰ ਸਿੰਘ ਮਹਿਮੂਦਪੁਰ ਅਸੀਂ ੨੮-੩-੨੦੦੯ ਨੂੰ ਪਿੰਡ ਬਾਹੋਵਾਲ ਗਏ ਅਤੇ ਉਥੇ ਨਿਰਮਲੇ ਸੰਤ, ਸੰਤ ਅਜੀਤ ਸਿੰਘ ਜੀ ਡੇਰਾ ਗੁਰਦੁਆਰਾ ਸੰਤ ਸਰ ਵਾਲਿਆਂ ਨੂੰ ਮਿਲੇ। ਉਹ ਸਾਨੂੰ ਸੰਤੋਖ ਸਿੰਘ ਦੇ ਪੋਤਰੇ ਕੁਲਦੀਪ ਸਿੰਘ ਕੋਲ ਲੈ ਗਏ। ਸੰਤ ਅਜੀਤ ਸਿੰਘ ਜੀ ਨੇ ਉਹਨਾਂ ਨੂੰ ਸਾਡੇ ਆਉਣ ਦੀ ਸੂਚਨਾ ਪਹਿਲਾਂ ਹੀ ਦੇ ਦਿੱਤੀ ਹੋਈ ਸੀ। ਇਸ ਕਰਕੇ ਸਾਰਾ ਪਰਿਵਾਰ ਖੁਲ੍ਹੇ ਦਾਲਾਨ ਵਿਚ ਸਾਡੀ ਉਡੀਕ ਕਰ ਰਿਹਾ ਸੀ।

ਕੁਲਦੀਪ ਸਿੰਘ ਜੋ ਲਗਭਗ ੬੦-੬੫ ਸਾਲ ਦੇ ਬਜ਼ੁਰਗ ਹਨ, ਉਹਨਾਂ ਨੇ ਅੱਖ ਦਾ ਉਪਰੇਸ਼ਨ ਕਰਵਾਇਆ ਹੋਇਆ ਸੀ, ਕਾਲੀ ਐਨਕ ਲੱਗੀ ਹੋਈ ਸੀ, ਸਾਡੇ ਕੋਲ ਆ ਕੇ ਬੈਠ ਗਏ। ਉਹਨਾਂ ਨੇ ਦੱਸਿਆ ਕਿ ਸੰਤ ਸੰਤੋਖ ਸਿੰਘ ਦਾ ਬਚਪਨ ਦਾ ਨਾਮ ਸੁਰਜਨ ਸਿੰਘ ਸੀ, ਉਹਨਾਂ ਦੇ ਪਿਤਾ ਦਾ ਨਾਮ ਹਮੀਰਾ ਸੀ। ਸੁਰਜਨ ਸਿੰਘ ਜੀ ਬਚਪਨ ਤੋਂ ਹੀ ਜਗਿਆਸੂ ਸੁਭਾਅ ਦੇ ਸਨ ਅਤੇ ਧਾਰਮਿਕ ਬਿਰਤੀ ਦੇ ਮਾਲਕ ਸਨ। ਪ੍ਰਵਾਰ ਸ਼ੁਰੂ ਤੋਂ ਹੀ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਦੇ ਧਾਰਨੀ ਸਨ ਅਤੇ ਪ੍ਰਵਾਰ ਨਿਹੰਗ ਬਾਣੇ ਵਿਚ ਰਹਿੰਦਾ ਸੀ। ਅੱਜ ਵੀ ਉਸ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਬੜੀ ਰੀਝ ਤੇ ਸਤਿਕਾਰ ਨਾਲ ਪ੍ਰਕਾਸ਼ ਹੁੰਦਾ ਹੈ ਅਤੇ ਅੰਮ੍ਰਿਤ ਵੇਲੇ ਹੁਕਮਨਾਮਾ ਲੈ ਕੇ ਘਰ ਦਾ ਕਾਰ ਵਿਹਾਰ ਸ਼ੁਰੂ ਕੀਤਾ ਜਾਂਦਾ ਹੈ।

ਸੁਰਜਨ ਸਿੰਘ (ਸੰਤੋਖ ਸਿੰਘ) ਦੇ ਹੋਰ ਭਰਾ ਅਮਰ ਸਿੰਘ ਅਤੇ ਬਸੰਤ ਸਿੰਘ ਸਨ। ਪਿਤਾ ਹਮੀਰੇ ਨੇ ਸੁਰਜਨ ਸਿੰਘ ਦਾ ਸੁਭ ਅਵਸਥਾ ਸਮੇਂ ਅਨੰਦ ਕਰ ਦਿੱਤਾ ਤਾਂ ਉਹਨਾਂ ਦੇ ਤਿੰਨ ਪੁਤਰ ਕਰਨੈਲ ਸਿੰਘ, ਬਲਵੰਤ ਸਿੰਘ ਅਤੇ ਤਾਰਾ ਸਿੰਘ ਹੋਏ। ਉਹਨਾਂ ਵਿਚੋਂ ਬਲਵੰਤ ਸਿੰਘ ਨਿਰਸੰਤਾਨ ਹੀ ਰਿਹਾ, ਕਿਧਰੇ ਉੜੀਸਾ ਵਲ ਚਲਾ ਗਿਆ ਸੀ, ਮੁੜ ਕੇ ਨਾ ਆਇਆ। ਤਾਰਾ ਸਿੰਘ ਦਾ ਪੁੱਤਰ ਦਲਜੀਤ ਸਿੰਘ ਹੋਇਆ। ਕਰਨੈਲ ਸਿੰਘ ਦਾ ਪੁੱਤਰ ਕੁਲਦੀਪ ਸਿੰਘ ਹੋਇਆ ਜੋ ਸੰਤਾਂ ਬਾਰੇ ਸਾਨੂੰ ਜਾਣਕਾਰੀ ਦੇ ਰਿਹਾ ਸੀ। ਉਹ ਵੀ ਅਗੋਂ ਪੁੱਤਰਾਂ-ਪੋਤਰਿਆਂ ਵਾਲਾ ਹੋ ਗਿਆ ਹੈ।

ਸੁਰਜਨ ਸਿੰਘ ਦਾ ਨਾਮ ਸੰਤੋਖ ਸਿੰਘ ਕਦੋਂ ਹੋਇਆ, ਇਸ ਬਾਰੇ ਕਲਦੀਪ ਸਿੰਘ ਸਾਨੂੰ ਕੁਝ ਨਾ ਦਸ ਸਕਿਆ, ਪਰੰਤੂ ਜਾਪਦਾ ਹੈ ਕਿ ਸੁਰਜਨ ਸਿੰਘ ਦਾ ਨਾਮ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਤੋਂ ਬਾਅਦ ਨਿਹੰਗ ਸਿੰਘ ਸਜੇ ਤਾਂ ਉਸਦਾ ਨਾਮ ਸੁਰਜਨ ਸਿੰਘ ਤੋਂ ਪਹਿਲਾਂ ਉਹ ਕਰਮਵਾਰ ਨਿਰਮਲੇ ਸੰਤਾਂ ਦੇ ਸੇਵਕ ਬਣੇ ਜੋ ਉਹਨਾਂ ਦੇ ਪਿੰਡ ਸੰਤ ਅਜੀਤ ਸਿੰਘ ਨਿਰਮਲੇ ਦੇ ਬਜ਼ੁਰਗ ਸਨ ਅਤੇ ਫਿਰ ਉਹ ਉਦਾਸੀਨ ਸਾਧੂਆਂ ਦੇ ਸੇਵਕ ਵੀ ਹੋਏ, ਉਹ ਸਾਧੂ ਮੈਲੀ ਦੀ ਪਹਾੜੀਆਂ ਦੇ ਨੇੜੇ ਆਸ਼ਰਮਾਂ ਵਿਚ ਵਾਸ ਕਰਦੇ ਸਨ। ਪ੍ਰੰਤੂ ਉਹਨਾਂ ਦੀਆਂ ਸਿੱਖਿਆਵਾਂ ਨੇ ਸੁਰਜਨ ਸਿੰਘ ਨੂੰ ਮਾਨਸਿਕ ਸੰਤੁਸ਼ਟੀ ਨਹੀਂ ਬਖਸ਼ੀ, ਇਸਦਾ ਜ਼ਿਕਰ ਜਵਿੰਦਰ ਸਿੰਘ ਹਿਸਟੋਰੀਅਨ ਵਲੋਂ ਲਿਖੀ ਭੂਮਿਕਾ-ਪਹਿਲਾ ਹਿੱਸਾ ਦੇ ਸਫਾ ੯ ਤੇ ਹੋਇਆ ਹੈ।

ਜਦੋਂ ਉਹ ਉਦਾਸੀ ਸਾਧੂ ਵੀ ਬਣੇ ਅਤੇ ਫਿਰ ਨਿਰਮਲੇ ਸੰਤ ਵੀ ਬਣੇ ਤਾਂ ਵੀ ਮਨ ਅਸਥਿਰ ਰਿਹਾ ਤਾਂ ਉਹ ਨਿਹੰਗ ਸਿੰਘ ਸਜ ਗਏ ਪ੍ਰੰਤੂ ਗਲ ਤਾਂ ਵੀ ਨਹੀਂ ਬਣੀ। ਉਸ ਸਮੇਂ ਤਕ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਬਾਰੇ ਵੀ ਜਾਣ ਚੁੱਕੇ ਸਨ, ਇਸ ਲਈ ਉਹ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੀ ਚਰਨ ਸ਼ਰਣ ਵਿਚ ਆ ਗਏ ਤਾਂ ਕਿ ਮਨ ਦੀ ਭਟਕਣਾ ਖਤਮ ਹੋ ਜਾਵੇ। ਜਦੋਂ ਉਹ ਸ੍ਰੀ ਭੈਣੀ ਸਾਹਿਬ ਆਏ, ਉਹ ਨਿਹੰਗ ਬਾਣੇ ਵਿਚ ਸਨ, ਸਤਿਗੁਰੂ ਹਰੀ ਸਿੰਘ ਦੀ ਸ਼ਰਣ ਆਣ ਕੇ ਸਤਿ ਸਿੱਧਾ ਦਸਤਾਰਾ ਸਜਾ ਕੇ ਨਾਮਧਾਰੀ ਸੰਤ ਸਜ ਗਏ। ਨਾਮ ਦੀ ਦਾਤ ਲੈ ਕੇ ਅਠੇ ਪਹਿਰ ਨਾਮ ਦਾ ਸਿਮਰਨ ਕਰਨ ਲੱਗੇ ਅਤੇ ਨਿਤ ਦੇ ਕਾਰ ਵਿਹਾਰ ਤੋਂ ਬਿਨਾਂ-ਨਾਮਧਾਰੀ ਇਤਿਹਾਸ ਦੀ ਲਿਖਾਈ ਦਾ ਜੋ ਉਹਨਾਂ ਮਹਾਨ ਕਾਰਜ ਕੀਤਾ, ਉਸਨੇ ਉਹਨਾਂ ਦਾ ਨਾਮ ਅਮਰ ਕਰ ਦਿੱਤਾ ਹੈ। ਹੋਰ ਉਹਨਾਂ ਬਾਰੇ ਵੇਰਵੇ ਸਤਿਗੁਰੂ ਬਿਲਾਸ ਗ੍ਰੰਥ ਦੀ ਭੂਮਿਕਾ ਵਿਚ ਆ ਚੁੱਕੇ ਹਨ, ਇਸ ਲਈ ਮੈਂ ਉਹਨਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ, ਪਾਠਿਕ ਭੂਮਿਕਾ ਵਾਲੇ ਲੇਖ ਨੂੰ ਪੜ੍ਹਨ ਦੀ ਕਿਰਪਾ ਕਰਨ ਜੋ ਜਸਵਿੰਦਰ ਸਿੰਘ ਹਿਸਟੋਰੀਅਨ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ।

*ਪਿੰਡ-ਜੋਆ ਨੱਥਾ, ਡਾਕਖਾਨਾ ਖੁੱਡਾ*
*ਜ਼ਿਲਾ ਹੁਸ਼ਿਆਰਪੁਰ(ਪੰਜਾਬ)*
*ਫੋਨ-੦੧੮੮੬-੨੬੭੩੮੦*
*ਮੋਬਾਇਲ-੯੪੧੭੭-੬੯੧੦੩*



Namdhari Elibrary NamdhariElibrary@gmail.com

# ਨਾਂਅ ਛੋਟਾ ਕੰਮ ਵੱਡੇ : ਸੀ. ਆਰ. ਮੁਦਗਿਲ

*—ਸਾਧੂ ਸਿੰਘ ਕਿਸਾਨ*

ਪੰਜਾਬ ਦੇ ਪੰਡਿਤ ਪਹਿਲੀਆਂ 'ਚ ਲੋਕਾਂ ਨੂੰ ਸੰਸਕ੍ਰਿਤ ਦੇ ਸ਼ਲੋਕ ਸੁਣਾ ਕੇ, ਫਿਰ ਓਹਨਾਂ ਦੇ ਲੋੜੀਂਦੇ ਅਰਥ ਕਰ ਕੇ ਜਜਮਾਨਾਂ ਤੋਂ ਆਪਣੀ ਰੋਜ਼ੀ ਰੋਟੀ ਦਾ ਜੁਗਾੜ ਕਰ ਲੈਂਦੇ ਸਨ। ਜਦੋਂ ਜਜਮਾਨ ਜ਼ਰਾ ਸਿਆਣੇ ਹੋ ਗਏ-ਪ੍ਰੋਹਤ ਓਦੂੰ ਅਗੇਰੇ ਛਾਲ ਮਾਰ ਗਏ। ਏਹਨਾਂ ਨਿੱਠ ਕੇ ਵਿਚਾਰਿਆ ਕਿ ਮਾਂ ਬੋਲੀ ਦੀ ਸੇਵਾ ਇਕ ਐਹੋ ਜਿਹਾ ਵਸੀਲਾ ਏ ਜਿਦ੍ਹੇ ਨਾਲ ਪੁੰਨ ਤੇ ਫਲੀਆਂ ਦੋਵੇਂ ਇਕੋ ਥਾਂ ਹੋ ਸਕਦੇ ਨੇ।

ਪੋਂਡੂ ਪਿਛੋਕੜ ਹੋਣ ਦੇ ਤਜਰਬੇ ਤੋਂ ਸਿਖਿਆ ਕਿ ਜਿਵੇਂ ਧਾਨ ਦੀ ਪਨੀਰੀ ਦੂਸਰੇ ਥਾਂ ਲਾਇਆਂ ਬੂਟਾ ਚੰਗਾ ਕਰਦੀ ਏ ਇਵੇਂ ਪੰਜਾਬ ਤੋਂ ਅੱਗੇ ਚੰਡੀਗੜ੍ਹ-ਹਰਿਆਣੇ 'ਚ ਪੰਜਾਬੀ ਦੀ ਸੇਵਾ ਬਹੁਤੀ ਫਲੀਭੂਤ ਹੋ ਸਕਦੀ ਏ। ਵੱਡੇ ਬੇਟੇ ਨੂੰ ਹਰਿਆਣੇ ਦੀ ਯੂਨੀਵਰਸਿਟੀ ਕੁਰੂਖੇਤਰ ਦਾ ਕੰਮ ਸੰਭਲਾਇਆ। ਛੋਟੇ ਨੂੰ ਪੰਜਾਬੋਂ ਬਾਹਰੋਂ ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਸਰਵਿਸ ਤੇ ਲਵਾ ਲਿਆ। ਆਪ ਕਈ ਵੱਖੋ ਵੱਖ ਮਹਿਕਮਿਆਂ 'ਚੋਂ ਹੋ ਕੇ, ਪੰਜਾਬ ਭਾਸ਼ਾ ਵਿਭਾਗ ਬਾਦ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੂੰ ਆ ਰੋੜ੍ਹੇ ਪਾਇਆ।

ਪਹਿਲੇ ਮਹਿਕਮਿਆਂ ਦਾ ਤਾਂ ਪਤਾ ਨਹੀਂ, ਪਰ ਏਥੇ ਆ ਕੇ ਜਿਵੇਂ ਖੰਭ ਲੱਗ ਪਏ ਹੋਣ। ਅੱਜ ਸਿਰਸਾ ਕਲ੍ਹ ਕਰਨਾਲ, ਪਰਸੋਂ ਹਾਂਸੀ, ਚੌਥੇ ਜਮਨਾਨਗਰ। ਹਰਿਆਣੇ ਦਾ ਕੋਈ ਜੀਂਦਾ ਜਾਗਦਾ ਸ਼ਹਿਰ ਨਹੀਂ ਜਿੱਥੇ ਇਕ ਦੋ ਸਾਹਿਤਕ ਸਮਾਗਮ ਨਾ ਕੀਤੇ ਹੋਣ। ਹਰਿਆਣੇ ਤੋਂ ਬਾਹਰ ਅਸਾਮ ਤਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਉਚੇ ਟਿੱਬੇ ਤੇ ਬਣੇ ਸਥਾਨ 'ਧੁਬਰੀ ਸਾਹਿਬ' ਕਵੀ ਦਰਬਾਰ ਜਾ ਕੀਤਾ।

ਅਸਾਮ ਦੇ ਸ਼ਹਿਰ ਗੁਹਾਟੀ ਵਿਚ ਇਕ ਅਦਭੁਤ ਨਾਟਕ 'ਜਨਕ ਨੰਦਨੀ' ਵੇਖਿਆ, ਜਿਦ੍ਹੇ ਵਿਚ ਜਨਕਨੰਦਨੀ ਦੀ ਸਾਫ਼ਗੋਈ ਸਾਹਮਣੇ ਸ੍ਰੀ ਰਾਮ ਜੀ ਅਵਾਕ ਖੜ੍ਹੇ ਰਹਿ ਗਏ। ਮੁੜਨ ਲੱਗਿਆਂ ਸਟੇਸ਼ਨ ਤੇ ਦਿਲ ਪੰਘਰਾ ਦੇਣ ਵਾਲਾ ਦ੍ਰਿਸ਼ ਸਾਹਮਣੇ ਆਇਆ। ਓਥੋਂ ਦੀ ਅੱਲੜ੍ਹ ਜਹੀ ਅਫ਼ਸਰ (ਜੋ ਏਥੇ ਕੁਰੂਖੇਤਰ ਵੀ ਆ ਚੁੱਕੀ ਸੀ) ਵਿਦੈਗੀ ਵੇਲੇ ਪੰਡਿਤ ਜੀ ਦੇ ਗਲੇ ਲੱਗ 'ਪਿਤਾ ਜੀ ਪਿਤਾ ਜੀ' ਕਹਿੰਦਿਆਂ ਭੁੱਬੀਂ ਰੋ ਪਈ। ਵੇਖਣ ਵਾਲਿਆਂ ਦੀਆਂ ਅੱਖਾਂ ਵੀ ਨਮ ਹੋ ਗਈਆਂ।

ਹਰ ਕਿਸੇ ਨਾਲ ਸਹਿ ਸੁਭਾ ਬਗਲਗੀਰ ਹੋਣਾ ਜਾਂ ਅਨੋਖੀ ਨਿਮਰਤਾ ਨਾਲ ਮਿਲਣਾ ਕਈਆਂ ਨੂੰ ਨਾਟਕੀ ਜਿਹਾ ਵੀ ਜਾਪਣ ਲੱਗ ਪੈਂਦੈ। ਪਰ ਨਹੀਂ-ਏਹ ਮਨ ਦੀ ਨਿਮਰਲਤਾ 'ਚੋਂ ਆਪ ਮੁਹਾਰਾ ਨਿਕਲ ਕੇ ਸੁਭਾ ਵਿਚ ਸ਼ਾਮਲ ਹੋ ਚੁੱਕਿਐ।

ਪੰਜਾਬੀ ਦੀ ਅਖਾਣ ਵਰਗੀ ਇਕ ਗੱਲ ਏ, 'ਨਾਮ ਬੜੇ ਅਰ ਦਰਸ਼ਨ ਛੋਟੇ'। ਏਥੇ ਏਹ ਗੱਲ ਅਸਲੋਂ ਉਲਟ ਹੋ ਗਈ ਏ। ਇਕ ਵਿਦਵਾਨ ਪੰਡਿਤ ਜੀ ਬੌਣੇ ਬਣ ਕੇ ਰਾਜੇ ਸਾਹਮਣੇ ਖੜ੍ਹੋ ਕੇ-ਮੂੰਹ ਜ਼ਬਾਨੀ ਵੇਦ ਪਾਠ ਕਰੀ ਜਾਣ। ਰਾਜਾ ਬੜਾ ਖੁਸ਼ ਹੋਇਆ ਪਈ ਨਿੱਕਾ ਜਿਹਾ ਪੰਡਿਤ ਕਮਾਲ ਕਰੀ ਜਾਂਦੈ। ਰਾਜੇ ਪ੍ਰਨਾਮ ਕਰ ਪੁੱਛਿਆ, 'ਕੋਈ ਸੇਵਾ ?' ਕਹਿੰਦੇ-ਪਾਣੀ ਦੀ ਚੂਲੀ ਭਰ ਕੇ ਬਚਨ ਦਿਓ। ਰਾਜੇ ਦੇ ਪ੍ਰੋਹਤ ਨੇ ਰੋਕਿਆ। ਪਰ ਓਦੋਂ ਅਜੇ ਰਾਜਿਆਂ ਨੂੰ ਬਿਆਨ ਬਦਲਣ ਦੀ ਜਾਚ ਨਹੀਂ ਸੀ। ਰਾਜ ਪ੍ਰੋਹਤ ਨੇ ਜੱਗ ਦੀ ਨਲੀ ਵਿਚ ਵੜ੍ਹ ਕੇ ਪਾਣੀ ਬੰਦ ਕਰ ਦਿੱਤਾ। ਛੁਟਕੂ ਪੰਡਿਤ ਨੇ ਤੀਲੇ ਨਾਲ 'ਸ਼ੁੱਕਰ' ਕਾਣਾ ਕਰਕੇ ਬਚਨ ਲੈ ਲਿਆ। ਫਿਰ ਕੌਣ ਸੀ-ਪੰਡਿਤ ਜੀ ਨੂੰ ਮਨ ਆਈਆਂ ਤੋਂ ਰੋਕਣ ਵਾਲਾ।

ਡਾਇਰੈਕਟਰ ਬਣਦਿਆਂ ਹੀ ਪਹਿਲੀ ਵਾਰ 'ਸ੍ਰੀ ਗੁਰੂ ਹਰੀ ਸਿੰਘ ਕਾਲਿਜ, ਜੀਵਨ ਨਗਰ ਪਹੁੰਚੇ। ਮੈਂ ਕੋਲ ਬੈਠੇ ਡਾ. ਜੀ. ਡੀ ਚੌਧਰੀ ਸਾਹਿਬ ਤੋਂ ਏਹਨਾਂ ਦੇ ਪੂਰੇ ਨਾਂ ਸੀ. ਆਰ C.R. ਦਾ ਅਰਥ ਪੁੱਛਿਆ। ਓਹਨਾਂ ਮੇਰੇ ਕੋਲ ਹੋ ਕੇ ਆਖਿਆ 'ਛੋਟੂ ਰਾਮ'। ਮੈਨੂੰ ਹਾਸਾ ਆ ਗਿਆ, ਚੌਧਰੀ ਸਾਹਿਬ ਨੂੰ ਵੀ ਕਈ ਮੇਰੇ ਵਰਗੇ ਅੰਗਰੇਜ਼ੀ ਤੋਂ ਅਨਜਾਣ ਜੀ. ਡੀ ਰਾਮ ਕਹਿ ਕੇ ਵਾਜ ਮਾਰ ਲੈਂਦੇ ਹਨ। ਮੈਂ ਵਾਰੀ ਆਇਆਂ ਸਟੇਜ ਤੋਂ ਆਖਿਆ-ਅੱਜ ਮੈਨੂੰ ਬਚਪਨ ਦਾ ਚੇਤਾ ਆ ਗਿਐ। ਰੋਹਤਕ ਦੇ ਇਕ ਜਾਟ ਨੇ ਲਾਹੌਰੋਂ ਅੰਗਰੇਜ਼ਾਂ ਤੋਂ ਕਾਨੂੰਨ ਪਾਸ ਕਰਾ ਲਿਆ ਕਿ ਜ਼ਿਮੀਦਾਰ ਦੀ ਜ਼ਮੀਨ ਬਾਣੀਏ ਦੇ ਨਾਂ ਰਜਿਸਟਰੀ ਨਹੀਂ ਹੋਇਆ ਕਰੇਗੀ। ਓਦੋਂ ਓਹਦਾ ਨਾਂ ਜਣੇ ਖਣੇ ਦੇ ਮੂੰਹ ਚੜ੍ਹ ਗਿਆ। ਜੱਟਾਂ ਆਖਣਾ, ਨਾਂ ਤੇ ਛੋਟੂ ਰਾਮ, ਪਰ ਕੰਮ ਕਿੱਡਾ ਵੱਡਾ ਕਰ ਲਿਆ ਸੂ।

ਓਹੋ ਗੱਲ ਹੁਣ ਏਥੇ ਢੁੱਕਦੀ ਏ। ਇਸ ਨਾਂ ਨੇ ਏਡਾ ਵੱਡਾ ਰੁਤਬਾ ਹਾਸਲ ਕਰ ਲਿਐ। ਜਾਪਦੈ ਜ਼ਰੂਰ ਹੀ ਵੱਡੇ ਕੰਮ ਹੋਣਗੇ।

ਜਦੋਂ ਜਨਾਬ ਦਾ ਨਾਨਕੇ ਘਰ ਪ੍ਰਕਾਸ਼ ਹੋਇਆ, ਹੱਡ ਪੈਰ ਬੜੇ ਖੁਲ੍ਹੇ ਵੇਖ ਕੇ, ਵਡੇਰੀਆਂ ਨੇ ਨਜ਼ਰ ਲੱਗਣ ਦੇ ਡਰੋਂ ਲਾਡ ਨਾਲ ਛੋਟੂ ਰਾਮ ਆਖਣਾ ਸ਼ੁਰੂ ਕਰ ਦਿੱਤਾ। ਜੋ ਦਾਦਕਿਆਂ ਨੇ ਨਾਂ ਵਜੋਂ ਪਰਵਾਨ ਕਰ ਲਿਆ।

ਕਾਲਿਜ ਪੜ੍ਹਦਿਆਂ ਹਾਣੀਆਂ ਦੋਸਤਾਂ ਨੇ ਸੋਚਿਆ-ਛੇ ਫੁੱਟੇ ਯਾਰ ਦਾ ਨਾਂ, ਛੋਟੂ ਰਾਮ ਫੱਬਦਾ ਨਹੀਂ। ਨਾਲੇ ਹੁਣ ਅੰਗਰੇਜ਼ੀ ਨਾਂ ਰੱਖਣ ਦਾ ਰਵਾਜ ਹੋ ਗਿਐ। ਸੋ ਓਹਨਾਂ ਓਦੂੰ ਵੀ ਸੰਖੇਪ ਸੀ. ਆਰ. ਨਾਂ ਜ਼ਬਾਨੀ ਤੇ ਕਾਗਜ਼ੀਂ ਚਾੜ੍ਹ ਦਿੱਤਾ।

ਇਸ ਕੁਰਸੀ ਦਾ ਚਾਰਜ ਲੈ ਕੇ ਮੁਦਗਿਲ ਜੀ ਏਹਦੇ ਤੇ ਬਹਿੰਦੇ ਤਾਂ ਕਦੇ ਕਦਾਈਂ ਹੀ ਨੇ-ਬਹੁਤਾ ਸਮਾਂ ਭੌਣ ਚੌਣ ਵਿਚ ਹੀ ਲੰਘ ਜਾਂਦਾ ਹੈ। ਸ਼ਾਇਦ ਇਹ ਕੁਰਸੀ ਭੌਣ ਵਾਲੀ ਹੋਵੇ। ਏਹਨਾਂ ਏਹਦੇ ਨਾਂ ਕਈ ਕਾਰਨਾਮੇ ਜੋੜ ਦਿੱਤੇ ਹਨ-ਜੋ ਹੋਰ ਔਣ ਵਾਲਿਆਂ ਲਈ ਸਿਰਦਰਦੀ ਦਾ ਕਾਰਨ ਬਣ ਸਕਦੇ ਹਨ।



Namdhari Elibrary NamdhariElibrary@gmail.com

ਜਿੱਥੇ ਪਹਿਲੇ ਸੱਜਣ, ਮਿਲੇ ਬਜਟ ਦੀ ਵਰਤੋਂ ਨਾ ਕਰਕੇ ਕੁਝ ਵਾਪਸ ਕਰ ਦੇਂਦੇ ਸਨ, ਓਥੇ ਹੁਣ ਇਹ ਬਜਟ ਦੋ ਤਿੰਨ ਗੁਣਾ ਹੋ ਗਿਆ ਹੈ। ਪਹਿਲੇ ਸਨਮਾਨ ਭਾਈ ਸੰਤੋਖ ਸਿੰਘ ਜੀ ਦੀ ਰਾਸ਼ੀ ਵਧਾ ਪੰਜ ਗੁਣਾ ਕਰਾ ਦਿੱਤੀ ਹੈ-ਸਗੋਂ ਦੋ ਨਵੇਂ ਸਨਮਾਨ ਬਾਬਾ ਸ਼ੇਖ਼ ਫ਼ਰੀਦ ਜੀ ੫੧੦੦੦ ਅਤੇ ਸੰਤ ਤਰਨ ਸਿੰਘ ਵਹਿਮੀ ੫੧੦੦੦/ਹੁਰਿਆਣਾ ਸਰਕਾਰ ਤੋਂ ਜਾਰੀ ਕਰਾ ਲਏ ਹਨ।

ਕਹਿੰਦੇ ਕਿ ਪੰਜਾਬ ਵਿਚ ਸ਼ੇਖ਼ ਫਰੀਦ ਜੀ ਨੇ ਚਾਲੀ ਦਿਨ ਦਾ ਚਿਲ੍ਹਾ ਕੱਟਿਆ ਤਾਂ ਓਹਨਾਂ ਉਸ ਜਗ੍ਹਾ ਦਾ ਨਾਂ ਫਰੀਦਕੋਟ ਧਰ ਲਿਆ। 'ਹਾਂਸੀ' ਵਿਚ ਬਾਬਾ ਜੀ ਨੇ ਬਾਰਾਂ ਵਰ੍ਹੇ ਤਪੱਸਿਆ ਕੀਤੀ-ਕੋਈ ਜਾਣਦਾ ਈ ਨਹੀਂ। ਹਾਂਸੀ ਵਿਚ ਸਮਾਗਮ ਰੱਖ ਕੇ ਦੂਰੋਂ ਨੇੜਿਓਂ ਵਿਦਵਾਨ ਬੁਲਾਏ। ਦਿੱਲੀਓਂ ਸੁਤਿੰਦਰ ਸਿੰਘ ਨੂਰ ਵਰਗੇ ਬੁਲਾਰੇ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਕਾਫ਼ੀ ਸੱਜਣ ਪਹੁੰਚੇ। ਏਥੇ ਇਕ ਨੇਤਾ ਕੋਲੋਂ, ਸ਼ੇਖ਼ ਜੀ ਦੇ ਨਾਂ ਤੇ ਇਕਵੰਜਾ ਹਜ਼ਾਰ ਦੇ ਸਾਲਾਨਾ ਸਨਮਾਨ ਦਾ ਐਲਾਨ ਕਰਾ ਲਿਆ।

ਜੀਵਨ ਨਗਰ ਸ੍ਰੀ ਗੁਰੂ ਹਰੀ ਸਿੰਘ ਕਾਲਿਜ ਵਿਚ ਇਕ ਸਮਾਰੋਹ ਸਮੇਂ ਨਾਮਧਾਰੀ ਪੰਜਾਬੀ ਸਾਹਿਤ ਸਭਾ ਨੇ-ਸ੍ਰੀ ਵਹਿਮੀ ਜੀ ਦੀਆਂ ਪ੍ਰਕਾਸ਼ਤ ਪੁਸਤਕਾਂ ਨਸਰ-ਨਜ਼ਮਾਂ ਦੀਆਂ, ਬਾਰਾਂ ਤੇਰਾਂ ਭੇਟ ਕੀਤੀਆਂ। ਜਦੋਂ ਵੇਖਿਆ ਕਿ ਇਸ ਲਿਖਾਰੀ ਜਿਤਨਾ ਹਰਿਆਣੇ 'ਚ ਕਿਸੇ ਨੇ ਵੀ ਪੰਜਾਬੀ ਵਿਚ ਇਤਨਾ ਨਹੀਂ ਲਿਖਿਆ ਤਾਂ ਹਰਿਆਣਾ ਸਰਕਾਰ ਕੋਲੋਂ ਵਹਿਮੀ ਜੀ ਦੇ ਨਾਂ ਤੇ ਇਕਵੰਜਾ ਹਜ਼ਾਰ ਦਾ ਸਾਲਾਨਾ ਸਨਮਾਨ ਜਾਰੀ ਕਰਾ ਲਿਆ।

ਕਈ ਦਰਜਨਾਂ ਪੁਸਤਕਾਂ ਲਿਖਣ ਤੇ ਸੰਪਾਦਤ ਕਰਨ ਵਾਲੇ ਸੀ. ਆਰ. ਦੀ ਕਲਮ ਨੂੰ ਸਲਾਮ! ਅੱਲ੍ਹਾ ਕਰੇ ਜ਼ੋਰੇ ਕਲਾਮ ਔਰ ਜ਼ਿਆਦਾ।

ਨੋਟ-ਹਰਿਆਣਾ ਸਰਕਾਰ ਤੋਂ ਮੰਗ ਕਰਦਾ ਹਾਂ ਸੀ. ਆਰ. ਮੁਦਗਿਲ, ਦੇ ਨਾਂ ਦਾ ਸਨਮਾਨ ਜਾਰੀ ਕਰਨ ਦੀ ਮੇਹਰਬਾਨੀ ਕਰੇ।

---

## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵਲੋਂ ਪੁਰਸਕਾਰਾਂ ਦਾ ਐਲਾਨ

ਚੰਡੀਗੜ੍ਹ– ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਾਲ ੨੦੦੯-੧੦ ਦੇ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ ਹੈ। ਹਰਿਆਣਾ ਪੰਜਾਬੀ ਗੌਰਵ ਪੁਰਸਕਾਰ, ਜੋ ਸਵਾ ਲੱਖ ਦਾ ਹੈ, ਸੁਖਚੈਨ ਸਿੰਘ ਭੰਡਾਰੀ (ਸਿਰਸਾ) ਨੂੰ ਦਿੱਤਾ ਗਿਆ ਹੈ। ਅਕਾਦਮੀ ਦਾ ਇਕ ਲੱਖ ਦਾ ਭਾਈ ਸੰਤੋਖ ਸਿੰਘ ਪੁਰਸਕਾਰ ਡਾ. ਰਤਨ ਸਿੰਘ ਢਿੱਲੋਂ (ਅੰਬਾਲਾ ਛਾਉਣੀ) ਨੂੰ ਦਿੱਤਾ ਗਿਆ ਹੈ।

ਅਕਾਦਮੀ ਦੇ ਡਾਇਰੈਕਟਰ ਸੀ. ਆਰ. ਮੌਦਗਿਲ ਨੇ ਦੱਸਿਆ ਕਿ ਬਾਬਾ ਸ਼ੇਖ਼ ਫਰੀਦ ਪੁਰਸਕਾਰ ਡਾ. ਚਰਨਜੀਤ ਕੌਰ (ਚੰਡੀਗੜ੍ਹ) ਨੂੰ ਦਿੱਤਾ ਗਿਆ ਹੈ, ਜਿਸ ਦੀ ਪੁਰਸਕਾਰ ਰਕਮ ੫੧,੦੦੦ ਰੁਪਏ ਹੈ। ਸੰਤ ਤਰਨ ਸਿੰਘ ਵਹਿਮੀ ਪੁਰਸਕਾਰ ਡਾ. ਸੁਦਰਸ਼ਨ ਗਾਸੋ (ਅੰਬਾਲਾ ਛਾਉਣੀ) ਨੂੰ ਦਿੱਤਾ ਗਿਆ ਹੈ, ਜਿਸ ਦੀ ਰਕਮ ੫੧,੦੦੦ ਰੁਪਏ ਹੈ। ਰਾਗੀ ਢਾਡੀ, ਗਾਇਕ ਪੁਰਸਕਾਰ ਨਰੇਸ਼ ਕੁਮਾਰ (ਬਿੱਟੂ ਸ਼ਾਹਪੁਰੀ) ਅੰਬਾਲਾ ਨੂੰ ਦਿੱਤਾ ਗਿਆ ਹੈ ਜਿਸ ਦੀ ਰਕਮ ੫੧੦੦੦ ਰੁਪਏ ਹੈ। ਉਨ੍ਹਾਂ ਦੱਸਿਆ ਕਿ ਪੁਸਤਕ ਪੁਰਸਕਾਰ ਯੋਜਨਾ ੨੦੦੯-੧੦ ਵਿਚ ੨੧,੦੦੦-੨੧,੦੦੦ ਰੁਪਏ ਦੇ ਪੁਰਸਕਾਰ ਜਿਨ੍ਹਾਂ ਵਿਦਵਾਨਾਂ ਨੂੰ ਦਿੱਤੇ ਜਾਣਗੇ ਉਨ੍ਹਾਂ ਵਿਚ ਕਵਿਤਾ ਵਰਗ ਵਿਚ ਲਖਵਿੰਦਰ ਸਿੰਘ ਬਾਜਵਾ ਦੀ ਪੁਸਤਕ 'ਸੁਗੰਧ ਲੋਚਦੀ ਸਮੀਰ' ਨੂੰ ਕਹਾਣੀ ਵਰਗ ਵਿਚ ਜੋਗਿੰਦਰ ਕੌਰ ਅਗਨੀਹੋਤਰੀ ਦੀ ਕਿਤਾਬ 'ਮਿੱਟੀ ਦੇ ਬੰਦੇ' ਨੂੰ, ਨਾਟਕ ਵਰਗ ਵਿਚ ਜੀਵਨ ਬਖ਼ਸ਼ੀ ਦੀ ਕਿਤਾਬ 'ਜਲਿ ਬਿਨ ਕੁੰਭ ਨਾ ਹੋਇ' ਨੂੰ, ਬਾਲ ਸਾਹਿਤ ਵਰਗ ਵਿਚ ਇਕਬਾਲ ਸਿੰਘ ਦੀ ਕਿਤਾਬ 'ਸ਼ੇਰ ਦੀ ਮਾਸੀ' ਨੂੰ, ਹਾਸ ਵਿਅੰਗ ਵਿਚ ਪ੍ਰੇਮੀ ਸੇਠੀ ਦੀ ਪੁਸਤਕ 'ਪੁਠਾ ਪਾਸਾ' ਨੂੰ, ਅਤੇ ਆਲੋਚਨਾ ਵਰਗ ਵਿਚ ਮਦਨ ਲਾਲ ਕਪੂਰ ਦੀ ਪੁਸਤਕ 'ਸਵਤੰਤਰਤਾ ਸੰਗਰਾਮ ਦੀਆਂ ਇਕਵੰਜਾ ਬੂੰਦਾਂ ਖੂਨ' ਨੂੰ ਪੁਰਸਕਾਰ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪੁਸਤਕ ਪ੍ਰਕਾਸ਼ਨ ਸਹਾਇਤਾ ਗ੍ਰਾਂਟ ਯੋਜਨਾ ੨੦੦੯-੧੦ ਤਹਿਤ ੧੦,੦੦੦ ਰੁਪਏ ਦੀ ਗ੍ਰਾਂਟ ਹਾਣੀ ਵਰਗ ਵਿਚ ਲਖਵਿੰਦਰ ਸਿੰਘ ਬਾਜਵਾ ਦੇ ਖਰੜੇ 'ਦੂਰਗਾ' ਅਤੇ ਡਾ. ਰਾਮ ਨਿਵਾਸ ਮਾਨਵ ਦੇ ਖਰੜੇ 'ਮਿੰਨੀ ਕਹਾਣੀਆਂ ਅਤੇ ਕਵਿਤਾ ਵਰਗ ਵਿਚ ਡਾ. ਮੁਕਤਾ ਦੇ ਖਰੜੇ 'ਅਸਮਿਤਾ' ਨੂੰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਹਾਣੀ ਮੁਕਾਬਲਾ ਯੋਜਨਾ ਵਿਚ ਰਾਮ ਲੋਕ ਕੌਸ਼ਲ ਪਿੰਜਰ ਦੀ ਕਹਾਣੀ 'ਦੋਸਤੀ' ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਨਾਇਬ ਸਿੰਘ ਮੰਡੇਰ ਦੀ ਕਹਾਣੀ 'ਦਲਦਲ' ਨੇ ਦੂਜਾ ਅਤੇ ਜੋਗਿੰਦਰ ਕੌਰ ਅਗਨੀਹੋਤਰੀ ਦੀ ਕਹਾਣੀ 'ਮਾਸੂਮ' ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਕਹਾਣੀਕਾਰਾਂ ਨੂੰ ਕ੍ਰਮਵਾਰ ੫,੦੦੦ ਰੁਪਏ, ੪,੦੦੦ ਰੁਪਏ ਅਤੇ ੩,੦੦੦ ਰੁਪਏ ਦੀ ਰਕਮ ਦੇ ਪੁਰਸਕਾਰ ਦਿੱਤੇ ਜਾਣਗੇ। ਇਸ ਦੇ ਨਾਲ ਹੀ ੧,੫੦੦-੧,੫੦੦ ਰੁਪਏ ਦੇ ਪੁਰਸਕਾਰ ਮਨਜੀਤ ਕੌਰ ਦੀ ਕਹਾਣੀ 'ਮੀਨਾ ਬਾਜ਼ਾਰ' ਅਤੇ ਇੰਦੂ ਗੁਪਤਾ ਦੀ ਕਹਾਣੀ 'ਮਿੱਟੀ ਦੇ ਮਹਿਲ' ਨੂੰ ਦਿੱਤੇ ਜਾਣਗੇ।


Namdhari Elibrary NamdhariElibrary@gmail.com

# ਆਧੁਨਿਕ ਯੁੱਗ ਦੀ ਦੇਣ

## (ਜੋ ਸਤਿਗੁਰਾਂ ਦੇ ਆਸ਼ੀਰਵਾਦ ਨਾਲ ਸਿਰੇ ਚੜ੍ਹੀ)

*—ਮਹਿੰਦਰ ਸਿੰਘ ਮਠਾੜੂ (ਚਿਤਾਰ)*

ਬੱਚੇ ਦਾ ਬਾਬਾ ਭਾਵੇਂ ਆਧੁਨਿਕ ਵਿਚਾਰ ਰੱਖਦਾ ਸੀ ਪਰ ਨਾਮਧਾਰੀ ਪੰਥ ਨਾਲ ਬੜੀ ਅਟੁੱਟ ਸ਼ਰਧਾ ਸੀ। ਹੁੰਦੀ ਵੀ ਕਿਉਂ ਨਾ। ਜਿਸ ਪਰਿਵਾਰ ਨਾਲ ਸਬੰਧ ਸਨ, ਉਹਨਾਂ ਵਿੱਚੋਂ ਹੀ ਉਹਨਾਂ ਦੇ ਵਡੇਰੇ ਸਤਿਗੁਰੂਆਂ ਦੇ 'ਸੂਬਾ ਜੀ' ਸਨ। ਪ੍ਰਭਾਵ ਪੈਣਾ ਸੁਭਾਵਿਕ ਹੀ ਸੀ। ਇਸ ਲਈ ਨਾਮਧਾਰੀ ਦਸਤਾਰ ਅਪਣਾ ਲਈ, ਪਰ ਬਾਕੀ ਬਾਣਾ ਆਧੁਨਿਕ ਹੀ ਰੱਖਿਆ। ਇਹਨਾਂ ਦੀ ਸੁਪਤਨੀ (ਬੱਚੇ ਦੀ ਦਾਦੀ) ਦੇ ਪਿਛੋਕੜ ਦਾ ਪਰਿਵਾਰ ਸਿੱਧਾ ਹੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਬੜੇ ਹੀ ਗੂੜ੍ਹੇ ਆਸ਼ੀਰਵਾਦ ਦਾ ਭਾਗੀ ਰਿਹਾ ਅਤੇ ਅੱਜੀ ਦੀ ਪੀੜ੍ਹੀ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੀ ਪਾਤਰ ਹੈ। ਸਮਾਂ ਪਾ ਕੇ ਬੱਚੇ ਦੇ ਬਾਬਾ ਜੀ ਜੀਵਨ ਦੇ ਲਗਭਗ ਪੰਜ ਦਸ਼ਕ ਪਾਰ ਕਰ ਜੀਵਨ ਦੇ ਮੱਧ ਵਿਚ ਹੀ ਗੁਰੂ ਘਰ ਜਾ ਬਿਰਾਜੇ, ਜਿਹਨਾਂ ਨੂੰ ਇਸ ਦੇਖਿਆ ਵੀ ਨਹੀਂ ਸੀ, ਪਰ ਬੱਚਿਆਂ ਨੂੰ ਨਾਮਧਾਰੀ ਸੰਸਕਾਰ ਦੇ ਗਏ। ਬੱਚੇ ਨੇ ਜਨਮ ਲਿਆ ਤਾਂ ਪਰਿਵਾਰ ਵਿਚ ਆਨੰਦਮਈ ਮਾਹੌਲ ਬਣ ਗਿਆ। ਦਾਦੀ ਅਤੇ ਬੱਚੇ ਦੇ ਮਾਤਾ-ਪਿਤਾ ਨੇ ਸਤਿਗੁਰਾਂ ਅੱਗੇ ਅਰਦਾਸ ਕਰ ਬੱਚੇ ਦੀ ਤੰਦਰੁਸਤੀ ਅਤੇ ਸੱਚੇ-ਸੁੱਚੇ ਨਾਮਧਾਰੀ ਜੀਵਨ ਜੀਣ ਦੀ ਬਖ਼ਸ਼ਿਸ਼ ਵੀ ਪ੍ਰਾਪਤ ਕਰ ਲਈ। ਕੁੱਝ ਕੁ ਮਹੀਨੇ ਹੀ ਬੀਤੇ ਸਨ ਕਿ ਬੱਚੇ ਨੂੰ ਸਾਹ ਲੈਣ ਵਿਚ ਤਕਲੀਫ਼ ਮਹਿਸੂਸ ਹੋਣੀ ਸ਼ੁਰੂ ਹੋ ਗਈ। ਪਿਛਲੀਆਂ ਤਿੰਨਾਂ ਪੀੜ੍ਹੀਆਂ ਤੋਂ ਵਿਦੇਸ਼ਾਂ ਵਿਚ ਵਸਿਆ ਇਹ ਪਰਿਵਾਰ, ਅਜ ਦੀਆਂ ਆਧੁਨਿਕ ਸੁੱਖ-ਸੁਵਿਧਾਵਾਂ ਦਾ ਭਰਪੂਰ ਆਨੰਦ ਮਾਣ ਰਿਹਾ ਸੀ। ਵਿਦੇਸੀ ਸਰਕਾਰ ਵਲੋਂ ਡਾਕਟਰੀ ਸੁਵਿਧਾਵਾਂ ਉਪਲੱਬਧ ਹੋਣ ਕਾਰਣ ਝੱਟ-ਪੱਟ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਆਧੁਨਿਕ ਡਾਕਟਰੀ ਤਕਨੀਕ ਦਾ ਕਮਾਲ ਹੀ ਸੀ ਕਿ ਕੁੱਝ ਹੀ ਦਿਨਾਂ ਵਿਚ ਬੱਚੇ ਦੀ ਪੂਰੀ ਚੈਕ-ਅੱਪ ਕਰ ਲਈ ਗਈ। ਜਿਸ ਕਾਰਨ ਬੜੇ ਹੀ ਅਚੰਭੇ ਅਤੇ ਡਰਾਵਣੇ ਵਾਤਾਵਰਣ ਨੂੰ, ਪਰਿਵਾਰ ਦੇ ਸਾਹਮਣੇ ਲੈ ਆਂਦਾ। ਕਰਦੇ ਵੀ ਤਾਂ ਕੀ ਕਰਦੇ, ਸਤਿਗੁਰੂ ਅੱਗੇ ਅਰਦਾਸਾਂ ਸ਼ੁਰੂ ਹੋ ਗਈਆਂ। ਰਿਸ਼ਤੇਦਾਰ ਵੀ ਸਕਤੇ ਵਿਚ ਆ ਗਏ। ਸਭ ਹੈਰਾਨ ਸਨ ਕਿ ਅਕਾਲ ਪੁਰਖ ਨੇ ਇਸ ਬੱਚੇ ਦੀ ਸਰੀਰਕ ਬਨਾਵਟ ਘੜਨ ਵੇਲੇ, ਇਹ ਕਮੀ ਕਿਸ ਤਰ੍ਹਾਂ ਰਹਿਣ ਦਿੱਤੀ, ਸਾਰਿਆਂ ਲਈ ਬੜੀ ਹੀ ਚਿੰਤਾ ਦਾ ਵਿਸ਼ਾ ਬਣ ਚੱਕਾ ਸੀ। ਅਕਾਲ-ਪੁਰਖ ਦੀ ਇਹੋ ਹੀ ਖ਼ਾਸੀਅਤ ਹੈ ਕਿ ਉਹ ਘੜਨ ਵੇਲੇ ਬੜਾ ਹੀ ਸਹੀ ਘੜਦਾ ਹੈ ਪਰ ਕਾਹਲੀ ਵਿਚ ਕੁੱਝ ਰਹਿ ਵੀ ਜਾਂਦਾ ਹੈ। ਇਨਸਾਨਾਂ ਦੀ ਜਨ-ਸੰਖਿਆ ਸੰਸਾਰ ਵਿਚ ਬੜੀ ਹੀ ਤੇਜ਼ੀ ਨਾਲ ਵੱਧ ਰਹੀ ਹੈ ਇਸ ਕਾਰਣ ਅਕਾਲ-ਪੁਰਖ ਕੋਲੋਂ ਸ਼ਾਇਦ ਕੁੱਝ ਰਹਿ ਵੀ ਜਾਂਦਾ ਹੋਵੇਗਾ। ਉਸੇ ਹੀ ਇਨਸਾਨ ਨੂੰ ਇਤਨੀ ਤਾਂ ਬੁੱਧੀ ਦਿੱਤੀ ਹੀ ਹੈ ਕਿ ਆਪਣੀ "ਕਾਢ" ਨਾਲ ਰਹੀ ਕਮੀ ਨੂੰ ਪੂਰਾ ਜਾਂ ਸਹੀ ਕਰ ਸਕੇ। ਮੰਨ ਲਵੋ ਜੇ ਅਕਾਲ-ਪੁਰਖ ਇਹ ਬਖ਼ਸ਼ਿਸ਼ ਨਹੀਂ ਕਰਦਾ ਤਾਂ ਆਪ ਅੰਦਾਜ਼ਾ ਲਗਾ ਸਕਦੇ ਹੋ ਇਨਸਾਨੀ ਜੀਵਨ ਕਿਤਨਾਂ ਤ੍ਰਾਸਦੀ ਵਿਚ ਜੀਊਂਦਾ, ਜਾਂ ਜੀਊਣ ਤੇ ਮਜਬੂਰ ਹੋ ਜਾਂਦਾ ਹੈ। ਇਸਦੇ ਅਪਵਾਦ ਵੀ ਮਿਲਦੇ ਹਨ ਫਿਰ ਵੀ ਤ੍ਰਾਸਦੀ ਝੇਲਣ ਵਾਲਿਆਂ ਦੀ ਘਾਟ ਨਹੀਂ ਹੈ। ਇਸੇ ਲਈ ਸੰਸਾਰੀ ਲੋਕ ਅਕਾਲ-ਪੁਰਖ ਦੀ ਹੋਂਦ ਨੂੰ ਮੰਨਦੇ ਹਨ।

ਡਾਕਟਰਾਂ ਨੇ ਕੁੱਝ ਦੱਸਣ ਤੋਂ ਪਹਿਲਾਂ, ਹੌਸਲਾ ਦੇ, ਪਰਿਵਾਰ ਨੂੰ ਮਾਨਸਿਕ ਤੌਰ ਤੇ ਤਿਆਰ ਕਰ ਲਿਆ ਸੀ, ਖ਼ਾਸ ਕਰਕੇ ਬੱਚੇ ਦੀ ਤੜਫ਼ਦੀ 'ਮਾਂ' ਨੂੰ ਜਿਸ ਇਸ ਬੱਚੇ ਨੂੰ ਕੁੱਝ ਕੁ ਮਹੀਨੇ ਪਹਿਲਾਂ ਇਸ ਸੰਸਾਰ ਵਿਚ ਲਿਆਂਦਾ ਸੀ ਜੋ ਕੁੱਝ ਬੋਲ ਵੀ ਨਹੀਂ ਸੀ ਸਕਦੀ। ਡਾਕਟਰਾਂ ਵਲੋਂ ਵਿਸਥਾਰਿਕ ਜਾਣਕਾਰੀ ਦਿੱਤੀ ਗਈ ਕਿ ਬੱਚੇ ਦੇ 'ਦਿਲ' ਵਿਚ ਛੇਦ ਹੈ ਇਸ ਲਈ "ਵਾਲਵ" ਲੀਕ ਹੋ ਰਿਹਾ ਹੈ, ਬੱਚਾ ਬਹੁਤ ਛੋਟਾ ਹੈ ਆਪਰੇਸ਼ਨ ਨਹੀਂ ਕੀਤਾ ਜਾ ਸਕਦਾ, ਅਸੀਂ ਦੁਆਈਆਂ ਰਾਹੀਂ ਬੱਚੇ ਨੂੰ ਜੀਊਣ ਦੀ ਘੁੱਟੀ ਜ਼ਰੂਰ ਪਿਲਾਂਦੇ ਰਹਾਂਗੇ, ਜਦ ਤੱਕ ਦੋ ਸਾਲਾਂ ਦਾ ਨਹੀਂ ਹੋ ਜਾਂਦਾ। ਆਪ ਸਾਰਾ ਪਰਿਵਾਰ ਚਿੰਤਾ ਨਾ ਕਰੋ, ਇਹ ਜ਼ਰੂਰੀ ਹੈ ਕਿ ਆਪਰੇਸ਼ਨ ਤਾਂ ਕਰਨਾ ਹੀ ਪਵੇਗਾ ਅਤੇ ਬੱਚਾ ਠੀਕ ਹੋ ਆਪਣਾ ਸਵੱਸਥ ਜੀਵਨ ਬਿਤਾਏਗਾ। ਜਦਕਿ ਬੱਚਾ ਆਪਣੇ ਜੀਵਨ ਦੇ ਕੁੱਝ ਮਹੀਨੇ ਵੀ ਪੂਰੇ ਨਹੀਂ ਸੀ ਕਰ ਪਾਇਆ, ਜਦੋਂ ਅਚਾਨਕ ਬੱਚੇ ਦੀ ਤਬੀਯਤ ਬਹੁਤ ਵਿਗੜ ਗਈ। ਦਵਾਈਆਂ ਆਪਣਾ ਕੰਮ ਕਰ ਰਹੀਆਂ ਸਨ ਸੱਭ ਕੁੱਝ ਠੀਕ ਚੱਲ ਰਿਹਾ ਸੀ, ਹਾਂ ਪਰਿਵਾਰ ਤੇ ਆਪਰੇਸ਼ਨ ਦਾ ਖ਼ੌਫ਼ ਹਮੇਸ਼ਾ ਹੀ ਰਹਿੰਦਾ। ਅਖ਼ੀਰ ਉਹ ਸਮਾਂ ਆ ਹੀ ਗਿਆ, ਬੜੀ ਹੀ ਤੇਜ਼ੀ ਨਾਲ ਬੱਚੇ ਨੂੰ ਹਸਪਤਾਲ ਪਹੁੰਚਾਇਆ ਗਿਆ, ਆਰੰਭਿਕ ਜਾਂਚ ਮਗਰੋਂ ਆਪਰੇਸ਼ਨ ਥੀਏਟਰ ਵਿਚ ਲੈ ਗਏ। ਆਪਰੇਸ਼ਨ ਦੀਆਂ ਤਿਆਰੀਆਂ ਕਰ, ਆਪਰੇਸ਼ਨ ਸ਼ੁਰੂ ਕਰ ਦਿੱਤਾ ਗਿਆ, ਕਮਰੇ ਦੇ ਬਾਹਰ ਲਾਲ ਬੱਤੀ ਜਗ ਪਈ, ਸਾਰੇ ਬਾਹਰ ਬੈਠੇ ਲਾਲ ਬੱਤੀ ਦੇ ਬੁਝਣ ਦਾ ਇੰਤਜ਼ਾਰ ਕਰਨ ਲੱਗ ਪਏ। (ਵਿਦੇਸ਼ੀ ਹਸਪਤਾਲਾਂ ਵਿਚ ਇਹ ਸਹੂਲਤਾਂ ਉਪਲੱਬਦ ਨਹੀਂ ਹਨ ਕਿ ਪਰਿਵਾਰ ਆਪਰੇਸ਼ਨ ਥਿਏਟਰ ਦੇ ਬਾਹਰ ਬੈਠ ਇਤਜ਼ਾਰ ਕਰਨ) ਨਾਮਧਾਰੀ ਪੰਥੀਆਂ ਦੀ ਪਰੰਪਰਾ ਹੈ ਅਤੇ ਸਤਿਗੁਰਾਂ ਵੱਲੋਂ ਹਿਦਾਇਤ ਵੀ ਹੈ ਜਿਸ ਪਰਿਵਾਰ ਨੇ ਨਾਮ-ਦਾਨ ਪ੍ਰਾਪਤ ਕੀਤਾ ਹੋਵੇ ਉਸਦਾ ਨਿਯਮਤ ਰੂਪ ਵਿਚ ਜਪ ਕਰੋ, ਬੜੀ


Namdhari Elibrary NamdhariElibrary@gmail.com

ਸ਼ਰਧਾ ਨਾਲ ਟਿਕ ਕੇ ਉਸਦਾ ਸਿਮਰਨ ਕਰੋ ਬਾਕੀ ਅਕਾਲ-ਪੁਰਖ ਦੀ ਓਟ ਲੈ ਉਸ ਤੇ ਛੱਡ ਦਿਓ। ਪਰ ਇਨਸਾਨੀ ਫ਼ਿਤਰਤ ਸਾਧਾਰਣਤਯਾ ਇਸ ਸਮੇਂ ਡਾਂਵਾਂ-ਡੋਲ ਹੋ ਜਾਂਦੀ ਹੈ ਇਸ ਲਈ ਹੀ ਇਸ ਸਮੇਂ ਦੀ ਤਕਲੀਫ ਨੂੰ ਸਹਿਣ ਜਾਂ ਬਰਦਾਸ਼ਤ ਕਰਨ ਦੀ ਸ਼ਕਤੀ ਪ੍ਰਾਪਤ ਕਰਨ ਲਈ ਸਤਿਗੁਰਾਂ ਕੋਲ ਜਾ ਵਾਰਤਾਲਾਪ ਕਰਦੇ ਹਾਂ, ਮਨ ਦੀ ਭਾਵਨਾਂ ਨੂੰ ਪ੍ਰਗਟ ਕਰ ਚਿੰਤਾ ਦਰਸਾਂਦੇ ਹਾਂ। ਸੱਚੇ ਸਤਿਗੁਰ ਸੱਭ ਕੁੱਝ ਜਾਣਦੇ ਹਨ, ਇਸ ਲਈ ਸਾਹਮਣੇ ਵਾਲੇ ਸ਼ਰਧਾਲੂ ਦੀ ਭਾਵਨਾ ਨਾਲ ਜੁੜ ਅਸ਼ੀਰਵਾਦ ਦੇ ਦਿੰਦੇ ਹਨ ਜੋ ਪੂਰਾ ਤਾਂ ਹੋਣਾ ਹੀ ਹੈ ਕਿਉਂਕਿ ਅਕਾਲ-ਪੁਰਖ ਦਾ ਹੁਕਮ ਹੈ। ਇਸ ਸਮੇਂ ਵੀ ਸਤਿਗੁਰਾਂ ਕਹਿ 'ਸੱਤਾਂ ਦਿਨ ਵਿਚ ਠੀਕ ਹੋ ਘਰ ਆ ਜਾਏਗਾ, ਸਿਮਰਨ ਵਿਚ ਲੱਗੇ ਰਹੋ।' ਸਾਢੇ-ਪੰਜਾਂ ਘੰਟਿਆਂ ਬਾਦ ਲਾਲ ਬੱਤੀ ਬੰਦ ਹੋ ਗਈ। ਪਰਿਵਾਰ ਦੀ ਉਤਸੁਕਤਾ ਦਰਵਾਜ਼ਾ ਖੁੱਲਣ ਤੇ ਸਮਾਚਾਰ ਮਿਲਣ ਲਈ ਵਿਆਕੁੱਲ ਸੀ। ਇਜਿਪਸ਼ੀਅਨ ਡਾਕਟਰ, ਜਿਸ ਆਪਰੇਸ਼ਨ ਕੀਤਾ ਸੀ, ਬੱਚੇ ਦੀ ਸੁੱਖ-ਸਾਂਦ ਅਤੇ ਅਪਰੇਸ਼ਨ ਦੀ ਕਾਮਯਾਬੀ ਲਈ ਪਰਿਵਾਰ ਨੂੰ ਧੀਰਜ ਰੱਖਣ ਲਈ ਬਹੁਤ ਵਧਾਈ ਦਿੱਤੀ।

ਅੱਠਾਂ ਸਾਲਾਂ ਦਾ ਤੰਦਰੁਰਤ ਬੱਚਾ, ਆਪਣੇ ਤੋਂ ਦੋ ਵੱਡੇ ਭਰਾ, ਦਾਦੀ ਅਤੇ ਮਾਂ-ਪਿਉ ਨਾਲ ਭੈਣੀ-ਸਾਹਿਬ, ਸਤਿਗੁਰਾਂ ਦੇ ਦੀਦਾਰ ਕਰਨ ਲਈ ਪਹੁੰਚਿਆ। ਜਿਸਦੀ ਓਪਨ-ਹਾਰਟ ਸਰਜਰੀ ਜਿਸਨੂੰ ਸਮਾਂ ਲੱਗਿਆ ਸੀ, ਦਿਲ ਦਾ ਇਹ ਭਾਗ ਸੁਜਿਆ ਹੋਣ ਕਰਕੇ ਟੰਕੇ ਨਹੀਂ ਲਗਾਏ ਗਏ, ਸੋਜ ਉਤਰਨ ਬਾਦ, ਗਲੇ ਤੋਂ ਲੈਕੇ ਢਿੱਡ ਤਕ ਖੁੱਲੀ ਛਾਤੀ ਨੂੰ ਸੀਂ-ਕੇ ਢੱਕਿਆ ਗਿਆ। ਬੱਚੇ ਨੂੰ ਦੋ ਦਿਨਾਂ ਬਾਦ ਹੋਸ਼ ਆਈ, ਚਾਰ ਦਿਨਾਂ ਬਾਦ, ਸਤਿਗੁਰਾਂ ਦੇ ਦਿੱਤੇ ਆਸ਼ੀਰਵਾਦ ਅਨੁਸਾਰ 'ਹਫਤੇ' ਅੰਦਰ ਹੀ ਘਰ ਗਿਆ। ਰਿਕਵਰੀ ਬੜ੍ਹੀ ਹੀ ਤੇਜੀ ਨਾਲ ਹੋਣ ਕਾਰਨ, ਸਮਾਂ ਪਾ ਸਾਰਾ ਪਰਿਵਾਰ ਭੈਣੀ-ਸਾਹਿਬ ਕੋਠੀ ਵਿਚ ਸਤਿਗੁਰਾਂ ਦੀ ਹਜ਼ੂਰੀ ਵਿਚ ਬੈਠਾ ਸੀ। ੧੭ ਸਾਲਾਂ ਦਾ ਵੱਡਾ ਭਰਾ 'ਦਿਲਰੁਬਾ', ੧੪ ਸਾਲਾਂ ਦਾ ਵੀਰ 'ਸਾਰੰਗੀ', ਲਗਭਗ ੨੦ ਮਿੰਟਾਂ ਤੱਕ "ਪੌਣੇ ਗਿਆਰਾ ਮਾਤਰਾਂ, ਰਾਗ ਕਲਿਯਾਨ" ਵਿਚ ਪਹਿਲੀ ਵਾਰ ਸਤਿਗੁਰਾਂ ਸਾਹਮਣੇ ਵਜਾ ਬੰਦਿਸ਼ ਕੀਤੀ। ਸਤਿਗੁਰ ਜਗਜੀਤ ਸਿੰਘ ਜੀ ਵੀ ਤਾਂ ਪਰਿਵਾਰ ਨੂੰ ਦੇਖ ਅਤੇ ਸੰਗੀਤ ਸੁਣ ਮੁਸਕੁਰਾ ਰਹੇ ਸਨ।

*—ਮਹਿੰਦਰ ਸਿੰਘ ਮਠਾਰੂ 'ਚਿਤਾਰ'*



BBL
India's Larget Second Hand Food Machines Dealer Cum Rebuilder
750kgs Potato Chips Line
Biscuit Plant & Equipment
1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.
*We arrange complete machines, manpower and training receipes with formulation*
BBL FOODS (P) LTD.
*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*




Namdhari Elibrary NamdhariElibrary@gmail.com

# ੧੨ਵੇਂ ਵਿਸ਼ਵ ਕੱਪ ਹਾਕੀ ਦਾ ਮੇਜ਼ਬਾਨ ਭਾਰਤ ਤਮਗਾ ਵਿਹੂਣਾ

*—ਕੁਲਦੀਪ ਸਿੰਘ ਪੱਟੀ*



੧੨ਵੇਂ ਵਿਸ਼ਵ ਕੱਪ ਹਾਕੀ ਮੁਕਾਬਲੇ ਦਾ ਦੂਜੀ ਵਾਰ ਮੇਜ਼ਬਾਨ ਭਾਰਤ, ਤਮਗਾ ਵਿਹੂਣਾ ਰਹਿਣ ਕਰਕੇ ਭਾਰਤੀ ਹਾਕੀ ਦੀ ਟੀਮ ਤੇ ਪ੍ਰਸ਼ਨ ਚਿੰਨ ਲੱਗ ਗਿਆ ਹੈ ਕਿ ਕੀ ਭਾਰਤ ਅਕਤੂਬਰ ੨੦੧੦ ਵਿ ਦਿੱਲੀ ਵਿਖੇ ਹੋ ਰਹੀਆਂ ਰਾਸ਼ਟਰ-ਮੰਡਲ ਖੇਡਾਂ ਵਿੱਚ ਮਰਦਾਂ ਤੇ ਮਹਿਲਾਵਾਂ ਦਾ ਹਾਕੀ ਦਾ ਵਕਾਰੀ ਸੋਨ ਤਮਗਾ ਜਿਤ ਸਕੇਗਾ ਕਿ ਨਹੀਂ।

ਜ਼ਿਕਰਯੋਗ ਹੈ ਕਿ ਵਿਸ਼ਵ ਕੱਪ ਹਾਕੀ ਮੁਕਾਬਲੇ ਦੇ ਬੀ ਪੂਲ ਵਿੱਚ ਆਸਟਰੇਲੀਆ ਤੇ ਇੰਗਲੈਂਡ ਦੀਆਂ ਹਾਕੀ ਟੀਮਾਂ ਨੇ ਭਾਰਤ ਦੀ ਹਾਕੀ ਟੀਮ ਨੂੰ ਕਪਤਾਨ ਰਾਜਪਾਲ ਸਿੰਘ ਤੇ ਸਪੇਨੀ ਕੋਚ ਜੋਸ ਬਰਾਸਾ ਦੀ ਕੋਚਿੰਗ ਦੇ ਬਾਵਜੂਦ ਹਰਾਕੇ ਤਮਗਾ ਦੌੜ ਦੀ ਸੈਮੀ-ਫਾਈਨਲ ਪ੍ਰਵੇਸ਼ ਤੋਂ ਬਾਹਰ ਕੀਤਾ ਹੈ। ਵਿਚਾਰਨਯੋਗ ਪਹਿਲੂ ਇਹ ਹੈ ਕਿ ਆਸਟਰੇਲੀਆ ਤੇ ਇੰਗਲੈਂਡ ਦੀਆਂ ਹਾਕੀ ਟੀਮਾਂ ਨੇ ਰਾਸ਼ਟਰ ਮੰਡਲ ਖੇਡਾਂ ੨੦੧੦ ਵਿਚ ਭਾਰਤੀ ਹਾਕੀ ਟੀਮ ਲਈ ਫਿਰ ਚਨੌਤੀ ਖੜ੍ਹੀ ਕਰ ਦੇਣੀ ਜਾਪਦੀ ਹੈ।

ਗੱਲ ਇਸ ਤੋਂ ਵੀ ਅੱਗੇ ਤੁਰਦੀ ਹੈ ਕਿ ੨੦੧੦ ਦਸੰਬਰ ਮਹੀਨੇ ਵਿਚ ਦਿੱਲੀ ਵਿਖੇ ਹੀ (ਵਿਸ਼ਵ ਹਾਕੀ ਸੰਘ ਦੇ ਪ੍ਰਧਾਨ ਲੀਏਂਡਰ ਨੇਗਰੇ ਵੱਲੋਂ ਐਲਾਨੇ ਗਏ) ਪਹਿਲੇ ਵਿਸ਼ਵ ਕਲੱਬ ਹਾਕੀ ਮੁਕਾਬਲੇ ਵਿਚ ਭਾਰਤੀ ਮੇਜ਼ਬਾਨੀ ਦੀ ਸਥਿਤੀ ਕੀ ਹੋਵੇਗੀ; ਕਿਉਂਕਿ ਭਾਰਤ ਵਿਚ ਹਾਕੀ ਕਲੱਬ ਕਲਚਰ ਗਰੀਬੀ ਕਾਰਨ ਯੂਰਪ ਦੇ ਮੁਕਾਬਲੇ ਬਹੁਤ ਘੱਟ ਹੈ।

ਘਰ ਦੇ ਮੈਦਾਨ ਵਿਚ ਵਿਸ਼ਵ ਕੱਪ ਹਾਕੀ ਦੇ ਤਮਗਾ ਦੌੜ ਤੋਂ ਪਛੜਿਆ ਭਾਰਤ ਕੀ ੨੦੧੨ ਦੇ ਲੰਡਨ ਉਲੰਪਿਕ ਲਈ ਫਿਰ ਯੋਗਤਾ ਪਾਰ ਕਰ ਸਕੇਗਾ ਕਿ ਨਹੀਂ ਗੰਭੀਰ ਪ੍ਰਸ਼ਨ ਹੈ ਕਿਉਂਕਿ ਭਾਰਤ ਵਿਸ਼ਵ ਹਾਕੀ ਦਰਜਾਬੰਦੀ ਦੇ ਪਹਿਲੇ ੬ ਦੇਸ਼ਾਂ ਵਿਚ ਨਾ ਹੋਣ ਕਰਕੇ ਹਾਲੇ ਤਾਂ ਚੈਂਪੀਅਨ ਟਰਾਫੀ ਤੋਂ ਵੀ ਊਣਾ ਹੈ।

ਭਾਰਤੀ ਹਾਕੀ ਟੀਮ ਨੇ ੧੨ਵੇਂ ਵਿਸ਼ਵ ਕੱਪ ਹਾਕੀ ਮੁਕਾਬਲੇ ਵਿਚ ਬੀ ਪੂਲ ਵਿੱਚ ਪਾਕਿਸਤਾਨ ਤੋਂ ੪-੧ ਨਾਲ ਸ਼ਾਨਦਾਰ ਜਿਤ ਪ੍ਰਾਪਤ ਕੀਤੀ, ਪਰ ਭਾਰਤੀ ਹਾਕੀ ਟੀਮ ਆਸਟਰੇਲੀਆ ਅਤੇ ਸਪੇਨ ਤੋਂ ੫-੨, ੫-੨ ਗੋਲਾਂ ਨਾਲ ਹਾਰ ਕੇ ਪਛੜ ਗਈ ਅਤੇ ਇੰਗਲੈਂਡ ਨਾਲ ੩-੨ ਦੀ ਹਾਰ ਨੇ ਭਾਰਤੀ ਹਾਕੀ ਟੀਮ ਨੂੰ ਸੈਮੀਫਾਈਨਲ ਵਿਚੋਂ ਬਾਹਰ ਕਰ ਦਿੱਤਾ; ਕਿਉਂਕਿ ਚਾਰ ਮੈਚ ਖੇਡ ਕੇ ਭਾਰਤ ਦੇ ਅੰਕ ਸਿਰਫ ਤਿੰਨ ਸਨ। ਚਾਰ ਮੈਚਾਂ ਵਿਚ ਭਾਰਤ ਨੇ ੧੪ ਗੋਲ ਖਾਧੇ ਤੇ ੧੦ ਗੋਲ ਕੀਤੇ। ਤੁਲਨਾ ਇਹ ਹੈ ਕਿ ਭਾਰਤੀ ਹਾਕੀ ਟੀਮ ਦੀ ਰੱਖਿਆ ਪੰਕਤੀ ਕਮਜ਼ੋਰ ਰਹੀ। ਭਾਰਤੀ ਹਾਕੀ ਟੀਮ ਪੈਨਲਟੀ ਕਾਰਨਰਾਂ ਦਾ ਪੂਰਾ ਲਾਹਾ ਨਹੀਂ ਲੈ ਸਕੀ। ਭਾਰਤੀ ਹਾਕੀ ਟੀਮ ਮੈਦਾਨੀ ਗੋਲ ਕਰਨ ਵਿਚ ਵੀ ਮਿਲੇ ਮੌਕਿਆਂ ਦਾ ਪੂਰਾ ਲਾਹਾ ਨਹੀਂ ਲੈ ਸਕੀ। ਭਾਰਤੀ ਹਾਕੀ ਟੀਮ ਵਿਚ ਤਾਲਮੇਲ ਦੀ ਘਾਟ ਸੀ। ਮੈਂ ਹਾਕੀ ਮੈਚ ਟੀ.ਵੀ. ਤੇ ਹੁਸ਼ਿਆਰਪੁਰ ਘਰੇ ਬਹਿਕੇ ਵੇਖੇ ਤੇ ਦਿੱਲੀ ਉਲੰਪੀਅਨ ਧਿਆਨ ਚੰਦ ਹਾਕੀ ਸਟੇਡੀਅਮ ਇਸ ਕਰਕੇ ਨਹੀਂ ਗਿਆ ਕਿਉਂਕਿ ਪੰਜਾਬ ਪ੍ਰੈਸ ਲਈ ਪ੍ਰਬੰਧ ਨਿਕੰਮੇ ਸਨ ਤੇ ਨਾਲੇ ਮੈਨੂੰ ਭਾਰਤੀ ਹਾਕੀ ਟੀਮ ਦੇ ਜਿਤਣ ਦੇ ਆਸਾਰ ਘੱਟ ਦਿਸਦੇ ਸਨ।

ਹਾਕੀ ਇੰਡੀਆ ਦੀ ਚੋਣ ਤੋਂ ਪਹਿਲਾਂ ਪ੍ਰਬੰਧਕੀ ਵਿਵਾਦ, ਫਿਰ ਹਾਕੀ ਟੀਮ ਦੇ ਖਿਡਾਰੀਆਂ ਦੇ ਖਰਚੇ ਦੀ ਬਗਾਵਤ ਭਾਰਤੀ ਹਾਕੀ ਟੀਮ ਲਈ ਸ਼ੁਭ ਸ਼ਗਨ ਨਹੀਂ ਸੀ। ਭਾਰਤੀ ਹਾਕੀ ਟੀਮ ਆਪਣਾ ਆਖਰੀ ਪੂਲ ਮੈਚ ਦੱਖਣੀ ਅਫਰੀਕਾ ਨਾਲ ਵੀ ਖੇਡੀ ਪਰ ਉਸਦਾ ਤਕਨੀਕੀ ਅਰਥ ਸੈਮੀਫਾਈਨਲ ਲਈ ਬੇਅਸਰ ਹੀ ਰਿਹਾ।

ਇਸ ੧੨ਵੇਂ ਵਿਸ਼ਵ ਹਾਕੀ ਕੱਪ ਮੁਕਾਬਲੇ ਵਿਚ ਆਸਟਰੇਲੀਆ ਦੀ ਟੀਮ ਦੇ ਦੱਖਣੀ ਅਫਰੀਕਾ ਨੂੰ ੧੨-੦ ਗੋਲਾਂ ਨਾਲ ਹਰਾਕੇ ਵਿਸ਼ਵ ਰਿਕਾਰਡ ਕਾਇਮ ਕੀਤਾ ਤੇ ਡਿਊਨਰ ਨੇ ਸਭ ਤੋਂ ਵੱਧ ਪੰਜ ਗੋਲ ਕਰਕੇ ਮੁਕਾਬਲੇ ਦਾ ਉਤਮ ਸਕੋਰਰ ਬਣਿਆ। ਉਧਰ ਏ ਪੂਲ ਵਿਚ ਹਾਲੈਂਡ, ਜਰਮਨੀ , ਨਿਊਜ਼ੀਲੈਂਡ, ਦੱਖਣੀ ਕੋਰੀਆ, ਅਰਜਨਟਾਈਨਾ ਤੇ ਕਨੇਡਾ ਸਨ। ਕਨੇਡਾ ਟੀਮ ਸਾਰੇ ਪੂਲ ਮੈਚ ਹਾਰੀ। ਵਿਸ਼ਵ ਕੱਪ ਹਾਕੀ ਦੇ ਆਖਰੀ ਚਾਰਾਂ ਵਿਚ ਨੀਂਦਰਲੈਂਡ, ਜਰਮਨੀ,



Namdhari Elibrary NamdhariElibrary@gmail.com



ਇੰਗਲੈਂਡ ਤੇ ਆਸਟਰੇਲੀਆ ਸਨ। ਇਸ ਵਾਰ ਵਿਸ਼ਵ ਕੱਪ ਹਾਕੀ ਦੇ ਨਵੇਂ ਨਿਯਮ ਰੇਫਰਲ ਨਾਲ ਸਭ ਤੋਂ ਵੱਧ ਨੁਕਸਾਨ ਭਾਰਤ ਨੂੰ ਹੀ ਹੋਇਆ ਕਿਉਂਕਿ ਸੈਂਟਰ ਫਾਰਵਰਡ ਸ਼ਵਿੰਦਰ ਸਿੰਘ ਤੇ ਦੋ ਮੈਚ ਸਪੇਨ ਤੇ ਇੰਗਲੈਂਡ ਨਾਲ ਖੇਡਣ ਤੇ ਪਾਬੰਦੀ ਨੇ ਭਾਰਤੀ ਹਾਕੀ ਟੀਮ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ।

ਵਰਿਆਮ ਦੇ ਦੇਸ ਵਿਦੇਸ ਦੇ ਪਾਠਕਾਂ ਲਈ ਹਾਕੀ ਅਲੋਚਨਾ ਦਾ ਖੋਜੀ ਪੱਖ ਇਹ ਹੈ ਕਿ ੨੦੧੦ ਦੇ ਵਿਸ਼ਵ ਕੱਪ ਹਾਕੀ ਮੁਕਾਬਲੇ ਵਿਚ ਏਸ਼ੀਆਂ ਦੀ ਹਾਕੀ ਬੁਰੀ ਤਰ੍ਹਾਂ ਹਾਰੀ ਹੈ। ਪਾਕਿਸਤਾਨ, ਭਾਰਤ ਤੇ ਦੱਖਣੀ ਕੋਰੀਆ ਦੀਆਂ ਹਾਕੀ ਟੀਮਾਂ ਸੈਮੀਫਾਈਨਲ ਵਿਚ ਨਹੀਂ ਪੁਜ ਸਕੀਆਂ। ਯੂਰਪੀ ਹਾਕੀ ਸ਼ੈਲੀ ਭਾਰੂ ਰਹੀ ਹੈ। ਅਗਲਾ ਪ੍ਰਸ਼ਨ ਇਹ ਹੈ ਕਿ ਕੀ ੧੩ਵੇਂ ਵਿਸ਼ਵ ਕੱਪ ਹਾਕੀ ਮੁਕਾਬਲੇ ਵਿਚ ਭਾਰਤ ਸਮੇਤ ਏਸ਼ੀਆ ਇੰਝ ਹੀ ਤਮਗਾ ਦੌੜ ਤੇ ਪਛੜੇਗਾ ਜਾਂ ਜੇਤੂ ਹੋਵੇਗਾ।

ਵਿਸ਼ਵ ਕੱਪ ਹਾਕੀ ਦੇ ਇਤਿਹਾਸ ਤੇ ਝਾਤੀ ਮਾਰੀਏ ਤਾਂ ੧੯੭੧ ਪਾਕਿਸਤਾਨ, ੧੯੭੩ ਨੀਦਰਲੈਂਡ, ੧੯੭੫ ਭਾਰਤ ੧੯੭੮ ਪਾਕਿਸਤਾਨ, ੧੯੮੨ ਪਾਕਿਸਤਾਨ, ੧੯੮੬ ਆਸਟਰੇਲੀਆ ੧੯੯੦ ਨੀਦਰਲੈਂਡ ੧੯੯੪ ਪਾਕਿਸਤਾਨ ੧੯੯੮ ਨੀਦਰਲੈਂਡ, ੨੦੦੨ ਤੇ ੨੦੦੬ ਜਰਮਨੀ ਜੇਤੂ ਰਹੇ ਹਨ। ਭਾਰਤੀ ਹਾਕੀ ੧੯੭੧ ਵਿਚ ਕਾਂਸੀ ਤੇ ੧੯੭੩ ਵਿਚ ਚਾਂਦੀ ਤਮਗਾ ਜੇਤੂ ਸੀ, ਪਰ ੧੯੭੮ ਤੋਂ ੨੦੧੦ ਤੱਕ ਸੈਮੀਫਾਈਨਲ ਨਹੀਂ ਪੁੱਜ ਸਕੀ।

ਜ਼ਿਕਰਯੋਗ ਹੈ ਕਿ ਭਾਰਤ ਅਤੇ ਆਸਟਰੇਲੀਆ ਵਿਚਾਲੇ ਛੇਤੀ ਹੀ ਹਾਕੀ ਕੱਪ ਹੋ ਰਿਹਾ ਹੈ ਜਿਸ ਵਿਚ ਭਾਰਤ ਲਈ ਫਿਰ ਚਣੌਤੀ ਹੋਣੀ ਹੈ ਕਿ ਕੀ ਭਾਰਤ ਆਪਣੀ ਹਾਕੀ ਨੂੰ ਫਿਰ ਜੇਤੂ ਲੀਹਾਂ ਤੇ ਲਿਆਉਂਦਾ ਹੈ ਕਿ ਨਹੀਂ ? ਅੱਠ ਵਾਰ ਉਲਪਿਅਨ ਜੇਤੂ ਹੀਰੋ ਤੇ ਇਕ ਵਾਰ ਵਿਸ਼ਵ ਕੱਪ ਹਾਕੀ ਜੇਤੂ ਭਾਰਤੀ ਹਾਕੀ ਦੇ ਪ੍ਰਬੰਧਕਾ ਨੂੰ ਭਾਰਤੀ ਹਾਕੀ ਨੂੰ ਫਿਰ ਜੇਤੂ ਮਾਨ ਵੱਲ ਸੰਘਰਸ਼ ਕਰਨ ਦੀ ਪ੍ਰੇਰਨਾ ਤੇ ਤਕਨੀਕੀ ਖੇਡ ਖੇਡਣ ਦੀ ਸਾਡੀ ਕਾਮਨਾ ਹੈ। ਇਥੇ ਹਾਕੀ ਅਲੋਚਕ ਕਵੀ ਪੱਟੀ ਦਾ ਵਿਅੰਗ ਕਾਟ ਕਰਦਾ ਹੈ—

ਹਾਰੀ ਭਾਰਤੀ ਹਾਕੀਏ, ਆਪਣਾ ਮੂਲ ਸੰਭਾਲ
ਜੇਤੂ ਫੱਟੇ ਖੜਕਾਉਣੇ, ਚਲ ਤਕਨੀਕੀ ਚਾਲ
ਵਿਸ਼ਵ ਹਾਕੀ ਸੰਗ, ਨਵੇਂ ਨਿਯਮ ਢਾਲ
ਏਸ਼ੀਆ ਹਾਕੀ ਚਨੌਤੀ, ਯੂਰਪ ਕਰੇ ਕਮਾਲ
ਭਾਰਤੀ ਹਾਕੀ ਖਿਡਾਰੀਓ, ਜਿੱਤੋ ਜੁਗਤਾਂ ਨਾਲ।



Namdhari Elibrary NamdhariElibrary@gmail.com

## "ਵੀਹਵੀਂ ਸਦੀ ਵਿਚ ਨਾਮਧਾਰੀ ਸਿੱਖ" ਵਿਸ਼ੇ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਸਫਲ ਤੇ ਸ਼ਾਨਦਾਰ ਸੈਮੀਨਾਰ

ਅੰਮ੍ਰਿਤਸਰ-ਇਥੇ ੨੨ ਫਰਵਰੀ ੨੦੧੦ ਈ. ਨੂੰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਵਲੋਂ, ਚੇਅਰ ਦੇ ਮੁਖੀ ਪ੍ਰਸਿੱਧ ਇਤਿਹਾਸਕਾਰ ਡਾ. ਜੋਗਿੰਦਰ ਸਿੰਘ ਹੋਰਾਂ ਦੀ ਮਿਹਨਤ ਸਦਕਾ ਵੀਹਵੀਂ ਸਦੀ ਵਿਚ ਨਾਮਧਾਰੀ ਸਿੱਖ ਵਿਸ਼ੇ ਤੇ ਇਕ ਸ਼ਾਨਦਾਰ ਸੈਮੀਨਾਰ ਦਾ ਸਫਲ ਆਯੋਜਨ, ਗੁਰੂ ਨਾਨਕ ਅਡੀਟੋਰੀਅਮ ਵਿਖੇ ਕੀਤਾ ਗਿਆ। ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਜਾਇਬ ਸਿੰਘ ਬਰਾੜ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਤਿਹਾਸ ਵਿਗਿਆਨਕ ਢੰਗ ਨਾਲ ਲਿਖਿਆ ਜਾਣਾ ਚਾਹੀਦਾ ਹੈ ਅਤੇ ਕੋਈ ਵੀ ਇਤਿਹਾਸ ਸਹੀ ਤੱਥਾਂ ਤੋਂ ਬਗੈਰ ਮੁਕੰਮਲ ਨਹੀਂ ਹੋ ਸਕਦਾ। ਉਨ੍ਹਾਂ ਨੇ ਨਾਮਧਾਰੀ ਸਿੱਖਾਂ ਦੀ ਆਜ਼ਾਦੀ ਸੰਗਰਾਮ ਅਤੇ ਸਮਾਜਿਕ ਉਨਤੀ ਲਈ ਯੋਗਦਾਨ ਨੂੰ ਮਹੱਤਵਪੂਰਨ ਦੱਸਿਆ।

ਇਸ ਤੋਂ ਪਹਿਲਾਂ ਡਾ. ਸਤਿੰਦਰ ਸਿੰਘ ਨੂਰ ਨੇ ਆਪਣਾ ਉਦਘਾਟਨੀ ਭਾਸ਼ਨ ਦਿੰਦਿਆਂ, ਗੁਰੂ ਰਾਮ ਸਿੰਘ ਜੀ ਦੀਆਂ ਸਿੱਖਿਆਵਾਂ ਨੂੰ ਉਹਨਾਂ ਦੇ ਹੁਕਮਨਾਮਿਆਂ ਦੇ ਸੰਦਰਭ ਵਿਚ ਬਿਆਨ ਕੀਤਾ। ਸਕੂਲ ਆਫ ਸੋਸ਼ਲ ਸਾਇੰਸਜ਼ ਦੇ ਮੁਖੀ ਡਾ. ਸੁਖਦੇਵ ਸਿੰਘ ਸੋਹਲ ਨੇ ਵਿਦਵਾਨਾਂ ਬਾਰੇ ਜਾਣ ਪਛਾਣ ਕਰਵਾਈ। ਚੇਅਰ ਦੇ ਮੁਖੀ ਡਾ. ਜੋਗਿੰਦਰ ਸਿੰਘ ਨੇ ਨਾਮਧਾਰੀ ਇਤਿਹਾਸ ਤੇ ਸੰਖੇਪ ਚਾਨਣਾ ਪਾਉਂਦਿਆਂ ਇਸਦੇ ਤਕਰੀਬਨ ੧੭੫ ਸਾਲਾ ਇਤਿਹਾਸ ਦੇ ਚਾਰ ਮੁੱਖ ਪੜਾਵਾਂ ਦਾ ਜ਼ਿਕਰ ਕੀਤਾ ਜਿਹਾ ਕਿ ਗੁਰੂ ਬਾਲਕ ਸਿੰਘ ਨਿਰਗੁਣ ਭਗਤੀ ਤੇ ਸਿੱਖ ਸਹਿਜਧਾਰੀ ਪਰੰਪਰਾ ਦਾ ਸੁਮੇਲ ਸਨ। ਸਤਿਗੁਰੂ ਰਾਮ ਸਿੰਘ ਜੀ ਵਾਲਾ ਦੂਜਾ ਦੌਰ ਇਸ ਲਈ ਮਹੱਤਵਪੂਰਨ ਹੈ ਕਿ ਸਤਿਗੁਰੂ ਜੀ ਨਾ ਸਿਰਫ ਸਮਾਜ ਸੁਧਾਰਕ ਹਨ ਸਗੋਂ ਗੁਰਬਾਣੀ ਤੇ ਸਿੱਖ ਗਰੰਥਾਂ ਤੇ ਆਧਾਰਿਤ ਉਹਨਾਂ ਦੁਆਰਾ ਪ੍ਰਸਤਾਵਿਤ ਨਵਾਂ ਸਮਾਜਿਕ ਆਰਥਿਕ ਪ੍ਰਬੰਧ ਅੰਗਰੇਜ਼ਾਂ ਦੁਆਰਾ ਥੋਪੇ ਪ੍ਰਬੰਧ ਦੇ ਵਿਰੋਧ ਵਿਚ ਖੜਾ ਹੈ। ਤੀਜੇ ਦੌਰ ਵਿਚ ਵੀਹਵੀਂ ਸਦੀ ਵਿਚ ਰਾਜ ਦਾ ਜਬਰ ਤਾਂ ਕੂਕਿਆਂ ਵਿਰੁੱਧ ਜਾਰੀ ਹੈ ਪਰ ਭਾਈਚਾਰਾ ਉਹਨਾਂ ਨੂੰ ਆਪਣੇ ਵਿਚੋਂ ਨਿਖੇੜ ਦਿੰਦਾ ਹੈ। ਇਸ ਲਈ ਨਾਮਧਾਰੀਆਂ ਵਿਚ ਪ੍ਰਮੁੱਖ ਰੁਝਾਨ, ਇਸ ਸਮੇਂ ਖੱਬੇ ਪੱਖੀ ਕਿਰਤੀ ਕਿਸਾਨ ਤਾਕਤਾਂ ਨਾਲ ਸਹਿਯੋਗ ਵਾਲਾ ਹੈ। ਚੌਥਾ ਦੌਰ ਦੇਸ਼ ਦੀ ਵੰਡ ਅਤੇ ਮੁੜ ਵਸੇਬੇ ਦਾ ਹੈ। ਇਸ ਵਿਚ ਨਾਮਧਾਰੀ ਹਿੰਦੂ ਸਿੱਖਾਂ ਦੇ ਨਾਲ ਹੀ ਹਨ। ਸਤਿਗੁਰੂ ਪ੍ਰਤਾਪ ਸਿੰਘ ਹੀ ਇਕ ਮਾਤਰ ਐਸੇ ਸਮਾਜਿਕ ਧਾਰਮਿਕ ਆਗੂ ਹਨ ਜੋ ਆਪਣੇ ਭਾਈਚਾਰੇ ਦੇ ਮੁੜ ਵਸੇਬੇ ਲਈ ਫਿਕਰਮੰਦ ਹਨ। ਜੀਵਨ ਨਗਰ (ਸਿਰਸਾ) ਦਾ ਦੂਜਾ ਕੇਂਦਰ ਸਥਾਪਿਤ ਕਰਦੇ ਹਨ।

ਆਪਣੇ ਕੁੰਜੀਵੱਤ ਭਾਸ਼ਣ ਵਿਚ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ, ਗਤੀਸ਼ੀਲ ਮਾਰਕਸਵਾਦੀ ਚਿੰਤਕ, ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਵਿਚ ਕੂਕਾ ਅੰਦੋਲਨ ਦੀ ਭੂਮਿਕਾ ਰਾਹ ਦਸੇਰੇ ਅਤੇ ਮੋਢੀਆਂ ਵਾਲੀ ਸੀ। ਜਦੋਂ ਕਿ ਬਰਤਾਨਵੀ ਸਾਮਰਾਜ ਪ੍ਰਤੀ ਸੰਗਠਤ ਰੂਪ ਵਿਚ ਵਿਦਰੋਹ ਕਰਨ ਵਾਲੀ ਇਹ ਪੰਜਾਬ ਦੀ ਪਹਿਲੀ ਲੋਕ ਲਹਿਰ ਸੀ, ਜਿਸ ਦਾ ਆਪਣਾ ਵਿਸ਼ਾਲ ਜਨਅਧਾਰ ਸੀ। ਸਤਿਗੁਰੂ ਰਾਮ ਸਿੰਘ ਵਲੋਂ ਸਥਾਪਿਤ ਨਾਮਧਾਰੀ ਸੰਤ ਖਾਲਸਾ, ਮੂਲਰੂਪ ਵਿਚ ਸਿੱਖ ਪੁਨਰ ਜਾਗਰਣ ਦੀ ਕੌਮੀ ਆਧਾਰ ਵਾਲੀ ਲਹਿਰ ਸੀ, ਜਿਸਦਾ ਆਪਣੇ ਸਪੱਸ਼ਟ ਰਾਜਸੀ ਮਨੋਰਥ ਦੇ ਨਾਲ ਨਾਲ ਇਸ ਦਾ ਸਮਾਜ ਸਭਿਆਚਾਰਕ ਪਰਿਵਰਤਨ ਏਜੰਡਾ ਵੀ ਸੀ। ਉਨ੍ਹਾਂ ਕਿਹਾ ਕੂਕਾ ਅੰਦੋਲਨ ਉਚੇਰੇ ਮਾਨਵੀ ਆਦਰਸ਼ਾਂ ਕਰਕੇ ਵੀਹਵੀਂ ਸਦੀ ਦੀਆਂ ਕੌਮੀ ਸੁਤੰਤਰਤਾ ਲਹਿਰਾਂ, ਪ੍ਰਗਤੀਸ਼ੀਲ ਅਤੇ ਤਰਕਸ਼ੀਲ ਸੰਗਠਨਾਂ ਲਈ ਰੋਲਮਾਡਲ ਬਣਿਆ। ਉਹਨਾਂ ਕਿਹਾ ਦੇਸ਼ ਦੀ ਵੰਡ ਤੋਂ ਬਾਅਦ ਨਾਮਧਾਰੀ ਸਿਖਾਂ ਦੇ ਮੁੜ ਵਸੇਬੇ, ਔਰਤ ਦੇ ਉਥਾਨ, ਸਮਾਜਿਕ ਸੁਧਾਰ ਦੇ ਕੰਮਾਂ, ਵਿਦਿਆ, ਸੰਗੀਤ ਅਤੇ ਖੇਡਾਂ ਦੇ ਖੇਤਰ ਵਿਚ ਨਾਮਧਾਰੀ ਲਹਿਰ ਦਾ ਅਦੁੱਤੀ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਵੀਹਵੀਂ ਸਦੀ ਦੇ ਨਾਮਧਾਰੀ ਸਿੱਖ ਵਖੋ ਵੱਖਰੀ ਵਿਚਾਰਧਾਰਾ ਹੋਣ ਕਰ ਕੇ ਰਾਜਸੀ ਪਾਰਟੀਆਂ ਨਾਲ ਵੀ ਸਬੰਧਿਤ ਹਨ, ਪਰ ਇਸ ਦੇ ਬਾਵਜੂਦ ਉਹ ਆਪਣੀ ਸੰਪਰਦਾਇ ਦੀ ਫਿਲਾਸਫੀ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਨਾਮਧਾਰੀਆਂ ਨੇ ਜਿਹੜਾ ਸਭਿਆਚਾਰ ਪੈਦਾ ਕੀਤਾ ਸੀ ਉਸਨੂੰ ਸਮਝਣ ਤੇ ਪੰਜਾਬ ਵਿਚ ਲਿਆਉਣ ਦੀ ਲੋੜ ਹੈ।

ਇਸ ਮੌਕੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ



Namdhari Elibrary NamdhariElibrary@gmail.com

ਸਿੰਘ ਹੰਸਪਾਲ ਨੇ ਕਿਹਾ ਕਿ ਅੰਗਰੇਜ਼ ਨੇ ਆਪਣੀ ਪਾਲਸੀ ਤਹਿਤ ਧਰਮ ਤੇ ਫਿਰਕੇ ਵੰਡੇ ਅਤੇ ਉਹ ਸਿੱਖ ਸਮਾਜ ਨੂੰ ਵੀ ਵੰਡ ਗਿਆ। ਅੱਜ ਵੀ ਅੰਗਰੇਜ਼ ਵਾਲੀ ਜ਼ਿਹਨੀਅਤ ਤੋਂ ਅਸੀਂ ਮੁਕਤ ਨਹੀਂ ਹੋਏ। ਦਰਬਾਰ ਦੇ ਮੀਤ ਪ੍ਰਧਾਨ ਸ. ਸੁਰਿੰਦਰ ਸਿੰਘ ਨਾਮਧਾਰੀ ਅਤੇ ਅੰਮ੍ਰਿਤਸਰ ਦੀ ਨਾਮਧਾਰੀ ਸੰਗਤ ਨੇ ਹਾਜ਼ਰੀ ਵੀ ਲੁਆਈ ਅਤੇ ਲੰਗਰ ਦੀ ਸੇਵਾ ਵੀ ਲੁੱਟੀ। ਇਸ ਮੌਕੇ ਪਹਿਲੇ ਸੈਸ਼ਨ ਵਿਚ ਜਿਸ ਦੀ ਪ੍ਰਧਾਨਗੀ ਅਮਰੀਕਾ ਤੋਂ ਆਏ ਉੱਘੇ ਚਿੰਤਕ ਡਾ. ਸਵਰਾਜ ਸਿੰਘ ਨੇ ਕੀਤੀ ਸੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਤਿੰਨ ਪ੍ਰਮੁੱਖ ਇਤਿਹਾਸਕਾਰਾਂ ਡਾ. ਨਾਜ਼ਰ ਸਿੰਘ, ਡਾ. ਕੇ ਐਸ. ਬਾਜਵਾ ਅਤੇ ਪ੍ਰੋ. ਗਿਜ਼ਵਾਨੀ ਨੇ ਨਾਮਧਾਰੀ ਇਤਿਹਾਸ ਦੇ ਵਿਵਿਧ ਪਹਿਲੂਆਂ ਤੇ ਰੋਸ਼ਨੀ ਪਾਈ। ਤੀਸਰਾ ਸੈਸ਼ਨ ਲੰਗਰ ਤੋਂ ਬਾਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਡਾ. ਪਰਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਸਭ ਤੋਂ ਪਹਿਲਾਂ "ਦੇਸ਼ ਦਾ ਬਟਵਾਰਾ ਅਤੇ ਨਾਮਧਾਰੀਆਂ ਦਾ ਮੁੜ ਵਸੇਬਾ-ਸਿਰਸਾ ਖਿੱਤੇ ਦੇ ਸਬੰਧ ਵਿਚ-ਸੁਵਰਨ ਸਿੰਘ ਵਿਰਕ ਨੇ ਆਪਣਾ ਲਿਖਤ ਪਰਚਾ ਜ਼ਬਾਨੀ ਪੇਸ਼ ਕੀਤਾ। ਉਹਨਾਂ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਦੀ ਮਨਸ਼ਾ ਇਸ ਖਿਤੇ ਵਿਚ ਨਾਮਧਾਰੀਆਂ ਲਈ ਇਕ ਅਧਾਰਭੂਮੀ ਤਿਆਰ ਕਰਨੀ ਸੀ, ਜਿਸ ਵਿਚ ਉਹ ਸਫਲ ਵੀ ਹੋਏ ਅਤੇ ਅਜੇਹੇ ਮਸਲਿਆਂ ਨਾਲ ਸੰਬਧਿਤ ਦੁਸ਼ਵਾਰੀਆਂ ਵੀ, ਉਹਨਾਂ ਨੂੰ ਹੰਢਾਉਣੀਆਂ ਪਈਆਂ। ਇਸੇ ਵਿਸ਼ੇ ਤੇ ਗੌਰਮਿੰਟ ਨੈਸ਼ਨਲ ਕਾਲਜ ਸਿਰਸਾ ਦੇ ਲੈਕਚਰਾਰ ਡਾ. ਨਿਰਮਲ ਸਿੰਘ, ਪ੍ਰਸਿੱਧ ਵਿਦਵਾਨ ਦਵਿੰਦਰ ਸਿੰਘ ਗਿੱਲ ਜੀਆ ਨੱਥਾ, ਸੂਬਾ ਸੁਰਿੰਦਰ ਕੌਰ ਖਰਲ ਆਦਿ ਨੇ ਆਪਣੇ ਪਰਚੇ ਪੜ੍ਹੇ। 'ਆਜ਼ਾਦੀ ਤੋਂ ਬਾਅਦ ਦੇਸ਼ ਦੀ ਏਕਤਾ ਅਖੰਡਤਾ ਵਿਚ ਨਾਮਧਾਰੀ ਭਾਈਚਾਰੇ ਦੇ ਯੋਗਦਾਨ' ਬਾਰੇ ਪ੍ਰਸਿੱਧ ਲੇਖਕ ਪ੍ਰੋ. ਤਾਰਾ ਸਿੰਘ ਅਨਜਾਣ ਨੇ ਪਰਚਾ ਪੜ੍ਹਿਆ। "ਭਾਸ਼ਾ ਆਧਾਰਿਤ ਰਾਜ ਦੇ ਗਠਨ ਤੇ ਨਾਮਧਾਰੀ ਸਿੱਖਾਂ ਦੇ ਯੋਗਦਾਨ" ਬਾਰੇ ਨਾਮਧਾਰੀ ਇਤਿਹਾਸ ਦੇ ਪ੍ਰਸਿੱਧ ਖੋਜੀ ਸ. ਸੁਵਰਨ ਸਿੰਘ ਸਨੇਹੀ ਨੇ ਨਵੇਂ ਤੱਥਾਂ ਤੇ ਰੌਸ਼ਨੀ ਪਾਉਂਦਾ, ਸਤਿਗੁਰੂ ਜਗਜੀਤ ਸਿੰਘ ਜੀ ਨਾਲ, ਉਹਨਾਂ ਦੇ ਨਿਜੀ ਸਕੱਤਰ ਦੀ ਸੇਵਾ ਨਿਭਾਹੁੰਦਿਆਂ ਯਾਦਾਂ ਤੇ ਆਧਾਰਿਤ ਬੜਾ ਦਿਲਚਸਪ ਪਰਚਾ ਪੇਸ਼ ਕੀਤਾ। ਹਜ਼ੂਰੀ ਸੇਵਕ, ਸੰਤ ਹਰਪਾਲ ਸਿੰਘ ਸੇਵਕ ਹੋਰਾਂ ਵੀ ਸੈਮੀਨਾਰ ਵਿਚ ਸਾਰ ਗ੍ਰਭਿਤ ਟਿਪਣੀਆਂ ਕੀਤੀਆਂ। ਇਉਂ ਇਹ ਸਮਾਗਮ ਚੋਖੇ ਵਿਚਾਰ ਮੰਥਨ ਬਾਅਦ, ਅਕਾਦਮਿਕ ਹਲਕਿਆਂ ਵਿਚ ਇਕ ਰੌਚਕ ਪ੍ਰਭਾਵ ਪੈਦਾ ਕਰਨ ਵਾਲਾ ਹੋ ਨਿਬੜਿਆ।

## ਬੱਸੀਆ ਦੀ ਕੋਠੀ (ਰਾਇਕੋਟ) ਵਿਖੇ ਪਹਿਲਾ ਮਹਾਰਾਜ ਦਲੀਪ ਸਿੰਘ ਯਾਦਗਾਰੀ ਉਤਸਵ ਸਮੇਂ ਮਹਾਰਾਜਾ ਦਲੀਪ ਸਿੰਘ - ਕੂਕੇ ਰੂਸ ਸਬੰਧਾਂ ਤੇ ਚਰਚਾ

੧੪ ਮਾਰਚ ੨੦੧੦ ਅੱਜ ਰਾਇਕੋਟ ਦੇ ਨਜ਼ਦੀਕ ਪਿੰਡ ਬੱਸੀਆਂ ਦੇ ਬਾਹਰ ਕੋਈ ੨ ਕਿਲੋ ਮੀਟਰ ਤੇ ਸਥਿਤ ਬੱਸੀਆਂ ਦੀ ਕੋਠੀ ਵਿਖੇ ਦਿਨ ਭਰ ਮੇਲੇ ਵਰਗ ਮਾਹੌਲ ਰਿਹਾ। ਇਥੋਂ ਮਹਾਰਾਜਾ ਦਲੀਪ ਸਿੰਘ, ਅੰਤਿਮ ਸਿੱਖ ਸਮਰਾਟ, ਜਿਸ ਨੂੰ ਲਾਹੌਲ ਤੋਂ ਫਤਹਿਗੜ੍ਹ (ਯੂ.ਪੀ.) ਲਿਜਾਂਦਿਆਂ ਪੰਜਾਬ ਵਿਚ ਆਖਰੀ ਰਾਤ ਇਸ ਕੋਠੀ ਵਿਖੇ ਕੱਟੀ ਸੀ। ਮਹਾਰਾਜਾ ਦਲੀਪ ਸਿੰਘ ਯਾਦਗਾਰੀ ਟਰੱਸਟ ਵੱਲੋਂ ਇਕ ਰਾਜ ਪੱਧਰੀ ਪਹਿਲਾ ਸਮਾਗਮ ਕੀਤਾ ਗਿਆ। ਰਾਇਕੋਟ ਦੇ ਨਾਮਧਾਰੀ ਸ਼ਹੀਦਾਂ ਤੇ ਮੁਕਦਮਾ ਵੀ ਇਸੇ ਕੋਠੀ ਵਿਚ ਚੱਲਿਆ ਸੀ ਅਤੇ ੨੮ ਜੁਲਾਈ ੧੮੭੧ ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਮ੍ਰਿਤਸਰ ਅਤੇ ਰਾਇਕੋਟ ਬੁੱਚੜ ਬੱਧ ਦੇ ਸਾਕਿਆਂ ਵਿਚ ਉਹਨਾਂ ਦੀ ਸ਼ਮੂਲੀਅਤ ਬਾਰੇ ਪੁੱਛ-ਗਿੱਛ ਕਰਨ ਲਈ ਕਮਿਸ਼ਨਰ ਅਤੇ ਡੀ.ਸੀ. ਨੇ ਸੱਦਿਆ ਸੀ ਜਿੱਥੇ ਉਹ ਦਿਨ ਭਰ ਰਹੇ ਸਨ। ਇਸ ਟਰੱਸਟ ਦੇ ਮੁਖੀ ਪ੍ਰਿੰਸੀਪਲ ਗੁਰਮੁੱਖ ਸਿੰਘ ਮਾਨੂਕੇ ਸਰਪ੍ਰਸਤ ਜਸਦੇਵ ਸਿੰਘ ਜੱਸੋਵਾਲ ਅਤੇ ਸਵਰਾਜ ਸਿੰਘ ਅਮਰੀਕਾ ਆਦਿ ਪ੍ਰਸਿੱਧ ਸ਼ਖਸੀਅਤਾਂ ਇਲਾਕੇ ਦੇ ਵਿਧਾਇਕਾਂ ਸਾਬਕਾ ਵਿਧਾਇਕਾਂ ਅਤੇ ਅਤੇ ਮੰਤਰੀ ਸ. ਹੀਰਾ ਸਿੰਘ ਗਬੜੀਆਂ, ਕੂਕਾ ਮਾਰਟਰ ਮੈਮੋਰੀਅਲ ਟਰਸਟ ਦੇ ਮੀਤ ਪ੍ਰਧਾਨ ਸੁਰਿਦਰ ਸਿੰਘ ਨਾਮਧਾਰੀ ਦਲਜੀਤ ਸਿੰਘ ਬੱਲ ਮਾਲਵਾ ਸੱਥ ਦੇ ਡਾ. ਲਖਬੀਰ ਸਿੰਘ ਨਾਮਧਾਰੀ ਆਦਿ ਸਮੇਤ ਹਾਜਰ ਸਨ। ਸ਼ਬਦ ਕੀਰਤਨ, ਢਾਡੀ ਦਰਬਾਰ ਅਤੇ ਗਤਕੇ ਦੇ ਜੌਹਰਾਂ ਤੋਂ ਇਲਾਵਾ ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧਿਤ ਚਿੱਤਰ ਪ੍ਰਦਰਸ਼ਨੀ ਅਤੇ ਕੂਕਾ ਇਤਿਹਾਸ ਦੀ ਸ੍ਰੀ ਭੈਣੀ ਸਾਹਿਬ ਤੋਂ ਆਈ ਚਿੱਤਰ ਪ੍ਰਦਰਸ਼ਨੀ ਵਿਸ਼ੇਸ਼ ਆਕਰਸ਼ਣ ਸਨ। ਡਾ. ਜਸਬੀਰ ਸਿੰਘ ਆਹਲੂਵਾਲੀਆ, ਡਾ. ਜਗਤਾਰ ਸਿੰਘ ਗਰੇਵਾਲ, ਡਾ. ਸਵਰਾਜ ਸਿੰਘ ਅਮਰੀਕਾ ਡਾ. ਸੁਖਦਿਆਲ ਸਿੰਘ, ਸਾਬਕਾ ਸੈਸ਼ਨ ਜੱਜ ਅਵਤਾਰ ਸਿੰਘ ਗਿੱਲ, ਡਾ. ਹਰਿਭਜਨ ਸਿੰਘ ਦਿਓਲ, ਪ੍ਰਿੰਸੀਪਲ ਰਾਮ ਸਿੰਘ, ਚਰਨ ਸਿੰਘ ਗਰੇਵਾਲ ਅਮਰੀਕਾ, ਸੰਤ ਹਰਪਾਲ ਸਿੰਘ ਸੇਵਕ ਅਤੇ ਕਾ. ਸੁਵਰਨ ਸਿੰਘ ਵਿਰਕ ਵੀ ਬੁਲਾਰਿਆਂ ਵਿੱਚ ਸ਼ਾਮਲ ਸਨ।

ਕਾ. ਵਿਰਕ ਨੇ ਆਪਣਏ ਪਰਚੇ "ਕੂਕੇ ਅਤੇ ਮਹਾਰਾਜਾ ਦਲੀਪ ਸਿੰਘ ਇਕੋ ਰਾਹ ਦੇ ਪਾਂਧੀ" ਵਿਚ ਦੱਸਿਆ ਕਿ ਕਿਸ ਤਰ੍ਹਾਂ ਦਲੀਪ ਸਿੰਘ ਦੀ ਦੇਸ਼ ਵਾਪਸੀ ਤੋਂ ਕੂਕਿਆਂ ਨੂੰ ਆਪਣੇ ਬੰਦੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਤ ਆਉਣ ਦੀ ਭਾਰੀ ਆਸ ਬੱਝ ਗਈ ਸੀ ਅਤੇ ਇਸ ਮਕਸਦ ਲਈ ਉਹ ਸਿਰਾਂ ਤੇ ਖੱਫਣ ਬਨ੍ਹ ਕੇ ਕੋਈ ਵੀ ਜੋਖਮ ਉਠਾਉਣ



Namdhari Elibrary NamdhariElibrary@gmail.com

ਲਈ ਹਜ਼ਾਰਾਂ ਦੀ ਗਿਣਤੀ ਵਿਚ ਲੱਕ ਬੰਨ੍ਹ ਬੈਠੇ ਸਨ। ਦਲੀਪ ਸਿੰਘ ਰੂਸ ਕੂਕਾ ਸਬੰਧ ਸਾਡੇ ਕੌਮੀ ਮੁਕਤੀ ਸੰਗਰਾਮ ਦਾ ਇਕ ਭੁੱਲਾ ਵਿਸਰਿਆ ਪਰ ਸ਼ਾਨਦਾਰ ਅਧਿਆਇ ਹਨ ਜਿਸ ਬਾਰੇ ਹੋਰ ਖੋਜ ਹੋਣੀ ਚਾਹੀਦੀ ਹੈ। ਵਿਦੇਸ਼ ਵਿਚ ਛਪੀ "ਮਹਾਰਾਜਾ' ਜ਼ ਵਾਕਸ" ਵਰਗੀ ਪ੍ਰਸਿਧ ਕਿਤਾਬ ਦਾ ਲੇਖਕ ਵੀ ਇਹਨਾਂ ਸਬੰਧਾਂ ਤੇ ਚਾਨਣਾ ਪਾਉਂਦਾ ਹੈ। ਹੋਰਨਾਂ ਸਮੇਤ ਨਾਮਧਾਰੀ ਵਿਦਵਾਨਾਂ ਨੂੰ ਵੀ ਸਿਰੋ ਪਾਉ ਅਤੇ ਮਹਾਰਾਜਾ ਦਲੀਪ ਸਿੰਘ ਹੋਰਾਂ ਦੀ ਸ਼ਾਨਦਾਰੀ ਯਾਦਗਾਰੀ ਤਸਵੀਰ ਨਾਲ ਟਰੱਸਟ ਨੇ ਨਿਵਾਜਿਆ।

## ਡਾ. ਰਤਨ ਸਿੰਘ ਜੱਗੀ ਨੂੰ ਸਰਬੋਤਮ ਸਾਹਿਤਕਾਰ ਦਾ ਪੁਰਸਕਾਰ

ਪੰਜਾਬੀ ਅਕਾਦਮੀ ਦਿੱਲੀ ਨੇ ਸਾਲ ੨੦੦੯-੨੦੧੦ ਦੇ ਸਾਲਾਨਾ ਸਾਹਿਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਇਨਾਮਾਂ ਦਾ ਐਲਾਨ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਿਤ (ਚੇਅਰਪਰਸਨ ਪੰਜਾਬੀ ਅਕਾਦਮੀ) ਦੀ ਪ੍ਰਵਾਨਗੀ ਨਾਲ ਪੰਜਾਬੀ ਅਕਾਦਮੀ ਦੀ ਗਵਰਨਿੰਗ ਕੌਂਸਿਲ ਨੇ ਕੀਤਾ। ਪੰਜਾਬੀ ਸਾਹਿਤ ਨੂੰ ਸਰਬੋਤਮ ਯੋਗਦਾਨ ਲਈ ਇਸ ਸਾਲ ਦਾ ਸਨਮਾਨ ਉਘੇ ਸਾਹਿਤਕਾਰ ਡਾ. ਰਤਨ ਸਿੰਘ ਜੱਗੀ ਨੂੰ ਦਿੱਤਾ ਗਿਆ ਹੈ। ਸੀਨੀਅਰ ਸਾਹਿਤਕਾਰ ਡਾ. ਜੱਗੀ ਪੰਜਾਬੀ ਦੇ ਮੰਨ-ਪ੍ਰਮੰਨੇ ਸਾਹਿਤਕਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਹਿਰ ਮੰਨੇ ਜਾਂਦੇ ਹਨ। ਉਨ੍ਹਾਂ ਨੂੰ ਸਾਹਿਤ ਅਕਾਦਮੀ (ਭਾਰਤ ਸਰਕਾਰ) ਦਾ ਅਨੁਵਾਦ ਪੁਰਸਕਾਰ ਅਤੇ ਪੰਜਾਬ ਸਰਕਾਰ ਦਾ ਸਾਹਿਤ ਸ਼੍ਰੋਮਣੀ ਪੁਰਸਕਾਰ ਮਿਲੇ ਹੋਏ ਹਨ। ਆਪ ਦੁਆਰਾ ਰਚਿਤ ਪੁਸਤਕਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼, ਸ਼ਬਦ ਬੋਧ, ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ ਪ੍ਰਮੁੱਖ ਹਨ। ਇਸੇ ਤਰ੍ਹਾਂ ਹੀ ਪੰਜਾਬੀ ਸੱਭਿਆਚਾਰ ਨੂੰ ਸਰਬੋਤਮ ਯੋਗਦਾਨ ਲਈ ਇਸ ਸਾਲ ਦਾ ਸਨਮਾਨ ਉੱਘੇ ਪੇਂਟਰ ਸ੍ਰੀ ਸਤੀਸ਼ ਗੁਜਰਾਲ ਨੂੰ ਦਿੱਤਾ ਗਿਆ ਹੈ। ਸ੍ਰੀ ਸਤੀਸ਼ ਗੁਜਰਾਲ ਵੱਲੋਂ ਬਣਾਈਆਂ ਪੇਂਟਿੰਗਜ਼ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆ ਭਰ ਵਿਚ ਸਲਾਹੀਆਂ ਗਈਆਂ ਹਨ। ਇਨ੍ਹਾਂ ਇਨਾਮਾਂ ਵਿਚ ਡੇਢ ਲੱਖ ਰੁਪਏ ਨਗਦ, ਪ੍ਰਸੰਸਾ ਪੱਤਰ ਅਤੇ ਅਕਾਦਮੀ ਦਾ ਯਾਦਗਾਰੀ ਚਿੰਨ੍ਹ ਦਿੱਤਾ ਜਾਵੇਗਾ।

## ਮਾਤਾ ਹਰਬੰਸ ਕੌਰ ਨਮਿਤ ਸਮਾਗਮ

ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਇਤਿਹਾਸਕਾਰ ਸ. ਜਸਵਿੰਦਰ ਸਿੰਘ ਹਿਸਟੋਰੀਅਨ ਦੇ ਮਾਤਾ ਹਰਬੰਸ ਕੌਰ ਜੀ (ਸਪੁਤਨੀ ਸਵ. ਸ. ਕਿਰਪਾਲ ਸਿੰਘ) ੮੭ ਸਾਲ ਦੀ ਉਮਰ ਭੋਗ ਕੇ ੧੨ ਫਰਵਰੀ ੨੦੧੦ ਨੂੰ ਸਦੀਵੀ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਮਾਤਾ ਜੀ ਪਿਛਲੇ ਕਈ ਮਹੀਨਿਆਂ ਤੋਂ ਢਿਲੇ ਚਲੇ ਆ ਰਹੇ ਸਨ।



ਮਾਤਾ ਹਰਬੰਸ ਕੌਰ ਜੀ ਦੇ ਪਿਤਾ ਸੰਤ ਹਰਨਾਮ ਸਿੰਘ ਜਦੋਂ ਲਾਹੌਰ ਰੇਲਵੇ ਦੇ ਬਿਜਲੀ ਮਹਿਕਮੇ ਵਿੱਚ ਕਮ ਕਰਦੇ ਸਨ, ਉਸ ਸਮੇਂ ਸ. ਊਧਮ ਸਿੰਘ ਸ਼ਹੀਦ ਨੇ ਵੀ ਰੇਲਵੇ ਵਿੱਚ ਥੋੜ੍ਹਾ ਸਮਾਂ ਨੌਕਰੀ ਕੀਤੀ ਅਤੇ ਵਜ਼ੀਰਿਸਤਾਨ ਦੀ ਗੜਬੜ ਸਮੇਂ (੧੯੧੯ ਈ.) ਸੰਤ ਹਰਨਾਮ ਸਿੰਘ ਅਤੇ ਊਧਮ ਸਿੰਘ ਇੱਕਠੇ ਹੀ ਉਥੇ ਕੰਮ ਕਰਨ ਗਏ ਸਨ ਅਤੇ ਸੰਤ ਜੀ ਅਕਸਰ ਊਧਮ ਸਿੰਘ ਨੂੰ ਅੰਗਰੇਜ਼ਾਂ ਵਲੋਂ ਨਾਮਧਾਰੀ ਸਮਾਜ ਨਾਲ ਕੀਤੀਆਂ ਜ਼ਿਆਦਤੀਆਂ ਬਾਰੇ ਦੱਸਦੇ ਰਹਿੰਦੇ ਸਨ। ਦੇਸ਼ ਭਗਤੀ ਦੇ ਮਾਹੌਲ ਦਾ ਅਸਰ ਮਾਤਾ ਜੀ 'ਤੇ ਵੀ ਸੀ ਅਤੇ ਜਦੋਂ ਭਗਤ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ ਸੀ, ਪੰਜਾਬ ਵਿੱਚ ਬਹੁਤ ਵਿਰੋਧ ਹੋਏ ਅਤੇ ਲਾਹੌਰ ਸ਼ਹਿਰ ਵਿੱਚ ਵਿਰੋਧਾਂ ਨੂੰ ਦਬਾਉਣ ਲਈ ਪੁਲਿਸ ਦੀ ਵਰਤੋਂ ਕੀਤੀ ਗਈ। ਰੈਵੋਲਿਊਸ਼ਨਰੀ ਪਾਰਟੀ ਵਾਲਿਆਂ ਨੇ ਵਿਰੋਧ ਲਈ ਬੱਚਿਆਂ ਨੂੰ ਭਗਤ ਸਿਘ ਸ਼ਹੀਦ ਦੇ ਨਾਅਰੇ ਲਗਵਾਏ ਅਤੇ ਛੋਟੀਆਂ ਬੱਚੀਆਂ ਤੋਂ ਸੜਕ 'ਤੇ 'ਭਗਤ ਸਿੰਘ ਦੀਆਂ ਘੋੜੀਆਂ' ਗਵਾਈਆਂ। ਇਕ ਐਸੇ ਸਮੇਂ ਕੁੜੀਆਂ ਦੀ ਟੋਲੀ ਵਿੱਚ ਮਾਤਾ ਹਰਬੰਸ ਕੌਰ ਜੀ ਵੀ ਸਨ। ਪੁਲਿਸ ਨੇ ਕੁੜੀਆਂ ਨੂੰ ਜਦੋਂ ਡਰਾਇਆ, ਉਹ ਭੱਜ ਗਈਆਂ ਪਰ ਹਰਬੰਸ ਕੌਰ ਖੜ੍ਹੋਤੀ ਰਹੀ ਅਤੇ ਇੱਕਲੀ ਨੇ ਪੁਲਿਸ ਦੀਆਂ ਚਪੇੜਾਂ ਖਾਧੀਆਂ। ਮਾਤਾ ਜੀ ਦੇਸ਼ ਭਗਤਾਂ ਦੀਆਂ ਸਾਖੀਆਂ ਜਸਵਿੰਦਰ ਸਿੰਘ ਹੁਰਾਂ ਨੂੰ ਬਚਪਨ ਵਿੱਚ ਸੁਣਾਇਆ ਕਰਦੇ ਸਨ ਜਿਸ ਨਾਲ ਉਨ੍ਹਾਂ ਨੂੰ ਇਤਿਹਾਸ ਦਾ ਸ਼ੌਕ ਜਾਗਿਆ।

ਮਾਤਾ ਹਰਬੰਸ ਕੌਰ ਦਾ ਜਨਮ ਪਿੰਡ ਔਲਖ ਬੇਰੀ (ਸ੍ਰੀ ਹਰਗੋਬਿੰਦਪੁਰ ਦੇ ਨੇੜੇ) ਵਿਖੇ ਹੋਇਆ ਸੀ ਅਤੇ ਸਾਰਾ ਬਚਪਨ ਲਾਹੌਰ ਹੀ ਬੀਤਿਆ ਜੋ ਉਹਨੀਂ ਦਿਨੀਂ ਨਾਮਧਾਰੀ ਭਾਈਚਾਰੇ ਦੀਆਂ ਸਰਗਰਮੀਆਂ ਦਾ ਕੇਂਦਰ ਹੁੰਦਾ ਸੀ। ਮਾਤਾ ਜੀ ਦੇ ਦੋ ਸਪੁੱਤਰ ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਸ. ਰਣਜੀਤ ਸਿੰਘ ਜੋ ਰੇਲਵੇ ਵਿੱਚ ਨੌਕਰੀ ਕਰਦੇ ਹਨ ਅਤੇ ਦੋ ਲੜਕੀਆਂ ਅਮਰਜੀਤ ਕੌਰ ਅਤੇ ਇੰਦਰਜੀਤ ਕੌਰ ਹਨ। ਇੰਦਰਜੀਤ


Namdhari Elibrary NamdhariElibrary@gmail.com

ਕੌਰ ਹਾਕੀ ਦੀ ਚੰਗੀ ਖਿਡਾਰਨ ਹੈ ਅਤੇ ਉਸ ਨੇ ਦਿੱਲੀ ਸਟੇਟ ਵੱਲੋਂ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿੱਚ ਵੀ ਹਿੱਸਾ ਲਿਆ। ਮਾਤਾ ਜੀ ਦੇ ਨਮਿਤ ੨੦ ਫਰਵਰੀ ੨੦੧੦ ਨੂੰ ਰੇਲਵੇ ਕਾਲੋਨੀ, ਸ਼ਕੂਰਬਸਤੀ ਵਿਖੇ ਭੋਗ ਪਾਇਆ ਗਿਆ। ਇਸ ਵਿੱਚ ਵੱਡੀ ਗਿਣਤੀ ਵਿੱਚ ਸ਼ੁੱਭ ਚਿੰਤਕਾਂ, ਰਿਸ਼ਤੇਦਾਰਾਂ ਅਤੇ ਮਿੱਤਰਾਂ ਤੋਂ ਇਲਾਵਾ ਸ. ਹਰਵਿੰਦਰ ਸਿੰਘ ਹੰਸਪਾਲ (ਮੈਂਬਰ ਕੌਮੀ ਘੱਟ ਗਿਣਤੀ ਕਮਿਸ਼ਨ), ਜਥੇਦਾਰ ਬਲਦੇਵ ਸਿੰਘ ਰਾਣੀ ਬਾਗ (ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ), ਪ੍ਰੋ. ਤਾਰਾ ਸਿੰਘ ਅਨਜਾਣ, ਦਿੱਲੀ ਸਰਕਾਰ ਦੇ ਪਬਲਿਕ ਪ੍ਰੋਸੀਕਿਊਟਰ ਸ. ਗੁਰਭੇਜ ਸਿੰਘ ਗੁਰਾਇਆ ਆਦਿ ਸ਼ਾਮਲ ਹੋਏ। ਇਸ ਮੌਕੇ 'ਤੇ ਪਰਿਵਾਰ ਵੱਲੋਂ ਧਾਰਮਕ ਤੇ ਸਮਾਜਕ ਕਾਰਜਾਂ ਲਈ ਮਾਇਆ ਭੇਟ ਕੀਤੀ ਗਈ।

## ਜਸਬੀਰ ਕੌਰ ਮੱਲ੍ਹੀ ਕੈਨੇਡਾ ਦੀ ਪਹਿਲੀ ਬਰਸੀ 'ਤੇ



ਜਸਬੀਰ ਕੌਰ ਮੱਲ੍ਹੀ ਸੁਪਤਨੀ ਭੁਪਿੰਦਰ ਸਿੰਘ ਮੱਲ੍ਹੀ, ਪਿਛਲਾ ਪਿੰਡ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ੬ ਅਪ੍ਰੈਲ, ੨੦੦੯ ਵਾਲੇ ਦਿਨ ਬਿਮਾਰੀ ਨਾਲ ਜੂਝਦੇ ਹੋਏ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਜਨਮ ਖੇੜਾ ਦੋਨਾਂ ਜ਼ਿਲ੍ਹਾ ਕਪੂਰਥਲਾ ਵਿਖੇ ੧੬ ਅਪ੍ਰੈਲ ੧੯੫੨ ਵਾਲੇ ਦਿਨ ਹੋਇਆ। ਸੰਨ ੧੯੬੮ ਵਿਚ ਇੰਗਲੈਂਡ ਆ ਗਏ ਜਿੱਥੇ ਉਹਨਾਂ ਦੀ ਸ਼ਾਦੀ ੧੯੭੧ ਵਿਚ ਹੋਈ। ੧੯੭੫ ਵਿਚ ਕਨੇਡਾ ਆ ਕੇ ਉਨ੍ਹਾਂ ਪਹਿਲੇ ਦਿਨ ਤੋਂ ਹੀ ਲੋਕਾਂ ਦੀ ਆਪਣੇ ਹੱਕਾਂ ਵਾਸਤੇ ਜੱਦੋ-ਜਹਿਦ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਪਰਿਵਾਰਕ ਜ਼ੁੰਮੇਵਾਰੀਆਂ ਨਿਭਾਉਣ ਵਾਸਤੇ ਉਹ ਸੰਨ ੧੯੯੪ ਤੋਂ ਸੰਨ ੨੦੦੦ ਤੱਕ ਪੰਜਾਬ ਵਿਚ ਆਪਣੇ ਬਜ਼ੁਰਗਾਂ ਦੀ ਸਾਂਭ ਸੰਭਾਲ ਵਿਚ ਲੱਗੇ ਰਹੇ।

ਜਸਬੀਰ ਕੌਰ ਹਮੇਸ਼ਾਂ ਸਮਾਜ ਵਿਚ ਹੱਕ ਅਤੇ ਸੱਚ ਦੀ ਲੜਾਈ ਦੇ ਪੱਖ ਵਿਚ ਮੋਹਰਲੀਆਂ ਸਫ਼ਾਂ ਵਿਚ ਖੜ੍ਹੇ ਰਹੇ। ਬ੍ਰਿਟਿਸ਼ ਕੋਲੰਬੀਆ ਵਿਚ ਹਿੰਦੁਸਤਾਨੀ ਲੋਕਾਂ ਉੱਤੇ ਹੋ ਰਹੇ ਨਸਲੀ ਹਮਲਿਆਂ ਦੇ ਖ਼ਿਲਾਫ਼ ਸਾਥੀ ਹਰਦਿਆਲ ਦੀ ਅਗਵਾਈ ਹੇਠ ਈਸਟ ਇੰਡੀਅਨ ਡਿਫੈਂਸ ਕਮੇਟੀ ਤੇ ਨਵੰਬਰ ੨੦, ੧੯੮੦ ਨੂੰ ਬਣੀ ਜਥੇਬੰਦੀ ਪੀਪਲਜ਼ ਫਰੰਟ ਦੇ ਮੁਢਲੇ ਮੈਂਬਰ ਬਣੇ ਤੇ ਇਸ ਜੱਦੋ-ਜਹਿਦ ਵਿਚ ਪੂਰੀ ਤਨਦੇਹੀ ਨਾਲ ਹਿੱਸਾ ਪਾਇਆ। ਜਸਵੀਰ ਕੌਰ ਦੀ ਜ਼ਿੰਦਗੀ ਹਿੰਦੁਸਤਾਨੀ ਦੇਸ਼ ਭਗਤਾਂ ਵਲੋਂ ਪਾਈਆਂ ਪਿਰਤਾਂ, ਪੰਜਾਬੀ ਅਤੇ ਕਨੇਡੀਅਨ ਲੋਕਾਂ ਦੀ ਧੁਰ ਰੂਹ 'ਚੋਂ ਨਿਕਲੀਆਂ ਸੱਧਰਾਂ ਦਾ ਸੁਮੇਲ ਸੀ।

ਜਸਬੀਰ ਕੌਰ ਜੀ ਦੇ ਚਿਹਰੇ ਦੀ ਮੁਸਕਾਨ ਹੀ ਉਨ੍ਹਾਂ ਦੀ ਪਹਿਚਾਣ ਸੀ। ਉਨ੍ਹਾਂ ਜ਼ਿੰਦਗੀ ਦੀ ਹਰ ਚੁਨੌਤੀ ਦਾ ਸਾਹਮਣਾ ਖਿੜੇ ਮੱਥੇ ਕੀਤਾ ਅਤੇ ਹਰ ਰਿਸ਼ਤੇ ਨੂੰ ਪੂਰੀ ਸ਼ਿੱਦਤ ਨਾਲ ਨਿਭਾਇਆ। ਉਹ ਪੰਜਾਬੀ ਕੌਮ, ਮਜ਼ਦੂਰ ਜਮਾਤ ਦੀ ਧੀ ਸੀ ਜੋ ਕਿ ਦ੍ਰਿੜ, ਸਿਰੜੀ, ਸਖ਼ਤ ਮਿਹਨਤੀ, ਸੁਲਝੀ, ਇਨਕਲਾਬੀ, ਨਿਰਮਾਣ ਅਤੇ ਆਪਣੇ ਸਭਿਆਚਾਰ ਵਿਚ ਲੌਤ ਪੋਤ ਔਰਤ ਸੀ। ਉਹ ਜ਼ਿੰਦਗੀ ਭਰ ਸਮਾਜਿਕ ਬੁਰਾਈਆਂ ਖ਼ਿਲਾਫ਼ ਹੋ ਰਹੀ ਜੰਗ ਵਿਚ ਜੂਝਦੀ ਰਹੀ। ਉਨ੍ਹਾਂ ਦੇ ਸਾਰੇ ਗੁਣ ਸਾਡੀ ਯਾਦ ਵਿਚ ਵੱਸ ਕੇ ਸਾਡਾ ਮਾਰਗ ਦਰਸ਼ਨ ਕਰਦੇ ਰਹਿਣਗੇ।

## ਪ੍ਰਵਾਸੀ ਸ਼ਾਇਰ ਅਤੇ ਰੇਡੀਓ ਪੇਸ਼ਕਾਰ ਸੁਰਿੰਦਰ ਸਿੰਘ ਸਾਗਰ ਦਾ ਸਨਮਾਨ

ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵਲੋਂ ਪ੍ਰਵਾਸੀ ਸ਼ਾਇਰ ਅਤੇ ਰੇਡੀਓ ਪੇਸ਼ਕਾਰ ਸ. ਸੁਰਿੰਦਰ ਸਿੰਘ ਸਾਗਰ ਹੋਰਾਂ ਦਾ ਸਨਮਾਨ ਅਤੇ ਕਵੀ ਦਰਬਾਰ ਇੰਦਰਪ੍ਰਸਤ ਹੋਟਲ ਜਲੰਧਰ ਵਿਖੇ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸਰਵ ਸ੍ਰੀ ਲਖਵਿੰਦਰ ਜੌਹਲ, ਪ੍ਰੋਗਰਾਮ ਐਗਜ਼ੈਕਟਿਵ ਦੂਰਦਰਸ਼ਨ ਕੇਂਦਰ ਜਲੰਧਰ, ਕੁਲਦੀਪ ਸਿੰਘ ਬੇਦੀ (ਜੱਗ ਬਾਣੀ), ਸੁਰਿੰਦਰ ਸਿੰਘ ਸਾਗਰ, ਮੰਚ ਦੇ ਪ੍ਰਧਾਨ ਰਾਜਿੰਦਰ ਪਰਦੇਸੀ ਸੁਸ਼ੋਭਤ ਸਨ। ਸਭ ਤੋਂ ਪਹਿਲਾਂ ਵਿਛੜੇ ਲੇਖਕਾਂ ਸ. ਸੰਤੋਖ ਸਿੰਘ ਧੀਰ, ਸ੍ਰੀ ਰਾਮ ਸਰੂਪ ਅਣਖੀ, ਅਤੇ ਹਰਿੰਦਰ ਸਿੰਘ ਮਹਿਬੂਬ ਹੋਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਾਗਰ ਸਾਹਿਬ ਬਾਰੇ ਬੋਲਦਿਆਂ ਸ. ਕੁਲਦੀਪ ਸਿੰਘ ਬੇਦੀ ਹੋਰਾਂ ਕਿਹਾ ਕਿ ਇੰਗਲੈਂਡ ਵਿਚ ਪਿਛਲੇ ਕਈ ਦਹਾਕਿਆਂ ਤੋਂ ਸੈਟਲ ਹੋਣ ਦੇ ਬਾਵਜੂਦ ਇਹਨਾਂ ਦੀਆਂ ਜੜ੍ਹਾਂ ਪੰਜਾਬ ਵਿਚ ਹਨ। ਇਹ ਇਹਨਾਂ ਦੇ ਏਥੋਂ ਪ੍ਰਤੀ ਮੋਹ ਤੋਂ ਪ੍ਰਤੀਤ ਹੁੰਦਾ ਹੈ। ਉਹਨਾਂ ਸਾਗਰ ਸਾਹਿਬ ਨੂੰ ਪੰਜਾਬ ਫੇਰੀ ਲਈ ਵਧਾਈ ਦਿੱਤੀ। ਲਖਵਿੰਦਰ ਜੌਹਲ ਹੋਰਾਂ ਸਾਗਰ ਸਾਹਿਬ ਬਾਰੇ ਕਿਹਾ ਕਿ ਵਧੀਆ ਸ਼ਾਇਰ ਵਧੀਆ ਰੇਡੀਓ ਪੇਸ਼ਕਾਰ ਹੋਣ ਸਾਨੂੰ ਫਖ਼ਰ ਮਹਿਸੂਸ ਹੁੰਦਾ ਹੈ ਪਰ ਮੇਰੇ ਲਈ ਖ਼ੁਸ਼ੀ ਅਤੇ ਮਾਣ ਵਾਲੀ ਗੱਲ ਇਹ ਵੀ ਹੈ ਕਿ ਸਾਗਰ ਹੋਰੀਂ, ਚੰਨ ਜੰਡਿਆਲਵੀ ਹੋਰਾਂ ਦੇ ਛੋਟੇ ਭਾਈ ਹਨ ਅਤੇ ਮੇਰੇ ਪਿੰਡ ਦੇ ਹਨ। ਰਾਜਿੰਦਰ ਪਰਦੇਸੀ



Namdhari Elibrary NamdhariElibrary@gmail.com

ਹੋਰਾਂ ਕਿਹਾ ਕਿ ਸਾਗਰ ਸਾਹਿਬ ਦੀ ਇਹ ਖੂਬੀ ਹੈ ਕਿ ਇਹ ਬਗ਼ੈਰ ਕਿਸੇ ਜਾਣ ਪਛਾਣ ਦੇ ਵਧੀਆ ਸ਼ਾਇਰਾਂ ਨੂੰ ਤੇ ਉਹਨਾਂ ਦੇ ਕਲਾਮ ਨੂੰ ਆਪਣੇ ਰੇਡੀਓ ਪ੍ਰੋਗਰਾਮ ਵਿਚ ਸ਼ਾਮਿਲ ਕਰਦੇ ਰਹਿੰਦੇ ਹਨ। ਦੋ ਦਹਾਕੇ ਪਹਿਲਾਂ ਮੇਰੀ ਪੁਸਤਕ ਅੱਖਰ ਅੱਖਰ ਤਨਹਾਈ ਪੜ੍ਹ ਕੇ ਇਹਨਾਂ ਮੇਰੇ ਨਾਲ ਸੰਪਰਕ ਸਾਧਿਆ ਸੀ ਜੋ ਹੁਣ ਵੀ ਬਰਕਰਾਰ ਹੈ ਅਤੇ ਮੈਂ ਆਪਣੀ ਇੰਗਲੈਂਡ ਫੇਰੀ ਸਮੇਂ ਇਹਨਾਂ ਕੋਲ ਹੀ ਠਹਿਰਿਆ ਸੀ। ਇਸ ਮੌਕੇ ਤੇ ਸਾਗਰ ਹੋਰਾਂ ਆਪਣੀ ਕਵਿਤਾ ਨਾਲ ਹਾਜ਼ਰੀ ਲਵਾਉਂਦਿਆਂ ਕਿਹਾ ਕਿ ਲੰਮੇ ਸਮੇਂ ਬਾਅਦ ਵੀ ਪੰਜਾਬ ਆ ਕੇ ਮੈਨੂੰ ਏਥੇ ਆਪਣਾ ਆਪਣਾ ਮਹਿਸੂਸ ਹੋਇਆ ਅਤੇ ਇਉਂ ਲੱਗ ਰਿਹੈ ਕਿ ਓਧਰ ਅਸੀਂ ਕਈ ਦਹਾਕਿਆਂ ਤੋਂ ਪਰਾਹੁਣਿਆਂ ਵਾਂਗ ਰਹਿ ਰਹੇ ਹਾਂ। ਸਾਗਰ ਸਾਹਿਬ ਅਤੇ ਉਹਨਾਂ ਦੇ ਸ੍ਰੀਮਤੀ ਜਸਵਿੰਦਰ ਕੌਰ ਹੋਰਾਂ ਨੂੰ ਦੁਸ਼ਾਲਾ, ਮੋਮੈਂਟੋ ਅਤੇ ਪੁਸਤਕਾਂ ਦੇ ਸੈਟ ਨਾਲ ਸਨਮਾਨਤ ਕਰਨ ਉਪਰੰਤ ਹਾਜ਼ਿਰ ਸ਼ਾਇਰਾਂ ਨੇ ਆਪਣੇ ਆਪਣੇ ਕਲਾਮ ਨਾਲ ਹਾਜ਼ਰੀਨ ਨੂੰ ਸਰਸ਼ਾਰ ਕੀਤਾ ਜਿਨ੍ਹਾਂ ਵਿਚ ਸਰਵ. ਸ੍ਰੀ ਗੋਪਾਲ ਸਿੰਘ ਬੁੱਟਰ, ਹਰਫੂਲ ਸਿੰਘ, ਕੰਵਰ ਇਕਬਾਲ ਲਖਵਿੰਦਰ ਜੌਹਲ, ਸੁਰਿੰਦਰਜੀਤ ਕੌਰ, ਸੁਜਾਨ ਸਿੰਘ ਸੁਜਾਨ, ਆਸੀ ਈਸ਼ਪੁਰੀ, ਡਾ. ਕੀਰਤੀ ਕੇਸਰ, ਡਾ. ਕਮਲ ਭੱਲਾ, ਸੁਖਵੰਤ ਚਿਤਰਕਾਰ, ਜਸਪਾਲ ਜ਼ੀਰਵੀ ਮੰਚ ਦੇ ਜਨਰਲ ਸਕੱਤਰ ਕੁਲਵਿੰਦਰ ਫੁੱਲ, ਨਰਿੰਦਰ ਮਾਨਵ, ਬਿਕਰਮ ਸਿੰਘ ਬਿਕਰਮ, ਸਰਬਜੀਤ ਦਰਦੀ, ਦੀਪ ਦੂਹੜਾ, ਜਸਵਿੰਦਰ ਦੂਹੜਾ, ਸੁੱਚਾ ਸਿੰਘ ਦਾਗ, ਚੰਨ ਮੋਮੀ, ਡਾ. ਜਸਵੰਤ ਸਿੰਘ ਨੰਢਾ, ਜੰਗ ਬਹਾਦਰ ਸਿੰਘ ਘੁੰਮਣ, ਸੁਰਿੰਦਰਪਾਲ ਸਿੰਘ ਸੰਧੂ, ਕਾਲਾ ਮੱਲੀਆਂ ਵਾਲਾ, ਆਸ਼ੂ ਕੁਮਾਰ, ਭੁਪਿੰਦਰ ਉਸਤਾਦ, ਆਰਵਿੰਦ ਕੁਮਾਰ (ਜਿਸ ਨੇ ਬਿਹਾਰ ਦਾ ਹੋਣ ਤੇ ਵੀ ਖੂਬਸੂਰਤ ਪੰਜਾਬੀ ਨਜ਼ਮ ਪੜ੍ਹੀ)। ਸਮਾਗਮ ਦੀ ਸ਼ੋਭਾ ਵਧਾਉਣ ਵਾਲਿਆਂ ਵਿਚ, ਸਰਬ ਸ੍ਰੀ ਬਲਵੰਤ ਰੂਪਾਲ, ਸੁਖਵੰਤ ਪੱਟੀ ਸ਼ੋਭਾ ਘਈ, ਰੀਤੂ ਕਲਸੀ, ਬਲਦੇਵ ਸਲੋਤਰਾ ਦੂਰਦਰਸ਼ਨ, ਰਾਜਮੀਤ ਕੌਰ, ਮਰਹੂਮ ਸ਼ਾਇਰ ਬਲਵਿੰਦਰ ਰਿਸ਼ੀ ਦੇ ਭਰਾਤਾ ਰਾਜਿੰਦਰ ਰਿਸ਼ੀ, ਸ਼ਿਵ ਸੋਨਿਕ, ਸੁਭਾਸ਼ ਗੁਪਤਾ, ਪ੍ਰੀਤ ਜਲੰਧਰੀ, ਸੁਖਵਿੰਦਰ ਕੌਰ, ਰਚਨਜੀਤ ਕੌਰ, ਵਿਨੋਦ ਕੁਮਾਰ, ਜਤਿੰਦਰ ਚੋਪੜਾ, ਰਾਜੇਸ਼ ਕੁਮਾਰ, ਰਣਜੀਤ ਸੱਭਰਵਾਲ, ਜਤਿੰਦਰ ਮੋਹਨ ਵਿੱਗ (ਸੰਪ.) ਜਨਤਾ ਸੰਸਾਰ-ਸ਼ਾਮਿਲ ਸਨ।

***—ਕੁਲਵਿੰਦਰ ਫੁੱਲ***
*ਜਨਰਲ ਸਕੱਤਰ*
*ਸਾਹਿਤ ਕਲਾ ਅਤੇ ਸੱਭਿਆਚਾਰਕ*
*ਮੰਚ ਰਜਿ. ਜਲੰਧਰ*

# ਵਰਿਆਮ ਨੂੰ ਸਹਿਯੋਗ

| | |
|---|---|
| ਹਿਸਟੋਰੀਅਨ ਸ. ਜਸਵਿੰਦਰ ਸਿੰਘ ਜੀ ਵਲੋਂ ਮਾਤਾ ਹਰਬੰਸ ਕੌਰ ਨਮਿਤ ਪਾਠ ਦੇ ਭੋਗ-ਕੀਰਤਨ-ਸ਼ਰਧਾਂਜਲੀ ਸਮਾਰੋਹ ਮਿਤੀ ੨੦-੨-੧੦ ਸਮੇਂ ਵਰਿਆਮ ਸਹਾਇਤਾ | ੫੦੦ ਰੁਪੈ |
| ਜਥੇਦਾਰ ਸੇਵਾ ਸਿੰਘ ਜੀ ਦਿੱਲੀ ਵਲੋਂ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ | ੫੦੦ ਰੁਪੈ |
| ਸ. ਹਰਨਾਮ ਸਿੰਘ (ਹਰਜਿੰਦਰ ਸਿੰਘ ਰਾਗੀ) ਸਪੁੱਤਰ ਸੰਤ ਕਸ਼ਮੀਰ ਸਿੰਘ ਸ੍ਰੀ ਭੈਣੀ ਸਾਹਿਬ ਵੱਲੋਂ ਸਹਿਯੋਗ | ੩੦੦ ਰੁਪੈ |
| ਸੰਤ ਸੁੱਚਾ ਸਿੰਘ ਮਹੰਤ ਨਾਮਧਾਰੀ ਗੁਰਦੁਆਰ ਲੀਡਜ਼ ਇੰਗਲੈਂਡ | ੨੦ ਪੌਂਡ |
| ਸ. ਜੁਗਿੰਦਰ ਸਿੰਘ ਨਗਰੋਟਾ, ਪੋਤਰੇ ਨੂੰ ਅੰਮ੍ਰਿਤ ਛਕਾਉਣ ਦੀ ਖੁਸ਼ੀ ਵਿਚ ਰਾਹੀਂ ਸੂਬਾ ਕਰਤਾਰ ਸਿੰਘ ਹੇਠੀਆਂ | ੨੫੦ ਰੁਪੈ |
| ਸ. ਇਕ ਓਂਕਾਰ ਸਿੰਘ ਡੱਬਵਾਲੀ ਮੰਡੀ | ੧੦੦ ਰੁਪੈ |
| ਸ੍ਰੀ. ਪ੍ਰੀਤਮ ਸਿੰਘ ਕਵੀ ਜੀ ਦੇ ਸਪੁੱਤਰ ਸ੍ਰੀ. ਮਨਧੀਰ ਸਿੰਘ ਸੰਧੂ ਨੇ ਆਪਣੇ ਪੋਤਰਿਆਂ ਮਨਵਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ (ਸਪੁੱਤਰ ਸ. ਯਾਦਵਿੰਦਰ ਸਿੰਘ- ਮਨਦੀਪ ਕੌਰ) ਨੂੰ ਦਸਤਾਰ ਸਜਾਉਣ ਦੀ ਖੁਸ਼ੀ ਵਿਚ | ੫੦੦ ਰੁਪੈ |
| ਸ. ਸ਼ੀਤਲ ਸਿੰਘ ਨਾਮਧਾਰੀ ਟੇਲਰਜ਼ ਮੰਡੀ ਡੱਬਵਾਲੀ ਵੱਲੋਂ ਵਰਿਆਮ ਨੂੰ ਸਹਾਇਤਾ | ੨੦੦ ਰੁਪੈ |
| ਸ. ਅਜੈਬ ਸਿੰਘ ਨਾਮਧਾਰੀ ਟੇਲਰਜ਼ ਮੰਡੀ ਡੱਬਵਾਲੀ ਵੱਲੋਂ ਵਰਿਆਮ ਦੀ ਚੜ੍ਹੀ ਕਲਾ ਵਾਸਤੇ | ੨੦੦ ਰੁਪੈ |
| ਸ. ਗੁਰਦੇਵ ਸਿੰਘ ਗੋਰਾਇਆ ਬੁੱਢੀ ਮਾੜ੍ਹੀ (ਲਾਈਫ਼ ਮੈਂਬਰ) ਵੱਲੋਂ ਵਰਿਆਮ ਨੂੰ ਸਹਿਯੋਗ | ੫੦੦ ਰੁਪੈ |
| ਸ੍ਰੀ ਜੀਤ ਰਾਮ ਮਲ੍ਹੀ, ਜਲੰਧਰ, ਨਵੇਂ ਮਕਾਨ ਵਿਚ ਪਰਵੇਸ਼ ਸਮੇਂ | ੫੦੦ ਰੁਪੈ |
| ਸੂਬਾ ਜੁਗਿੰਦਰ ਸਿੰਘ ਜੀ ਨੇ ਆਪਣੇ ਗ੍ਰਹਿ ਵਿਖੇ ਅਖੰਡ ਪਾਠ ਦੇ ਭੋਗ, ਆਸਾ ਦੀ ਵਾਰ ਕੀਰਤਨ ਅਤੇ ਲੰਗਰ ਸਮੇਂ | ੨੦੦ ਰੁਪੈ |


Namdhari Elibrary NamdhariElibrary@gmail.com

# ਪ੍ਰਤੀਕਿਰਿਆ

ਆਦਰ ਤੇ ਪਿਆਰ ਸਹਿਤ ਗੁਰੂ ਫ਼ਤਹ ਪ੍ਰਵਾਨ ਕਰਨੀ। ਆਸ ਹੈ ਸਤਿਗੁਰਾਂ ਦੀ ਕ੍ਰਿਪਾ-ਬਖਸ਼ਿਸ਼ ਸਦਕਾ ਆਨੰਦ ਪ੍ਰਸੰਨ ਅਤੇ ਚੜ੍ਹਦੀਆਂ ਕਲਾਂ ਵਿੱਚ ਹੋਵੋਗੇ।

ਜਦੋਂ ਵੀ ਬਾਹਰੋਂ ਘੁੰਮ-ਫਿਰ ਕੇ ਘਰ ਪੁੱਜੀਦਾ ਹੈ ਤਾਂ ਇਕੱਤਰ ਹੋਈ ਡਾਕ ਵਿਚੋਂ 'ਵਰਿਆਮ' ਨੂੰ ਸ਼ਰਧਾ ਸਹਿਤ ਵਾਚਣਾ ਹਮੇਸ਼ਾ ਮੇਰੀ ਪਹਿਲੀ ਪਸੰਦ ਰਿਹਾ ਹੈ। ਬੜਾ ਕੁਝ ਨਵਾਂ ਤੇ ਨਰੋਆ ਪੜ੍ਹਨ ਨੂੰ ਮਿਲਦਾ ਹੈ। ਇਤਿਹਾਸਕ ਪੱਖ ਤੋਂ ਸ. ਸੁਵਰਨ ਸਿੰਘ ਵਿਰਕ ਜੀ ਦੇ ਲੇਖ ਆਪਣੀ ਮਿਸਾਲ ਆਪ ਹੁੰਦੇ ਹਨ। ਚਰਨ ਸੀਚੇਵਾ ਲਈ ਜੀ ਵੀ ਪੰਜਾਬੀ ਸ਼ੇਅਰਾਂ ਦਾ ਗੁਲਦਸਤਾ ਬੜੀ ਮਿਹਨਤ ਨਾਲ ਤਿਆਰ ਕਰ ਕੇ ਪਾਠਕਾਂ ਦੀ ਨਜ਼ਰ ਕਰਦੇ ਹਨ।

ਪਿਛਲੇ ਸਾਲ ਦੇ ਇਕ ਅੰਕ ਵਿਚ ਵਰਿਆਮ ਦਾ ਈ-ਮੇਲ ਐਡਰੈਸ ਪੜ੍ਹ ਕੇ ਉਸ ਉਤੇ ਕੁਝ ਕਾਵਿ-ਰਚਨਾਵਾਂ ਆਪ ਜੀ ਨੂੰ ਰਵਾਨਾ ਕਰ ਕੇ ਮੈਂ ਤਾਂ ਸੁਰਖ਼ਰੂ ਜਿਹਾ ਹੋ ਗਿਆ ਸਾਂ ਅਤੇ ਬੇਸਬਰੀ ਨਾਲ ਛਪਣ ਦਾ ਇੰਤਜ਼ਾਰ ਵੀ ਕਰਨ ਲੱਗ ਗਿਆ ਸਾਂ ਕਿ ਜਾਣਕਾਰੀ ਮਿਲੀ ਕਿ "monthly wariam yahoo.com" ਤੇ ਭੇਜੀਆਂ ਰਚਨਾਵਾਂ ਆਪ ਜੀ ਤੱਕ ਅੱਪੜੀਆਂ ਹੀ ਨਹੀਂ, ਇਹ ਐਡਰੈਸ ਵਰਤੋਂ ਵਿੱਚ ਨਹੀਂ ਰਿਹਾ। ਸੋ-ਕੁਝ ਨਜ਼ਮਾਂ ਤੁੱਟੀ-ਫੁੱਟੀ ਲਿਖਤ ਵਿਚ ਲਿਖ ਕੇ ਭੇਜ ਰਿਹਾ ਹਾਂ, ਯੋਗ ਸਮਝੋ ਤਾਂ ਛਾਪ ਦੇਣੀਆਂ।

* * *

ਵੀਰ ਜੀ, ਮਾਰਚ, ੧੦ ਦੇ 'ਵਰਿਆਮ' ਵਿਚ ਕੁਝ ਵਧੇਰੇ ਹੀ Mis prints ਨਜ਼ਰੀ ਪਈਆਂ ਹਨ। ਇਸ ਪੱਖ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਵਰਨਾ ਬਣਿਆ-ਬਣਾਇਆ image ਵਿਗੜ ਜਾਂਦਾ ਹੈ। ੩੫ ਸਾਲ ਦੀ ਕਰੜੀ ਮਿਹਨਤ ਅਤੇ ਘਾਲਣਾ ਨੂੰ ਪਰੂਫ-ਰੀਡਿੰਗ ਦੀ ਵਜਾਹ ਕਰਕੇ ਖੜੋਤ ਵੱਲ ਜਾਣ ਤੋਂ ਰੋਕਣ ਦੀ ਫੌਰੀ ਜ਼ਰੂਰਤ ਹੈ। ਮਿਸਾਲ ਵਜੋਂ ਟਾਈਟਲ ਪੰਨੇ ਉਤੇ ਹੀ ਇਤਿਹਾਸਕ ਹੋਲੇ ਮਹੱਲੇ ਦਾ ਸਾਲ ਸੰਨ ੧੯੬੭ ਦੀ ਥਾਂ ਸੰਨ ੧੯੬੭ ਈ. ਹੋ ਗਿਆ ਹੈ।

ਅੰਦਰ ਪੰਨਾ ੨ 'ਤੇ ਮੱਥਾ ਦੀ ਮੱਖਾ, ਵਿਛੋੜਾ ਦੀ ਥਾਂ 'ਵਿਛੇੜ'। ਪੰਨਾ ੩ 'ਤੇ ਪੁਰਸਕਾਰ ਦੀ ਥਾਂ ਪਰਸਕਾਰ', ਸ਼੍ਰੋਮਣੀ ਦੀ ਥਾਂ 'ਸ਼ੋਮਣੀ'। ਪੰਨਾ ੫ ਤੇ ਕਹਿਣ ਦੀ ਥਾਂ 'ਕਿਹਿਣ' ਸਾਰੇ ਦੀ ਥਾਂ 'ਸਾਹੇ', ਮੰਨਣ ਦੀ ਥਾਂ 'ਮਨੰਣ'। ਪੰਨਾ ੮ 'ਤੇ ਉਹਲੇ ਦੀ ਥਾਂ 'ਉਹਦੇ', ਆਦਿ ਮੁੱਖ ਤਰੁਟੀਆਂ ਹਨ।

ਇੰਜ ਹੀ ਪੰਨਾ ੨੩ 'ਤੇ ਸਰਗਰਮੀਆਂ ਦਾ ਥਾਂ 'ਸਰਗਮੀਆਂ', ਵਿਉਂਤ ਦੀ ਥਾਂ 'ਵਿਉਂ'ਤ', ਪ੍ਰੇਨਾ, ਕਲਪਾਨਾ, ਪੁਰੀ, ਸੱਕਤਰ, ਸਰਵੋਤਤਮ (ਪੰਨਾ ੨੪), ਮੁੱਕਤ, ਪਾਹੁੰਦੀ, ਹਾਊਲਾ (ਪੰਨਾ ੨੭) ਪੋਹਦੀਆ ਨਾ ਜਗ ਵਿ ਚਲਣ ਹਨੇਰੀਆਂ, ਗਾਹਵਾ (ਪੰਨਾ ੨੮), ਸ਼ਿਕਰਤ (ਪੰਨਾ ੪੦), ਬਰਤਾਨਵੀ ਬਤੀਵਾਦੀਆਂ (ਪੰਨਾ ੪੧), ਚਾਣਨਾ (੪੪) ਗਾਉ, ਚਾਣਨਾ, ਕੋਈ ਕੋਟ ਧੰਨਵਾਦ, ਸੇਵਾ ਕੀਤਾ, आसा की वारे, दिवाण, सुबेरे (४५)

ਪੰਨਾ ੪੪ ਉਤੇ ੧੯੫ਵਾਂ ਪ੍ਰਕਾਸ਼ ਪਰਵ ਅਤੇ ਪੰਨਾ ੪੫ ਉਤੇ ਹਿੰਦੀ ਵਿਚ ੧੧੫ਵਾਂ ਪ੍ਰਕਾਸ਼ ਉਤਸਵ ਦਰਜ ਹੈ।

ਥੋੜੇ ਲਿਖੇ ਨੂੰ ਜ਼ਿਆਦਾ ਜਾਣਨਾ ਅਤੇ ਗੁਸਤਾਖੀ ਲਈ ਖਿਮਾਂ ਵੀ ਕਰ ਦੇਣਾ।

*ਨਿਰਵੈਰ ਸਿੰਘ ਅਰਸ਼ੀ*
*੧/੧੩੫, ਮੁਹੱਲਾ ਕੇਸਗੜ੍ਹ*
*ਅਨੰਦਪੁਰ ਸਾਹਿਬ-੧੪੦੧੧੮*
*ਮਿਤੀ*
*ਮਾਰਚ ੮,੨੦੧੦*

* * *

ਵਰਿਆਮ ਨਿਰੰਤਰਤਾ ਨਾਲ ਛਪ ਰਿਹਾ ਹੈ ਅਤੇ ਵਕਤ ਸਿਰ ਪਹੁੰਚ ਵੀ ਰਿਹਾ ਹੈ। ਤੁਸੀਂ ਸੁਹਿਰਦਤਾ ਨਾਲ ਦੋਵੇਂ ਡਿਊਟੀਆਂ ਨਿਭਾ ਰਹੇ ਹੋ। ਕਾਮਯਾਬ ਵੀ ਹੋ।

ਹਰ ਨਵੇਂ ਅੰਕ ਵਿੱਚ ਨਵਾਂ ਕੁਝ ਪੜ੍ਹਨ ਨੂੰ ਮਿਲ ਜਾਂਦਾ ਹੈ। ਸਭ ਤੁਹਾਡੀ ਮਿਹਨਤ ਦਾ ਫਲ ਹੈ।

*—ਸਿਰੀ ਰਾਮ ਅਰਸ਼*

ਭਾਗਾਂ ਹੱਥ ਹੈ ਵਾਗ ਪਰਾਣੀਆਂ ਦੀ,
ਜਿਧਰ ਚਾਹੁੰਦੀ ਸਕਦੀ ਟੋਰ ਪਿਆਰੀ।
ਬੰਦਾ ਲੱਖ ਉਪਾ ਕਮਾ ਥੱਕੇ,
ਜਾਇ ਪੇਸ਼ ਨਾ ਜ਼ੋਰ ਤੋਂ ਰ ਪਿਆਰੀ

*—ਧਨੀ ਰਾਮ ਚਾਤ੍ਰਿਕ*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESTATE,

JAMMU CANTT.



Namdhari Elibrary NamdhariElibrary@gmail.com

# ਸੰਤ ਗੁਰਦੇਵ ਸਿੰਘ ਮਾਂਗਟ ਦਾ ਸ਼ਰਧਾਂਜਲੀ ਸਮਾਗਮ ਸ੍ਰੀ ਭੈਣੀ ਸਾਹਿਬ ਵਿਖੇ ੧੯ ਮਾਰਚ ੨੦੧੦ ਨੂੰ ਸੰਪੰਨ



ਪੌਣੀ ਸਦੀ ਤੋਂ ਵੱਧ ਸਮਾਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਕਟਤਾ ਮਾਨਣ ਵਾਲੇ ਉਹਨਾਂ ਦੇ ਵਿਸ਼ੇਸ਼ ਕ੍ਰਿਪਾ ਪਾਤਰ ਰਹੇ, ਸੰਤ ਗੁਰਦੇਵ ਸਿੰਘ ਮਾਂਗਟ ਨੇ ਪਿੰਡ ਰਾਮਪੁਰ ਨਜ਼ਦੀਕ ਦੋਰਾਹਾ ਦੇ ਸਾਬਕਾ ਸੈਨਿਕ ਸ. [illegible] ਸਿੰਘ ਮਾਂਗਟ ਅਤੇ ਮਾਤਾ ਹਰ ਕੌਰ ਦੇ ਘਰ ੧੫ ਨਵੰਬਰ ੧੯੧੫ ਈ. ਨੂੰ ਕਿਸਾਨ [illegible] ਵਿਖੇ, ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਦੇ ਬਚਨ ਨਾਲ ਜਨਮ [illegible] ਸੰਤਾਂ ਦਾ ਕਹਿਣਾ ਸੀ ਕਿ ਇਸ ਬੱਚੇ ਨੂੰ ਕਿਸੇ ਪੂਰਨ ਮਹਾਂਪੁਰਖ ਦੀ ਸੇਵਾ ਵਿਚ [illegible] ਹੋਵੇਗਾ। ਸੋ ੧੯੩੩ ਈ. ਵਿਚ ਮੈਟਰਿਕ ਕਰਨ ਉਪਰੰਤ ਉਹ ਸ੍ਰੀ ਭੈਣੀ ਸਾਹਿਬ [illegible] ਥੇ ਉਹਨਾਂ ਦੇ ਤਾਇਆ ਸੰਤ ਵੀਰ ਸਿੰਘ ਜਹਾਨ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ [illegible] ਸਨ । ਉਹ ਰਾਈਆਂ ਵਾਲੇ ਮੁਕਦਮੇ ਵਿਚ, ਵੀਰਮ ਦਾਸ ਦੇ ਨਾਂ ਤੇ, ਮੋਤੀ ਦਾਸ [illegible] ਭ੍ਰਿਸ਼ਟ ਆਚਰਨ ਵਾਲੇ ਵਿਅਕਤੀ ਦਾ ਕਈ ਸਾਲ ਕਨੂੰਨੀ ਤੌਰ ਤੇ ਵਿਰੋਧ ਕਰਦੇ ਰਹੇ ਸਨ, ਕਿਉਂ ਜੋ ਪਹਿਲਾ ਸਾਧ ਧਰਮ ਦਾਸ ਭਲੇ ਜੀਵਨ ਕਾਰਨ, ਵੀਰਮ ਦਾਸ ਨੂੰ ਹੀ ਪਸੰਦ ਕਰਦਾ ਸੀ। ਤਾਏ ਨੂੰ ਮਿਲਣ ਆਇਆ ਯੁਵਾ ਗੁਰਦੇਵ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਦੇ ਸਨੇਹ ਪਾਸ਼ ਵਿਚ ਐਸਾ ਬੱਝਾ ਕਿ ਟਿਕਾਣਾ ਭੈਣੀ ਸਾਹਿਬ ਹੀ ਕਰ ਲਿਆ। ਸਤਿਗੁਰੂ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਨੂੰ ਇਥੇ ਸਥਾਪਿਤ ਨਾਮਧਾਰੀ ਵਿਦਿਆਲੇ ਵਿਚ ਹੋਰ ਬੱਚਿਆਂ ਨਾਲ ਅੰਗਰੇਜ਼ੀ ਵੀ ਪੜ੍ਹਾਈ। ਬਿਜਲੀ ਦਾ ਕੰਮ ਸਿੱਖਿਆ। ਮੋਟਰ ਡਰਾਇਵਰੀ, ਮਕੈਨਕੀ ਸਿਖੀ ਅਤੇ ਕਿਸੇ ਸਮੇਂ ਹਵਾਈ ਜਹਾਜ਼ ਵੀ ਉਡਾਇਆ। ਉਹ ੧੯੩੩ ਤੋਂ ੧੯੫੯ ਈ. ਤੱਕ ਸਤਿਗੁਰੂ ਪ੍ਰਤਾਪ ਸਿੰਘ ਅਤੇ ਉਸ ਤੋਂ ਬਾਦ ੧੯੬੬ ਤੱਕ ਸਤਿਗੁਰੂ ਜਗਜੀਤ ਸਿੰਘ ਜੀ ਦਾ ਡਰਾਇਵਰ, ਹਜ਼ੂਰੀ ਸੇਵਕ, ਸਕੱਤਰ ਵਿਭੰਨ ਜ਼ਿੰਮੇਵਾਰੀਆਂ ਨਿਭਾਹੁੰਦੇ ਰਹੇ। ਫਿਰ ਉਹ ਕੁਝ ਸਮੇਂ ਬਾਦ ਕੈਨੇਡਾ ਜਾ ਵੱਸੇ। ਉਹਨਾਂ ਦੇ ਦੋ ਅਨੰਦ ਕਾਰਜ ਸਨ। ਪਹਿਲੀ ਸਿੰਘਣੀ ਗੁਰਦਿਆਲ ਕੌਰ ਗਿਦੜੀ ਬਿਲਾਸਪੁਰ ਪਿੰਡ ਦੀ ਸੀ। ਉਸ ਦੇ ਨਿਸਸੰਤਾਨ ਚਲਾਣੇ ਬਾਦ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਮੇ ਸੂਬਾ ਨਾਹਰ ਸਿੰਘ ਜੀ ਪੁਤਰੀ ਬੀਬੀ ਗੁਰਦਿਆਲ ਕੌਰ ਜੋ ਸ. ਰਜਿੰਦਰ ਸਿੰਘ (ਪੰਡਿਤ) ਗੁਰੂ ਸਰ ਪ੍ਰਸਿੱਧ ਗਲਪ ਲੇਖਕ ਦੀ ਭੈਣ ਸੀ, ਨਾਲ ਅਨੰਦ ਕਾਰਜ ਹੋਇਆ।

ਸੰਤ ਜੀ ਦੇ ਤਿੰਨ ਪੁੱਤਰ ਅਤੇ ਦੋ ਪੁੱਤਰੀਆਂ ਸੰਤਾਨ ਹੋਈ। ਵੱਡੀ ਪੁੱਤਰੀ ਗੁਰਤੇਜ ਕੌਰ ਪਤਨੀ ਸੰਤ ਰਣਜੀਤ ਸਿੰਘ ਬਾਜਵਾ ਦੇ ਘਰ ਉਹ ੫ ਕੁ ਸਾਲ ਪਹਿਲਾਂ ਸਿੰਘਣੀ ਦੀ ਚੜ੍ਹਾਈ ਬਾਅਦ ਚਲੇ ਗਏ ਅਤੇ ਕੈਨੇਡਾ ਵਿਚ ਹੀ ਜਿੱਥੇ ਛੋਟੇ ਪੁੱਤਰ ਹਰਵਿੰਦਰ ਸਿੰਘ ਅਤੇ ਸੁੱਖਜੀਤ ਸਿੰਘ ਰਹਿੰਦੇ ਹਨ ੧੮ ਫਰਵਰੀ ੨੦੧੦ ਨੂੰ ਜੀਵਨ ਯਾਤਰਾ ਸੰਪੂਰਨ ਕਰ ਗਏ। ਵੱਡਾ ਸਪੁੱਤਰ ਸ. ਅਵਤਾਰ ਸਿੰਘ ਮਾਂਗਟ ਆਈ. ਜੀ. (ਰੀਟਾਇਰਡ) ਬੀ. ਐਸ. ਐਫ. ਦਿਲੀ ਰਹਿੰਦਾ ਹੈ। ਸਸਕਾਰ ਅਤੇ ਇਕ ਭੋਗ ਕੈਨੇਡਾ ਦੇ ਟੋਰਾਂਟੋ ਵਿਖੇ ਅਤੇ ਦੁਬਾਰਾ ਭੋਗ ੧੯ ਮਾਰਚ ਨੂੰ ਉਹਨਾਂ ਦੀ ਕ੍ਰਮ ਭੂਮੀ ਸ੍ਰੀ ਭੈਣੀ ਸਾਹਿਬ ਵਿਖੇ ਬਾਲ ਸਖਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਿਆ। ਜਿੱਥੇ ਉਹਨਾਂ ਦੇ ਪਰਿਵਾਰਕ ਸਬੰਧੀ, ਸੱਜਣ ਮਿੱਤਰ, ਭਾਈਚਾਰਾ ਅਤੇ ਨਾਮਧਾਰੀ ਸੰਗਤ ਦਾ ਇਕ ਪ੍ਰਤੀਨਿਧ ਇਕੱਠ ਸੀ। ਮਾਂਗਟ ਸਾਹਿਬ ਦੀਆਂ ਡਾਇਰੀਆਂ ਤੇ ਆਧਾਰਿਤ ਉਹਨਾਂ ਦੇ ਜੀਵਨ ਸਮਾਚਾਰਾਂ ਬਾਰੇ ਸ. ਸੰਤ ਸਿੰਘ ਦਿੱਲੀ ਨਿਵਾਸੀ ਨੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਦੋ ਪੁਸਤਕਾਂ ਛਪਾਉਣ ਦਾ ਪੁੰਨ ਲਾਹਾ ਲੈ ਕੇ ਮਿੱਤਰ ਰਿਣ ਤੋਂ ਉਤੀਰਣ ਹੋਏ ਹਨ। ਅੰਗਰੇਜ਼ੀ ਪੁਸਤਕ "ਦਾ ਬਲੈਸੱਡ ਡਿਸਾਈਪਲ" ਦਾ ਵਿਮੋਚਨ ਸ. ਅਵਤਾਰ ਸਿੰਘ ਮਾਂਗਟ ਨੇ ਭੋਗ ਉਪਰੰਤ ਲੇਖਕ ਅਤੇ ਹੋਰ ਵਿਦਵਾਨਾਂ ਦੇ ਨਾਲ ਕੀਤਾ।

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
April 2010





ਉਪਰ : ਸੰਤ ਗੁਰਦੇਵ ਸਿੰਘ ਮਾਂਗਟ ਬਾਰੇ ਅੰਗਰੇਜ਼ੀ ਪੁਸਤਕ "ਦਾ ਬਲੈਸਡ ਡੀਸਾਈਪਲ" ਰੀਲੀਜ਼ ਕਰਦੇ ਹੋਏ ਸ. ਅਵਤਾਰ ਸਿੰਘ ਮਾਂਗਟ। ਉਹਨਾਂ ਨਾਲ ਖੜੇ ਹਨ ਲੇਖਕ ਸੰਤ ਸਿੰਘ ਜੀ, ਸ. ਰਣਜੀਤ ਸਿੰਘ ਬਾਜਵਾ, ਸੂਬਾ ਬਲਵਿੰਦਰ ਸਿੰਘ ਝੱਲ, ਸ. ਗੁਰਮੁੱਖ ਸਿੰਘ ਅਨੇਜਾ ਆਦਿਕ......
ਹੇਠਾਂ : ਸ਼ਰਧਾਂਜਲੀ ਭੇਟ ਕਰਦੇ ਹੋਏ— ਸੁਵਰਨ ਸਿੰਘ ਵਿਰਕ, ਸ. ਸੰਤ ਸਿੰਘ, ਸ. ਸਵਰਨ ਸਿੰਘ ਸਨੇਹੀ ਅਤੇ ਸੰਤ ਹਰਪਾਲ ਸਿੰਘ ਸੇਵਕ

→ ਸਵੇਰੇ ਹਜ਼ੂਰੀ ਰਾਗੀ ਜਥੇ ਨੇ "ਆਸਾ ਦੀ ਵਾਰ" ਵਿਚ ਆਪ ਨੂੰ ਸਮਰਪਿਤ ਸ਼ਬਦ "ਜਾ ਕੀ ਪ੍ਰੀਤ ਗੋਬਿੰਦ ਸਿਉਂ ਲਾਗੀ" ਆਦਿ ਸ਼ਬਦਾਂ ਦੇ ਗਾਇਨ ਨਾਲ ਕਰੁਣਾ ਮਈ ਮਾਹੌਲ ਨੂੰ ਵਿਸਮਾਦੀ ਬਣ ਦਿੱਤਾ। ਭੋਗ ਦੇ ਸਲੋਕ ਮਾਸਟਰ ਦਰਸ਼ਨ ਸਿੰਘ ਜੀ ਨੇ ਪੜ੍ਹੇ। ਅਰਦਾਸ ਸੰਤ ਮਹਿੰਦਰ ਸਿੰਘ ਪੂਰਬਾ ਨੇ ਕੀਤੀ ਉਪਰੰਤ ਹਜ਼ੂਰੀ ਰਾਗੀਆਂ ਸਰਵ ਸ੍ਰੀ ਹਰਬੰਸ ਸਿੰਘ ਘੁੱਲਾ, ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਦਵਿੰਦਰ ਸਿੰਘ, ਪਰਭਜੀਤ ਸਿੰਘ, ਸ਼ਾਮ ਸਿੰਘ ਕਰਮ ਸਿੰਘ ਹੋਰਾਂ "ਸੇਵਕ ਕੀ ਓੜਕ ਨਿਬਹੀ ਪ੍ਰੀਤ" ਅਤੇ "ਗੁਰਮੁਖ ਜਨਮੁ ਸਵਾਰ ਦਰਗਹਿ ਚਲਿਆ" ਸ਼ਬਦਾਂ ਦੇ ਤੰਤੀ ਸਾਜ਼ਾਂ ਨਾਲ ਗਾਇਨ ਨਾਲ ਰੰਗ ਬੱਧਾ। ਸੂਬਾ ਬਲਵਿੰਦਰ ਸਿੰਘ ਝੱਲ ਦੇ ਮੰਚ ਸੰਚਾਲਨ ਹੇਠ ਸੰਤ ਹਰਪਾਲ ਸਿੰਘ ਸੇਵਕ, ਕਾਮ. ਸੁਵਰਨ ਸਿੰਘ ਵਿਰਕ, ਸੁਵਰਨ ਸਿੰਘ ਸਨੇਹੀ, ਗੁਰਮੁੱਖ ਸਿੰਘ ਅਨੇਜਾ, ਸੰਤ ਸਿੰਘ ਦਿੱਲੀ, ਜੱਥੇਦਾਰ ਨਿਰੰਜਨ ਸਿੰਘ ਟਮਕੌਦੀ, ਮਾ. ਅਮਰੀਕ ਸਿੰਘ, ਵਚਿੱਤਰ ਸਿੰਘ ਟੋਰਾਂਟੋ ਨੇ ਸ਼ਰਧਾ ਪੁਸ਼ਪ ਭੇਟ ਕੀਤੇ। ਮਾਂਗਟ ਜੀ ਦੇ ਜੀਵਨ ਤੇ ਸਵਿਸਥਾਰ ਚਰਚਾ ਜੱਥੇਦਾਰ ਗੁਰਦੀਪ ਸਿੰਘ ਨੇ ਦੀਵਾਨ ਵਿੱਚ ਕੀਤੀ।

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289
Namdhari Elibrary NamdhariElibrary@gmail.com